28-MAR-PAGE-1.qxd 3/27/2023 10:05 PM Page 1

ਮੰਗਲਵਾਰ, 28 ਮਾਰਚ, 2023
15 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 296

# ਨਵਾਂ ਜ਼ਮਾਨਾ

DAILY NAWAN ZAMANA • TUESDAY, 28 MARCH, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

# ਇਸਰਾਈਲ 'ਚ ਤਾਨਾਸ਼ਾਹੀ ਖਿਲਾਫ਼ ਜ਼ਬਰਦਸਤ ਉਭਾਰ

**ਤੇਲ ਅਵੀਵ** : ਨਿਆਂ ਪਾਲਿਕਾ ਨੂੰ ਬਾਂਦੀ ਬਣਾਉਣ ਲਈ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਨਿਆਂ ਪਾਲਿਕਾ ਸੁਧਾਰ ਬਿੱਲ ਖਿਲਾਫ ਮਹੀਨਿਆਂ ਤੋਂ ਚੱਲ ਰਹੇ ਅੰਦੋਲਨ 'ਚ ਅਚਾਨਕ ਤੇਜ਼ੀ ਆ ਗਈ, ਜਦੋਂ ਪੂਰਾ ਇਸਰਾਈਲ ਸੜਕਾਂ 'ਤੇ ਆ ਗਿਆ। ਟੀਚਰ ਤੇ ਡਾਕਟਰ ਵੀ ਕੰਮ ਛੱਡ ਕੇ ਪ੍ਰਦਰਸ਼ਨਾਂ 'ਚ ਸ਼ਾਮਲ ਹੋ ਗਏ। ਤੇਲ ਅਵੀਵ ਹਵਾਈ ਅੱਡੇ ਦੇ ਸਾਰੇ ਮੁਲਾਜ਼ਮ ਵੀ ਹੜਤਾਲ 'ਤੇ ਚਲੇ ਗਏ ਹਨ। ਨਤੀਜੇ ਵਜੋਂ ਉਡਾਣਾਂ ਰੋਕਣੀਆਂ ਪਈਆਂ ਹਨ।

ਨੇਤਨਯਾਹੂ ਵੱਲੋਂ ਰੱਖਿਆ ਮੰਤਰੀ ਯੋਆਵ ਗੈਲੈਂਟ ਨੂੰ ਬਰਖਾਸਤ ਕਰਨ ਤੋਂ ਬਾਅਦ ਲੋਕਾਂ 'ਚ ਗੁੱਸਾ ਵਧ ਗਿਆ ਹੈ। ਯੋਆਵ ਨੇ ਸ਼ਨੀਵਾਰ ਟੀ ਵੀ ਪ੍ਰੋਗਰਾਮ 'ਚ ਕਿਹਾ ਸੀ ਕਿ ਦੇਸ਼ ਦੀ ਨਿਆਂ ਪਾਲਿਕਾ ਨੂੰ ਕਮਜ਼ੋਰ ਕਰਨ ਲਈ ਜਿਹੜਾ ਬਿੱਲ ਲਿਆਂਦਾ ਗਿਆ ਹੈ, ਉਸ ਨਾਲ ਫੌਜ 'ਚ ਵੀ ਫੁਟ ਪੈ ਰਹੀ ਹੈ। ਇਸ ਨਾਲ ਦੇਸ਼ ਦੀ ਸੁਰੱਖਿਆ ਨੂੰ ਖਤਰਾ ਹੈ। ਸਰਕਾਰ ਨੂੰ ਆਪੋਜ਼ੀਸ਼ਨ ਨਾਲ ਬੈਠ ਕੇ ਗੱਲ ਕਰਨੀ ਚਾਹੀਦੀ ਹੈ। ਐਤਵਾਰ ਲੱਖਾਂ ਲੋਕ ਸੜਕਾਂ 'ਤੇ ਉਤਰੇ ਤੇ ਨੇਤਨਯਾਹੂ ਤੋਂ ਬਿੱਲ ਵਾਪਸ ਲੈਣ ਦੀ ਮੰਗ ਕੀਤੀ। ਲੋਕਾਂ ਨੇ ਰਾਜਧਾਨੀ ਤੇਲ ਅਵੀਵ ਦੇ ਮੇਨ ਹਾਈਵੇ ਨੂੰ ਬਲਾਕ ਕਰ ਦਿੱਤਾ। ਨੇਤਨਯਾਹੂ ਦੇ ਨਿੱਜੀ ਘਰ ਦੇ ਬਾਹਰ ਵੀ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀ ਪੁਲਸ ਨਾਲ ਝੜਪ ਵੀ ਹੋ ਗਈ। ਪ੍ਰਦਰਸ਼ਨਕਾਰੀਆਂ ਨੇ ਥਾਲੀਆਂ ਖੜਕਾਈਆਂ ਤੇ ਹਾਈਵੇ 'ਤੇ ਅੱਗਾਂ ਲਾਈਆਂ।

ਇਕ ਪ੍ਰਦਰਸ਼ਨਕਾਰੀ ਨੇ ਬੀ ਬੀ ਸੀ ਨੂੰ ਦੱਸਿਆ ਕਿ ਨੇਤਨਯਾਹੂ ਨੇ ਲੋਕਤੰਤਰ ਨੂੰ ਖਤਰੇ 'ਚ ਪਾਉਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਮਾਮਲਾ ਵਧਦਾ ਦੇਖ ਕੇ ਅਮਰੀਕੀ ਵ੍ਹਾਈਟ ਹਾਊਸ ਦੀ ਤਰਜਮਾਨ ਨੇ ਕਿਹਾ ਕਿ ਇਸਰਾਈਲ ਨੂੰ ਛੇਤੀ ਤੋਂ ਛੇਤੀ ਮਾਮਲੇ ਦਾ ਹੱਲ ਕੱਢਣਾ ਚਾਹੀਦਾ ਹੈ। ਨੇਤਨਯਾਹੂ ਨੇ ਗੱਠਜੋੜ 'ਚ ਸ਼ਾਮਲ ਪਾਰਟੀਆਂ ਨਾਲ ਸੋਮਵਾਰ ਮੀਟਿੰਗ ਕਰਨੀ ਸੀ, ਜਿਸ 'ਚ ਸਰਕਾਰ ਦਾ ਰੁਖ



ਸਾਫ ਹੋ ਜਾਵੇਗਾ। ਆਪੋਜ਼ੀਸ਼ਨ ਦੇ ਆਗੂ ਯੇਰ ਲੈਪਿਡ ਨੇ ਕਿਹਾ ਕਿ ਨੇਤਨਯਾਹੂ ਰੱਖਿਆ ਮੰਤਰੀ ਨੂੰ ਬਰਖਾਸਤ ਕਰ ਸਕਦੇ ਹਨ, ਪਰ ਇਸ ਨਾਲ ਹਕੀਕਤ ਨਹੀਂ ਬਦਲੇਗੀ।

ਜਨਵਰੀ 'ਚ ਇਸਰਾਈਲ ਸਰਕਾਰ ਨੇ ਇਕ ਮਤਾ ਪਾਸ ਪੇਸ਼ ਕੀਤਾ ਸੀ, ਜਿਸ ਦੇ ਸੰਸਦ 'ਚ ਪਾਸ ਹੋਣ ਨਾਲ ਸੰਸਦ ਨੂੰ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਪਲਟਣ ਦਾ ਅਧਿਕਾਰ ਮਿਲ ਜਾਵੇਗਾ। ਇਸ ਨੂੰ 'ਓਵਰਰਾਈ' ਬਿੱਲ ਦਾ ਨਾਂਅ ਦਿੱਤਾ ਗਿਆ ਹੈ। ਬਿੱਲ ਪਾਸ ਹੋਣ 'ਤੇ ਸੰਸਦ 'ਚ ਜਿਸ ਕੋਲ ਬਹੁਮਤ ਹੋਵੇਗਾ, ਉਹ ਸੁਪਰੀਮ ਕੋਰਟ ਦੇ ਫੈਸਲੇ ਪਲਟ ਦਿਆ ਕਰੇਗਾ। ਲੋਕਾਂ ਦੀ ਸੋਚ ਹੈ ਕਿ ਇਸ ਨਾਲ ਲੋਕਤੰਤਰ ਤੇ ਸੁਪਰੀਮ ਕੋਰਟ ਕਮਜ਼ੋਰ ਹੋਵੇਗੀ। ਨਵੇਂ ਬਿੱਲ ਨਾਲ ਸਰਕਾਰਾਂ ਜੱਜਾਂ ਦੀ ਨਿਯੁਕਤੀ 'ਚ ਦਖਲ ਦੇ ਸਕਦੀਆਂ ਹਨ। ਇਸ ਨਾਲ ਸਹੀ ਤੇ ਨਿਰਪੱਖ ਫੈਸਲੇ ਲੈਣ ਦੀ ਨਿਆਂ ਪਾਲਿਕਾ ਦੀ ਤਾਕਤ ਘੱਟ ਜਾਵੇਗੀ। ਇਸ ਬਿੱਲ ਨੇ ਇਸਰਾਈਲ ਨੂੰ ਇਕ ਤਰ੍ਹਾਂ ਨਾਲ ਦੋ ਹਿੱਸਿਆਂ 'ਚ ਵੰਡ ਦਿੱਤਾ ਹੈ। ਇਸਰਾਈਲੀ ਫੌਜ ਦੀ ਰੀੜ੍ਹ ਮੰਨੇ ਜਾਣ ਵਾਲੇ ਰਿਜ਼ਰਵਿਸਟ (ਫੌਜ ਨੂੰ ਸੇਵਾ ਦੇਣ ਵਾਲੇ ਆਮ ਨਾਗਰਿਕ) ਨੇ ਕਿਹਾ ਹੈ ਕਿ ਉਹ ਫੌਜ ਨੂੰ ਸੇਵਾ ਦੇਣ ਤੋਂ ਇਨਕਾਰ ਕਰ ਸਕਦੇ ਹਨ। ਇਸ ਬਿੱਲ ਦਾ ਪੁਲਸ ਅਧਿਕਾਰੀ ਤੇ ਬਿਜ਼ਨਸਮੈਨ ਵੀ ਵਿਰੋਧ ਕਰ ਰਹੇ ਹਨ। 12 ਮਾਰਚ ਨੂੰ ਤੇਲ ਅਵੀਵ 'ਚ ਪ੍ਰੋਟੈਸਟ 'ਚ ਪੁਲਸ ਮੁਖੀ ਐਮੀਸ਼ਾਈ ਅਸ਼ੇਦ ਨੇ ਵੀ ਸ਼ਾਮਲ ਹੋ ਕੇ ਸਰਕਾਰ ਨੂੰ ਝਟਕਾ ਦਿੱਤਾ ਸੀ। ਲੋਕਾਂ ਨੇ ਉਨ੍ਹਾ ਦਾ ਤਾੜੀਆਂ ਨਾਲ ਸਵਾਗਤ ਕੀਤਾ ਸੀ। ਹਾਲਾਂਕਿ ਸਰਕਾਰ ਨੇ ਬਾਅਦ 'ਚ ਉਨ੍ਹਾ ਦੀ ਬਦਲੀ ਕਰ ਦਿੱਤੀ ਸੀ। ਇਸੇ ਦੌਰਾਨ ਇਸਰਾਈਲ ਦੇ ਰਾਸ਼ਟਰਪਤੀ ਇਸਹਾਕ ਹਰਜੋਗ ਨੇ ਨੇਤਨਯਾਹੂ ਨੂੰ ਅਪੀਲ ਕੀਤੀ ਹੈ ਕਿ ਉਹ ਨਿਆਂ ਪਾਲਿਕਾ 'ਚ ਬਦਲਾਅ ਕਰਨ ਦੀ ਆਪਣੀ ਵਿਵਾਦਿਤ ਯੋਜਨਾ ਨੂੰ ਤੁਰੰਤ ਰੋਕ ਦੇਣ। ਰਾਸ਼ਟਰਪਤੀ ਨੇ ਰੱਖਿਆ ਮੰਤਰੀ ਨੂੰ ਬਰਖਾਸਤ ਕਰਨ ਤੋਂ ਬਾਅਦ ਇਹ ਅਪੀਲ ਕੀਤੀ ਹੈ।

## ਫਸਲਾਂ ਦੀ ਬਰਬਾਦੀ ਦਾ ਉਚਿਤ ਮੁਆਵਜ਼ਾ ਤੁਰੰਤ ਦਿੱਤਾ ਜਾਵੇ : ਸੀ ਪੀ ਆਈ

**ਚੰਡੀਗੜ੍ਹ** : ਇਸ ਵਾਰ 29 ਫੀਸਦੀ ਵਰਖਾ ਵਧੇਰੇ ਹੋਣ ਨਾਲ ਕਈ ਇਲਾਕਿਆਂ ਵਿਚ ਫਸਲਾਂ ਬੁਰੀ ਤਰ੍ਹਾਂ ਬਰਬਾਦ ਹੋ ਗਈਆਂ ਹਨ ਤੇ ਕਈ ਥਾਵਾਂ 'ਤੇ ਘਰ ਵੀ ਢਹਿ-ਢੇਰੀ ਹੋ ਗਏ ਹਨ। ਸਰਕਾਰ ਵੱਲੋਂ 75 ਫੀਸਦੀ ਜਾਂ ਪੂਰੀ ਬਰਬਾਦ ਹੋਈ ਫਸਲ ਦਾ ਮੁਆਵਜ਼ਾ 15 ਹਜ਼ਾਰ ਰੁਪਏ ਪ੍ਰਤੀ ਏਕੜ, 33 ਫੀਸਦੀ ਤੋਂ 25 ਫੀਸਦੀ ਤੱਕ 6750, ਖੇਤ ਮਜ਼ਦੂਰ ਨੂੰ ਨੁਕਸਾਨ ਦਾ 10 ਫੀਸਦੀ ਭੁਗਤਾਨ ਕਰਨ ਦਾ ਐਲਾਨ ਕੀਤਾ ਹੈ ਅਤੇ ਘਰ ਦੇ ਪੂਰੇ ਢਹਿ ਜਾਣ ਦਾ 95100 ਰੁਪਏ ਅਤੇ ਥੋੜ੍ਹੇ ਨੁਕਸਾਨ ਦਾ 5200 ਰੁਪਏ ਹੈ।

ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਜੇਕਰ ਨੁਕਸਾਨ 50 ਫੀਸਦੀ ਤੋਂ ਜ਼ਿਆਦਾ ਹੈ ਤਾਂ ਪ੍ਰਤੀ ਏਕੜ ਮੁਆਵਜ਼ਾ 60 ਹਜ਼ਾਰ ਤੋਂ ਘੱਟ ਨਹੀਂ ਚਾਹੀਦਾ ਤੇ 50 ਫੀਸਦੀ ਘੱਟ ਨੁਕਸਾਨ 'ਤੇ 30 ਹਜ਼ਾਰ ਰੁਪਏ ਪ੍ਰਤੀ ਏਕੜ ਹੋਣਾ ਚਾਹੀਦਾ ਹੈ। ਉਹਨਾ ਆਖਿਆ ਕਿ ਛੋਟੇ ਕਿਸਾਨਾਂ ਨੇ ਕਰਜ਼ਾ ਚੁੱਕ ਕੇ ਬੀਜਾਈ ਕੀਤੀ ਸੀ, ਉਹਨਾਂ ਦਾ ਕੁਝ ਵੀ ਨਹੀਂ ਬਚਿਆ ਤੇ ਖੇਤ ਮਜ਼ਦੂਰਾਂ ਨੂੰ ਵੀ ਕਾਫੀ ਘੱਟ ਮੁਆਵਜ਼ਾ ਮਿਲਣਾ ਹੈ। ਸਾਥੀ ਬਰਾੜ ਨੇ ਮੰਗ ਕੀਤੀ ਕਿ ਗਿਰਦਾਵਰੀ ਵੀ ਤੁਰੰਤ ਕੀਤੀ ਜਾਵੇ ਅਤੇ ਇਹ ਹਰ ਤਰ੍ਹਾਂ ਨਾਲ ਉਚਿਤ ਹੋਣੀ ਚਾਹੀਦੀ ਹੈ ਅਤੇ ਨੁਕਸਾਨ ਦੀ ਭਰਪਾਈ ਵੀ ਤੁਰੰਤ ਹੋਣੀ ਚਾਹੀਦੀ ਹੈ। ਉਹਨਾ ਆਖਿਆ ਕਿ ਮਾਹਰਾਂ ਅਨੁਸਾਰ ਅਜੇ ਸਿਰਫ ਅੱਧੀ ਤੋਂ ਘੱਟ ਫਸਲ ਦੀ ਗਿਰਦਾਵਰੀ ਹੀ ਹੋ ਸਕੀ ਹੈ। ਟੋਟਲ 34.90 ਲੱਖ ਹੈਕਟੇਅਰ ਵਿਚੋਂ ਸਿਰਫ 16 ਲੱਖ ਹੈਕਟੇਅਰ ਦੀ ਹੀ ਹੋਈ ਹੈ।

ਉਹਨਾ ਆਖਿਆ ਕਿ ਢੁਕਵੀਂ ਅਤੇ ਕਿਸਾਨ-ਪੱਖੀ

### ■ ਫਸਲ-ਬੀਮਾ ਯੋਜਨਾ ਲਾਗੂ ਕੀਤੀ ਜਾਵੇ

ਫਸਲ ਬੀਮਾ ਯੋਜਨਾ ਜ਼ਰੂਰੀ ਹੋ ਗਈ ਹੈ, ਜਦੋਂ ਆਏ ਸਾਲ ਹੀ ਕਿਸਾਨ ਬੇਮੌਸਮੀ ਬਰਸਾਤ ਨਾਲ ਬਰਬਾਦੀ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਉਚਿਤ ਫਸਲ ਬੀਮਾ ਯੋਜਨਾ ਅਤੇ ਮੁਆਵਜ਼ੇ ਦੀ ਘਾਟ ਕਾਰਨ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਕਰਜ਼ੇ ਦਾ ਭਾਰ ਲਗਾਤਾਰ ਵਧਣ ਕਰਕੇ ਅਨੇਕਾਂ ਪਰਵਾਰ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਹੋ ਜਾਂਦੇ ਹਨ। ਕੇਂਦਰ ਵੱਲੋਂ ਪਹਿਲਾਂ ਬਣਾਈਆਂ ਫਸਲ ਯੋਜਨਾਵਾਂ ਅਨੁਸਾਰ ਕੰਪਨੀਆਂ ਨੇ ਫਰਾਡਾਂ ਰਾਹੀਂ ਆਪਣੇ ਹੀ ਘਰ ਭਰੇ ਹਨ। ਉਹਨਾ ਕਿਹਾ ਕਿ ਢੁਕਵੀਂ ਫਸਲ ਬੀਮਾ ਯੋਜਨਾ ਰਾਹੀਂ ਕੁਦਰਤੀ ਆਫਤਾਂ, ਫਸਲ ਦੀਆਂ ਬਿਮਾਰੀਆਂ, ਨਕਲੀ ਬੀਜਾਂ ਅਤੇ ਦਵਾਈਆਂ ਦੇ ਤੱਤ ਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

## ਫੰਡ ਦੀ ਕਮੀ ਨਹੀਂ : ਮਾਨ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਕਿਹਾ ਕਿ ਉਨ੍ਹਾ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਉਨ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਫਤੇ 'ਚ ਕੰਮ ਮੁਕੰਮਲ ਕੀਤਾ ਜਾਵੇ। ਉਨ੍ਹਾ ਕਿਹਾ ਕਿ ਨੁਕਸਾਨ ਦੀ ਭਰਪਾਈ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।

## ਕਰਜ਼ਦਾਰ ਨੂੰ ਸੁਣਵਾਈ ਦਾ ਮੌਕਾ ਮਿਲਣਾ ਚਾਹੀਦਾ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਕਿਸੇ ਕਰਜ਼ਦਾਰ ਦੇ ਬੈਂਕ ਖਾਤੇ ਨੂੰ ਧੋਖਾਧੜੀ ਵਜੋਂ ਸ਼੍ਰੇਣੀਬੱਧ ਕਰਨ ਤੋਂ ਪਹਿਲਾਂ ਉਸ ਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਜੇ ਅਜਿਹੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਤਰਕਸੰਗਤ ਹੁਕਮ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਤਿਲੰਗਾਨਾ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਦਿਆਂ ਕਿਹਾ ਕਿ ਖਾਤਿਆਂ ਨੂੰ ਧੋਖਾਧੜੀ ਵਜੋਂ ਸ਼੍ਰੇਣੀਬੱਧ ਕਰਨ ਤੋਂ ਪਹਿਲਾਂ ਕਰਜ਼ਦਾਰਾਂ ਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਅੰਮ੍ਰਿਤਪਾਲ ਨੇਪਾਲ 'ਚ!

**ਕਠਮੰਡੂ** : ਭਾਰਤ ਦਾ ਵਿਸ਼ਵਾਸ ਹੈ ਕਿ ਅੰਮ੍ਰਿਤਪਾਲ ਨੇਪਾਲ ਵਿਚ ਲੁਕਿਆ ਹੋਇਆ ਹੈ ਤੇ ਉਸ ਨੇ ਨੇਪਾਲ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਉਸ ਨੂੰ ਭਾਰਤੀ ਜਾਂ ਜਾਲ੍ਹੀ ਪਾਸਪੋਰਟ ਨਾਲ ਕਿਸੇ ਤੀਜੇ ਦੇਸ਼ 'ਚ ਨਾ ਭੱਜਣ ਦੇਵੇ ਤੇ ਉਸ ਨੂੰ ਗ੍ਰਿਫਤਾਰ ਕਰ ਲਵੇ। ਭਾਰਤੀ ਦੂਤਘਰ ਨੇ ਸ਼ਨੀਵਾਰ ਨੇਪਾਲ ਦੇ ਕੌਂਸਲਰ ਸੇਵਾਵਾਂ ਵਿਭਾਗ ਨੂੰ ਭੇਜੇ ਪੱਤਰ 'ਚ ਕਿਹਾ ਹੈ ਕਿ ਅੰਮ੍ਰਿਤਪਾਲ ਨੇਪਾਲ 'ਚ ਲੁਕਿਆ ਹੋਇਆ ਹੈ। ਇਹ ਖਬਰ ਕਠਮੰਡੂ ਪੋਸਟ ਅਖਬਾਰ ਨੇ ਦੂਤਘਰ ਦੇ ਪੱਤਰ ਦੀ ਕਾਪੀ ਦਾ ਹਵਾਲਾ ਦੇ ਕੇ ਛਾਪੀ ਹੈ। ਦੱਸਿਆ ਜਾਂਦਾ ਹੈ ਕਿ ਅੰਮ੍ਰਿਤਪਾਲ ਕੋਲ ਵੱਖ-ਵੱਖ ਪਛਾਣਾਂ ਵਾਲੇ ਕਈ

● ਬਾਕੀ ਸਫ਼ਾ 2 'ਤੇ

## ਇਮਰਾਨ ਮਰੂ ਜਾਂ ਅਸੀਂ : ਸਨਾਉੱਲ੍ਹਾ

**ਲਾਹੌਰ** : ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਨੇਤਾ ਤੇ ਗ੍ਰਹਿ ਮੰਤਰੀ ਰਾਣਾ ਸਨਾਉੱਲ੍ਹਾ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਦੇਸ਼ ਦਾ ਦੁਸ਼ਮਣ ਕਰਾਰ ਦਿੰਦਿਆਂ ਕਿਹਾ ਹੈ ਕਿ ਉਹ (ਇਮਰਾਨ) ਦੇਸ਼ ਦੀ ਸਿਆਸਤ ਨੂੰ ਅਜਿਹੇ ਮੋੜ 'ਤੇ ਲੈ ਆਏ ਹਨ, ਜਿਸ ਕਾਰਨ ਇਮਰਾਨ ਦੀ ਹੱਤਿਆ ਹੋਵੇਗੀ ਜਾਂ ਸਾਡੀ। ਇਸ ਟਿੱਪਣੀ ਨੇ ਸਿਆਸੀ ਹਲਕਿਆਂ ਖਾਸ ਤੌਰ 'ਤੇ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ 'ਚ ਰੋਸ ਪੈਦਾ ਕਰ ਦਿੱਤਾ ਹੈ। ਖਾਨ 'ਤੇ ਪਿਛਲੇ ਸਾਲ ਨਵੰਬਰ ਵਿਚ ਹਮਲਾ ਕੀਤਾ ਗਿਆ ਸੀ। ਖਾਨ ਨੇ ਇਸ ਹਮਲੇ ਲਈ ਰਾਣਾ ਸਨਾਉੱਲ੍ਹਾ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

## ਤੇਜਸਵੀ ਡੈਡੀ ਬਣਿਆ




**ਪਟਨਾ** : ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦੀ ਪਤਨੀ ਰਾਜਸ੍ਰੀ ਨੇ ਸੋਮਵਾਰ ਬੱਚੀ ਨੂੰ ਜਨਮ ਦਿੱਤਾ। ਸੋਸ਼ਲ ਮੀਡੀਆ 'ਤੇ ਇਸ ਦਾ ਐਲਾਨ ਕਰਦੇ ਹੋਏ ਯਾਦਵ ਨੇ ਬੱਚੀ ਚੁੱਕ ਕੇ ਤਸਵੀਰ ਸਾਂਝੀ ਕੀਤੀ ਹੈ।

## ਈ ਪੀ ਐੱਫ 'ਤੇ ਵਿਆਜ ਦਰ ਦਾ ਐਲਾਨ ਸੰਭਵ

**ਨਵੀਂ ਦਿੱਲੀ** : ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ ਪੀ ਐੱਫ ਓ) ਸੋਮਵਾਰ ਤੋਂ ਸ਼ੁਰੂ ਆਪਣੀ ਦੋ ਦਿਨਾ ਬੈਠਕ 'ਚ 2022-23 ਲਈ ਈ ਪੀ ਐੱਫ 'ਤੇ ਵਿਆਜ ਦਰ ਦਾ ਐਲਾਨ ਕਰ ਸਕਦਾ ਹੈ। ਮਾਰਚ 2022 'ਚ ਉਹ 2021-22 ਲਈ ਆਪਣੇ ਪੰਜ ਕਰੋੜ ਗਾਹਕਾਂ ਦੀ ਵਿਆਜ ਦਰ ਨੂੰ ਚਾਰ ਦਹਾਕਿਆਂ ਤੋਂ ਵੱਧ ਦੇ ਹੇਠਲੇ ਪੱਧਰ 8.1 ਫੀਸਦੀ 'ਤੇ ਲਿਆਇਆ ਸੀ। ਇਹ ਦਰ 1977-78 ਤੋਂ ਬਾਅਦ ਸਭ ਤੋਂ ਘੱਟ ਸੀ, ਜਦੋਂ ਈ ਪੀ ਐੱਫ 'ਤੇ ਵਿਆਜ ਦਰ ਅੱਠ ਫੀਸਦੀ ਹੁੰਦੀ ਸੀ।

## ਕੋਰੋਨਾ ਦੇ 1805 ਨਵੇਂ ਮਾਮਲੇ, ਚੰਡੀਗੜ੍ਹ 'ਚ ਇਕ ਮੌਤ

**ਨਵੀਂ ਦਿੱਲੀ** : ਭਾਰਤ 'ਚ ਕੋਰੋਨਾ ਦੇ 1805 ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਸ ਤੋਂ ਬਾਅਦ 134 ਦਿਨਾਂ ਬਾਅਦ ਦੇਸ਼ 'ਚ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 10,000 ਨੂੰ ਪਾਰ ਕਰ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਅਨੁਸਾਰ ਮਰੀਜ਼ਾਂ ਦੀ ਗਿਣਤੀ 10,300 ਹੋ ਗਈ ਹੈ। ਪਿਛਲੇ 24 ਘੰਟਿਆਂ 'ਚ ਕੋਰੋਨਾ ਕਾਰਨ ਛੇ ਵਿਅਕਤੀਆਂ ਦੀ ਮੌਤ ਹੋਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 5,30,837 ਹੋ ਗਈ ਹੈ। ਚੰਡੀਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ 'ਚ ਇੱਕ-ਇੱਕ, ਜਦੋਂ ਕਿ ਕੇਰਲ 'ਚ ਦੋ ਵਿਅਕਤੀਆਂ ਦੀ ਮੌਤ ਹੋਈ ਹੈ। ਅੰਕੜਿਆਂ ਅਨੁਸਾਰ ਕੋਰੋਨਾ ਮਰੀਜ਼ਾਂ ਦੀ ਗਿਣਤੀ 4.47 ਕਰੋੜ (4,47,05,952) ਤੱਕ ਪਹੁੰਚ ਗਈ ਹੈ।

## ਅਕਾਲ ਤਖਤ ਦੇ ਜਥੇਦਾਰ ਦਾ ਸਰਕਾਰ ਨੂੰ ਅਲਟੀਮੇਟਮ

**ਅੰਮ੍ਰਿਤਸਰ** : ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਅਕਾਲ ਤਖਤ 'ਤੇ ਸੋਮਵਾਰ ਹੋਈ ਮੀਟਿੰਗ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਉਹ 24 ਘੰਟਿਆਂ ਦੇ ਅੰਦਰ ਫੜੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਰਿਹਾਅ ਕਰੇ, ਜੇ ਉਹ ਅਜਿਹਾ ਨਹੀਂ ਕਰਦੀ ਤਾਂ ਖਾਲਸਾ ਪੰਥ ਵੱਲੋਂ ਵਿਸ਼ਾਲ ਪੰਥਕ ਵਹੀਰ ਸ਼ੁਰੂ ਕੀਤੀ ਜਾਵੇਗੀ, ਜੋ ਲੋਕਾਂ ਵਿਚ ਸਰਕਾਰ ਦੇ ਸਿੱਖ ਵਿਰੋਧੀ ਚਿਹਰੇ ਨੂੰ ਨੰਗਾ ਕਰੇਗੀ।



ਉਨ੍ਹਾ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਦੇ ਮਾਮਲੇ ਨੂੰ ਵਿਚਾਰਨ ਵਾਸਤੇ ਸਿੱਖ ਜਥੇਬੰਦੀਆਂ, ਸਿੱਖ ਸੰਪਰਦਾਵਾਂ ਅਤੇ ਸਭਾ ਸੁਸਾਇਟੀਆਂ ਦੇ ਨੁਮਾਇੰਦਿਆਂ ਦੀ ਸਾਂਝੀ ਵਿਸ਼ੇਸ਼ ਮੀਟਿੰਗ ਸੱਦੀ ਸੀ। ਉਨ੍ਹਾ ਦੇ ਸੁਝਾਅ ਅਤੇ ਵਿਚਾਰ ਸੁਣਨ ਤੋਂ ਬਾਅਦ ਜਥੇਦਾਰ ਨੇ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਵਾਸਤੇ ਸਰਕਾਰ ਨੂੰ ਅਲਟੀਮੇਟਮ ਦਿੱਤਾ। ਸਿੱਖਾਂ ਦੀ ਸਾਖ ਨੂੰ ਖੋਰਾ ਲਾਉਣ ਅਤੇ ਸਿੱਖਾਂ ਵਿਰੁੱਧ ਹੋ ਰਹੇ ਕੂੜ ਪ੍ਰਚਾਰ ਨੂੰ ਠੱਲ੍ਹ ਪਾਉਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਕਿਹਾ ਕਿ ਉਹ ਅਜਿਹੇ ਚੈਨਲਾਂ ਅਤੇ ਮੀਡੀਆ ਖਿਲਾਫ ਕਾਰਵਾਈ ਕਰਨ, ਜੋ ਸਿੱਖਾਂ ਨੂੰ ਬਦਨਾਮ ਕਰ ਰਹੇ ਹਨ। ਇਸ ਦੌਰਾਨ ਵੱਖ-ਵੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਵੱਲੋਂ ਵੀ ਆਪੋ-ਆਪਣੇ ਵਿਚਾਰ ਦਿੱਤੇ ਗਏ ਹਨ। ਇਸ ਮੀਟਿੰਗ 'ਚ ਸਿਆਸੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਨਹੀਂ ਸੱਦਿਆ ਗਿਆ ਸੀ। ਅਕਾਲ ਤਖਤ ਵਿਖੇ ਅਜਿਹੇ ਲੋਕ ਵੀ ਪੁੱਜੇ ਹੋਏ ਸਨ, ਜਿਨ੍ਹਾਂ ਦੇ ਬੱਚੇ ਜਾਂ ਰਿਸ਼ਤੇਦਾਰ ਪੁਲਸ ਵੱਲੋਂ ਹਿਰਾਸਤ 'ਚ ਲਏ ਗਏ ਹਨ।

## ਵਿਰੋਧੀ ਪਾਰਟੀਆਂ ਦੀ ਮੀਟਿੰਗ 'ਚ ਤ੍ਰਿਣਮੂਲ ਵੀ

**ਨਵੀਂ ਦਿੱਲੀ** : ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਨੇ ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਠਹਿਰਾਏ ਜਾਣ ਅਤੇ ਅਡਾਨੀ ਸਮੂਹ ਨਾਲ ਜੁੜੇ ਮਾਮਲੇ 'ਤੇ ਸਰਕਾਰ ਨੂੰ ਘੇਰਨ ਦੀ ਰਣਨੀਤੀ 'ਤੇ ਚਰਚਾ ਕੀਤੀ। ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਦੇ ਚੈਂਬਰ 'ਚ ਹੋਈ ਬੈਠਕ 'ਚ ਖੜਗੇ ਤੋਂ ਇਲਾਵਾ ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼, ਡੀ ਐੱਮ ਕੇ ਦੇ ਟੀ ਆਰ ਬਾਲੂ, ਆਮ ਆਦਮੀ ਪਾਰਟੀ, ਤ੍ਰਿਣਮੂਲ ਕਾਂਗਰਸ ਅਤੇ ਕਈ ਹੋਰ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ।

ਤ੍ਰਿਣਮੂਲ ਕਾਂਗਰਸ ਨੇ ਲੰਮੇ ਸਮੇਂ ਬਾਅਦ ਕਾਂਗਰਸ ਵੱਲੋਂ ਬੁਲਾਈ ਗਈ ਵਿਰੋਧੀ ਪਾਰਟੀਆਂ ਦੀ ਕਿਸੇ ਮੀਟਿੰਗ 'ਚ ਸ਼ਿਰਕਤ ਕੀਤੀ ਹੈ। ਪਿਛਲੇ ਦੋ ਹਫਤਿਆਂ ਦੀ ਤਰ੍ਹਾਂ ਸੋਮਵਾਰ ਵੀ ਲੋਕ ਸਭਾ ਦਾ ਕੰਮਕਾਜ ਨਹੀਂ ਚੱਲਿਆ, ਕਿਉਂਕਿ ਕਾਂਗਰਸ ਸਮੇਤ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਦੇ ਹੰਗਾਮੇ ਕਾਰਨ ਪ੍ਰਸ਼ਨ ਕਾਲ ਅਤੇ ਸਿਫਰ ਕਾਲ ਸ਼ੁਰੂ ਹੋਣ ਤੋਂ ਕੁਝ ਮਿੰਟ ਬਾਅਦ ਹੀ ਸਦਨ ਸ਼ਾਮ 4 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ। ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਠਹਿਰਾਏ ਜਾਣ ਦੇ ਵਿਰੋਧ 'ਚ ਕਾਲੇ ਕੱਪੜੇ ਪਹਿਨੇ ਕਾਂਗਰਸੀ ਮੈਂਬਰ ਸਦਨ 'ਚ ਆਏ। ਕਾਂਗਰਸ ਦੀ ਸੀਨੀਅਰ ਨੇਤਾ ਸੋਨੀਆ ਗਾਂਧੀ ਨੇ ਕਾਲਾ ਸਕਾਰਫ ਪਾਇਆ ਹੋਇਆ ਸੀ। ਨੈਸ਼ਨਲ ਕਾਨਫਰੰਸ ਦੇ ਸੰਸਦ ਮੈਂਬਰ ਫਾਰੂਕ ਅਬਦੁੱਲਾ ਕਾਲੇ ਰੰਗ ਦਾ ਕੁੜਤਾ ਪਾ ਕੇ ਆਏ ਸਨ। ਕੁਝ ਮੈਂਬਰ ਕਾਗਜ਼ ਪਾੜਦੇ ਅਤੇ ਹਵਾ 'ਚ ਸੁੱਟਦੇ ਵੀ ਦੇਖੇ ਗਏ। ਇਸ ਦੌਰਾਨ ਕਾਂਗਰਸ ਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਭਵਨ ਕੰਪਲੈਕਸ 'ਚ ਕਾਲੇ ਚੋਗੇ ਪਾ ਕੇ ਪ੍ਰਦਰਸ਼ਨ ਕੀਤਾ।

## 24,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਪਟਵਾਰੀ ਕਾਬੂ

**ਜਲੰਧਰ (ਸ਼ੈਲੀ ਐਲਬਰਟ)**

ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਹਲਕਾ ਨਵਾਂਸ਼ਹਿਰ ਵਿਖੇ ਤਾਇਨਾਤ ਪਟਵਾਰੀ ਪ੍ਰੇਮ ਕੁਮਾਰ ਨੂੰ 24,000 ਰੁਪਏ ਰਿਸ਼ਵਤ ਹਾਸਲ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਅਮਰਜੀਤ ਸਿੰਘ ਵਾਸੀ ਕਰਨਾਣਾ, ਤਹਿਸੀਲ ਬੰਗਾ ਨੇ ਦੋਸ਼ ਲਗਾਇਆ ਸੀ ਕਿ ਪਟਵਾਰੀ ਨੇ ਉਸ ਦੇ ਪਿਤਾ ਅਤੇ ਉਸ ਦੇ ਚਾਚੇ ਦੀ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਕਿਸ਼ਤਾਂ 'ਚ 24,000 ਰੁਪਏ ਰਿਸ਼ਵਤ ਵਜੋਂ ਲਏ ਹਨ। ਜਲੰਧਰ ਰੇਂਜ ਦੀ ਵਿਜੀਲੈਂਸ ਯੂਨਿਟ ਨੇ ਦੋਸ਼ਾਂ ਦੀ ਜਾਂਚ ਕੀਤੀ ਅਤੇ ਰਿਸ਼ਵਤ ਮੰਗਣ ਤੇ ਲੈਣ ਦਾ ਦੋਸ਼ੀ ਪਾਏ ਜਾਣ ਉਪਰੰਤ ਪਟਵਾਰੀ ਵਿਰੁੱਧ ਵਿਜੀਲੈਂਸ ਬਿਊਰੋ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਸੰਬੰਧੀ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਡਾ. ਵਰਿਆਮ ਸਿੰਘ ਸੰਧੂ ਦੀ ਪੁਸਤਕ ਬਾਰੇ ਵਿਚਾਰ-ਚਰਚਾ ਅੱਜ

**ਜਲੰਧਰ** : ਪੰਜਾਬੀ ਦੇ ਸਿਰਮੌਰ ਲੇਖਕ ਡਾ. ਵਰਿਆਮ ਸਿੰਘ ਸੰਧੂ ਦੀ ਵਾਰਤਕ ਪੁਸਤਕ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ' ਬਾਰੇ ਵਿਚਾਰ-ਚਰਚਾ ਹਿੱਤ ਇੱਕ ਸਮਾਗਮ 28 ਮਾਰਚ ਨੂੰ ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ।

ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ, ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਤੇ ਸੈਮੀਨਾਰ ਹਾਲ ਦੇ ਕਨਵੀਨਰ ਡਾ. ਗੋਪਾਲ ਸਿੰਘ ਬੁੱਟਰ ਨੇ ਦੱਸਿਆ ਕਿ ਪੁਸਤਕ ਬਾਰੇ ਬਤੌਰ ਮੁੱਖ ਵਕਤਾ ਮੰਗਤ ਰਾਮ ਪਾਸਲਾ ਆਪਣੇ ਵਿਚਾਰ ਰੱਖਣਗੇ। ਉਹਨਾ ਉਪਰੰਤ ਪ੍ਰਸਿੱਧ ਕਹਾਣੀਕਾਰ ਬਲਵਿੰਦਰ ਗਰੇਵਾਲ, ਸਤਨਾਮ ਮਾਣਕ, ਡਾ. ਲਖਵਿੰਦਰ ਜੌਹਲ ਤੇ ਗੁਰਦਰਸ਼ਨ ਬੀਕਾ ਚਰਚਾ ਨੂੰ ਅੱਗੇ ਤੋਰਨਗੇ।

ਅਜਮੇਰ ਸਿੰਘ ਸਮਰਾ ਪ੍ਰਧਾਨ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਜਸਵੀਰ ਸਿੰਘ ਸ਼ੀਰਾ ਜੌਹਲ, ਕੁਲਬੀਰ ਸਿੰਘ ਸੰਘੇੜਾ (ਇੰਡੀਅਨ ਵਰਕਰਜ਼ ਐਸੋਸੀਏਸ਼ਨ ਬਰਮਿੰਘਮ) ਤੇ ਪੁਸਤਕ ਦੇ ਲੇਖਕ ਡਾ. ਵਰਿਆਮ ਸਿੰਘ ਸੰਧੂ ਵਿਚਾਰ-ਚਰਚਾ ਵਿੱਚ ਸ਼ਿਰਕਤ ਕਰਨਗੇ।

## ਅਮਰੀਕਾ ਦੇ ਗੁਰਦੁਆਰੇ 'ਚ ਗੋਲੀਬਾਰੀ ਨਾਲ ਦੋ ਜ਼ਖਮੀ

**ਨਿਊ ਯਾਰਕ** : ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਗੁਰਦੁਆਰੇ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ। ਅਧਿਕਾਰੀਆਂ ਨੇ ਇਸ ਘਟਨਾ ਨੂੰ ਨਫਰਤੀ ਅਪਰਾਧ ਨਾਲ ਜੋੜਨ ਤੋਂ ਇਨਕਾਰ ਕੀਤਾ ਹੈ। ਸੈਕਰਾਮੈਂਟੋ ਕਾਊਂਟੀ ਸ਼ੈਰਿਫ ਦੇ ਦਫਤਰ ਦੇ ਬੁਲਾਰੇ ਸਾਰਜੈਂਟ ਅਮਰ ਗਾਂਧੀ ਅਨੁਸਾਰ ਗੋਲੀਬਾਰੀ ਐਤਵਾਰ ਬਾਅਦ ਦੁਪਹਿਰ 2:30 ਵਜੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ 'ਚ ਹੋਈ। ਇਹ ਘਟਨਾ ਗੁਰਦੁਆਰੇ 'ਚ ਪਹਿਲੇ ਨਗਰ ਕੀਰਤਨ ਦੌਰਾਨ ਹੋਈ। 'ਸੈਕਰਾਮੈਂਟੋ ਬੀ' ਅਖਬਾਰ ਦੀ ਖਬਰ ਮੁਤਾਬਕ ਗਾਂਧੀ ਨੇ ਕਿਹਾ ਕਿ ਗੁਰਦੁਆਰੇ 'ਚ ਦੋ ਬੰਦਿਆਂ ਵਿਚਾਲੇ ਲੜਾਈ ਹੋ ਗਈ। ਇਕ ਨੇ ਦੂਜੇ ਦੇ ਦੋਸਤ ਨੂੰ ਗੋਲੀ ਮਾਰ ਦਿੱਤੀ। ਇਸ ਤੋਂ ਬਾਅਦ ਲੜਾਈ ਵਿਚ ਸ਼ਾਮਲ ਦੂਜੇ ਵਿਅਕਤੀ ਨੇ ਉਸ ਵਿਅਕਤੀ ਨੂੰ ਗੋਲੀ ਮਾਰ ਦਿੱਤੀ, ਜਿਸ ਨੇ ਉਸ ਦੇ ਦੋਸਤ ਨੂੰ ਗੋਲੀ ਮਾਰੀ। ਇਸ ਮਗਰੋਂ ਉਹ ਫਰਾਰ ਹੋ ਗਿਆ। ਦੋਵੇਂ ਵਿਅਕਤੀ ਹਸਪਤਾਲ 'ਚ ਦਾਖਲ ਹਨ ਤੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

## ਅਮਰੀਕਾ ਵਿਚਲੇ ਪ੍ਰਦਰਸ਼ਨਕਾਰੀਆਂ ਖਿਲਾਫ ਦਿੱਲੀ 'ਚ ਪੁਲਸ ਨੂੰ ਸ਼ਿਕਾਇਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਵਕੀਲ ਵਿਨੀਤ ਜਿੰਦਲ ਨੇ ਵਾਸ਼ਿੰਗਟਨ 'ਚ ਭਾਰਤੀ ਦੂਤਘਰ ਸਾਹਮਣੇ ਪ੍ਰਦਰਸ਼ਨ ਕਰ ਰਹੇ ਖਾਲਿਸਤਾਨੀ ਸਮਰਥਕਾਂ ਖਿਲਾਫ ਦਿੱਲੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਉਨ੍ਹਾ ਕੇਸ ਦਰਜ ਕਰਕੇ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਪ੍ਰਦਰਸ਼ਨਕਾਰੀਆਂ ਦੇ ਪਾਸਪੋਰਟ ਵੀ ਰੱਦ ਕੀਤੇ ਜਾਣ। ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਅਤੇ ਵਾਸ਼ਿੰਗਟਨ 'ਚ ਭਾਰਤੀ ਦੂਤਾਵਾਸ ਦੇ ਸਟਾਫ ਨੂੰ ਧਮਕੀਆਂ ਦਿੱਤੀਆਂ ਅਤੇ ਬਦਸਲੂਕੀ ਕੀਤੀ। ਉਨ੍ਹਾਂ ਭਾਰਤੀ ਦੂਤਾਵਾਸ ਦੀ ਭੰਨਤੋੜ ਵੀ ਕੀਤੀ। ਅੰਮ੍ਰਿਤਪਾਲ ਸਿੰਘ ਦੇ ਸਮਰਥਨ ਵਿਚ ਖਾਲਿਸਤਾਨ ਸਮਰਥਕਾਂ ਨੇ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿਖੇ ਪ੍ਰਦਰਸ਼ਨ ਕੀਤਾ। ਉਨ੍ਹਾਂ ਰਿਚਮੰਡ ਹਿੱਲ ਇਲਾਕੇ ਦੇ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਤੋਂ ਕਾਰ ਰੈਲੀ ਕੱਢੀ, ਜੋ ਭਾਰੀ ਸੁਰੱਖਿਆ ਹੇਠ ਐਤਵਾਰ ਦੁਪਹਿਰ ਨੂੰ ਡਾਊਨਟਾਊਨ ਮੈਨਹਟਨ ਦੇ ਮਸ਼ਹੂਰ ਟਾਈਮਜ਼ ਸਕੁਏਅਰ 'ਤੇ ਸਮਾਪਤ ਹੋਈ। ਕਾਰਾਂ 'ਤੇ ਖਾਲਿਸਤਾਨੀ ਝੰਡੇ ਲੱਗੇ ਸਨ ਅਤੇ ਉੱਚੀ ਆਵਾਜ਼ 'ਚ ਸੰਗੀਤ ਅਤੇ ਹਾਰਨ ਵਜਾਏ ਜਾ ਰਹੇ ਸਨ। 'ਐੱਲ ਈ ਡੀ ਮੋਬਾਇਲ ਬਿਲਬੋਰਡ' ਟਰੱਕਾਂ 'ਤੇ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਸਨ। ਉਨ੍ਹਾਂ ਦੇ ਹੱਥਾਂ 'ਚ ਖਾਲਿਸਤਾਨ ਦੇ ਝੰਡੇ ਸਨ ਅਤੇ ਉਹ ਨਾਅਰੇ ਲਗਾ ਰਹੇ ਸਨ।

## ਅੱਜ-ਨਾਮਾ

ਹਰ ਕੋਈ ਆਪਣੀ ਬੋਲੀ ਬਸ ਬੋਲਦਾ ਈ,
ਕਹਿੰਦਾ ਬੋਲ ਰਿਹਾਂ ਲੋਕਾਂ ਦੀ ਬਾਤ ਬੇਲੀ।
ਦੂਸਰਾ ਪਹਿਲੇ ਨੂੰ ਕਹੇ ਇਹ ਝੂਠ ਕਹਿੰਦਾ,
ਸੱਚ ਨਾ ਕਹਿਣ ਦੀ ਇਹਦੀ ਔਕਾਤ ਬੇਲੀ।
ਤੀਸਰਾ ਦੂਜੇ ਨੂੰ ਕਹੇ ਇਹ ਖਾਊ ਮਿੱਤਰ,
ਜਿੱਥੇ ਮਾਲ ਮਿਲਦਾ ਈ ਕੱਟੇ ਰਾਤ ਬੇਲੀ।
ਚੌਥਾ ਰੱਦ ਕਰਦਾ ਈ ਪਹਿਲੇ ਸਾਰਿਆਂ ਨੂੰ,
ਕੌੜ ਨਾਲ ਕਰੀ ਜਾਵੇ ਸਭ ਨੂੰ ਮਾਤ ਬੇਲੀ।
ਤੁਲਨਾ ਲੋਕਾਂ ਦੇ ਹਿੱਤਾਂ ਦਾ ਕਹਿਣ ਬੇਸ਼ੱਕ,
ਅੰਦਰ ਤੋਂ ਸਾਰਿਆਂ ਦਾ ਨਿੱਜੀ ਹਿੱਤ ਬੇਲੀ।
ਕਰ ਕੇ ਗੱਲ ਸਾਂਝੀ, ਅੰਦਰੋਂ ਫਿਰਨ ਪਾਟੇ,
ਮਿਲਦਾ ਵੇਖਣ ਨੂੰ ਇਹੋ ਕੁਝ ਨਿੱਤ ਬੇਲੀ।

-ਤੀਸ ਮਾਰ ਖਾਂ

# ਕੇਂਦਰ ਸਰਕਾਰ ਦੇ ਕੋਝੇ ਹੱਥਕੰਡਿਆਂ ਨਾਲ ਸੰਘੀ ਢਾਂਚਾ ਕਮਜ਼ੋਰ ਹੋ ਰਿਹੈ : ਮਾਨ

**ਜਲੰਧਰ (ਸ਼ੈਲੀ ਐਲਬਰਟ)**

ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਸ਼ਹਿਰ ਦੀ ਕਾਇਆ-ਕਲਪ ਕਰਨ ਲਈ ਕੁੱਲ 100 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਅਤੇ ਕਈ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ।

ਮੁੱਖ ਮੰਤਰੀ ਨੇ 84 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਵੇਰਕਾ ਦਾ ਆਟੋਮੈਟਿਕ ਫਰਮੈਂਟਿਡ ਦੁੱਧ ਉਤਪਾਦਨ ਪਲਾਂਟ ਸ਼ਹਿਰ ਵਾਸੀਆਂ ਨੂੰ ਸਮਰਪਿਤ ਕੀਤਾ। ਇਸੇ ਤਰ੍ਹਾਂ ਉਨ੍ਹਾ ਬਸਤੀ ਦਾਨਿਸ਼ਮੰਦਾਂ ਵਿੱਚ 4.83 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਮਾਰਟ ਸਕੂਲ ਦਾ ਵਰਚੂਅਲ ਮਾਧਿਅਮ ਰਾਹੀਂ ਉਦਘਾਟਨ ਵੀ ਕੀਤਾ। ਮਾਨ ਨੇ ਸ਼ਹਿਰ ਦੇ ਲੈਦਰ ਕੰਪਲੈਕਸ ਵਿੱਚ ਸੜਕਾਂ 'ਤੇ ਸਟਰੀਟ ਲਾਈਟਾਂ ਲਾਉਣ ਦੇ ਪ੍ਰਾਜੈਕਟ ਦਾ ਵੀ ਨੀਂਹ ਪੱਥਰ ਰੱਖਿਆ।

ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ ਨੂੰ ਆਉਣ ਵਾਲੇ ਦਿਨਾਂ ਵਿੱਚ ਆਦਰਸ਼ ਸ਼ਹਿਰ ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਇਸ ਨੇਕ ਕੰਮ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

### ਜਲੰਧਰ ਵਾਸੀਆਂ ਨੂੰ 100 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟ ਸਮਰਪਿਤ



ਸ਼ਹਿਰ ਵਿੱਚ ਖੇਡ ਸਨਅਤ ਨੂੰ ਵੀ ਗਤੀ ਦੇਣ ਦਾ ਐਲਾਨ ਕੀਤਾ। ਉਹਨਾ ਦੱਸਿਆ ਕਿ ਵੇਰਕਾ ਦੇ 1.25 ਲੱਖ ਲਿਟਰ ਪ੍ਰਤੀ ਦਿਨ ਦੀ ਸਮਰੱਥਾ ਵਾਲੇ ਪੂਰੀ ਤਰ੍ਹਾਂ ਆਟੋਮੇਟਿਡ ਫਰਮੈਂਟਿਡ ਦੁੱਧ ਉਤਪਾਦਨ ਪਲਾਂਟ ਦਾ 84 ਕਰੋੜ ਰੁਪਏ ਦੀ ਲਾਗਤ ਨਾਲ ਨਿਰਮਾਣ ਕੀਤਾ ਗਿਆ ਹੈ। ਇਸ ਪ੍ਰਾਜੈਕਟ ਵਿੱਚ 50 ਐੱਮ ਟੀ ਪ੍ਰਤੀ ਦਿਨ ਦੀ ਸਮਰੱਥਾ ਵਾਲਾ ਆਟੋਮੇਟਿਡ ਦਹੀਂ ਪਲਾਂਟ ਅਤੇ 1.5 ਲੱਖ ਲਿਟਰ ਪ੍ਰਤੀ ਦਿਨ ਦੀ ਲੱਸੀ ਪ੍ਰਾਸੈਸਿੰਗ ਤੇ ਪੈਕੇਜਿੰਗ ਪਲਾਂਟ ਸ਼ਾਮਲ ਹੈ।

ਉਹਨਾ ਉਮੀਦ ਪ੍ਰਗਟਾਈ ਕਿ ਇਸ ਕਦਮ ਨਾਲ ਜਲੰਧਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਦੇ ਦੁੱਧ ਉਤਪਾਦਕਾਂ ਨੂੰ ਦੁੱਧ ਦੀਆਂ ਵਧੀਆ ਕੀਮਤਾਂ ਮਿਲਣੀਆਂ ਯਕੀਨੀ ਬਣਨਗੀਆਂ। ਇਸ ਤੋਂ ਇਲਾਵਾ ਨੇੜਲੇ ਇਲਾਕਿਆਂ ਦੇ ਨੌਜਵਾਨਾਂ ਤੇ ਉੱਦਮੀਆਂ ਨੂੰ ਰੁਜ਼ਗਾਰ ਦੇ ਸਿੱਧੇ ਤੇ ਅਸਿੱਧੇ ਮੌਕੇ ਮੁਹੱਈਆ ਹੋ ਰਹੇ ਹਨ। ਉਹਨਾ ਕਿਹਾ ਕਿ ਲੋਕਾਂ ਨੇ ਇਕ ਸਾਲ ਪਹਿਲਾਂ ਈ ਵੀ ਐੱਮ ਦਾ ਬਟਨ ਦਬਾ ਕੇ ਉਨ੍ਹਾ ਨੂੰ ਵੋਟ ਪਾਈ। ਇਕ ਸਾਲ ਵਿਚਕਾਰ ਹੀ ਉਹ ਹੁਣ ਰੋਜ਼ਾਨਾ ਚਾਰ ਤੋਂ ਪੰਜ ਬਟਨ ਦਬਾ ਕੇ ਨਵੇਂ ਪ੍ਰਾਜੈਕਟ ਸੂਬੇ ਦੇ ਲੋਕਾਂ ਨੂੰ ਸਮਰਪਿਤ ਕਰ ਰਹੇ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸੂਬਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾ ਕਿਹਾ ਕਿ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰ ਕੇ ਕੇਂਦਰ ਸਰਕਾਰ ਸੂਬਿਆਂ ਦੇ ਕਾਨੂੰਨੀ ਹੱਕਾਂ ਉਤੇ ਡਾਕੇ ਮਾਰ ਰਹੀ ਹੈ ਅਤੇ ਸੂਬਿਆਂ ਦੇ ਹਿੱਤਾਂ ਨੂੰ ਸਰੇਆਮ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨਿਯੁਕਤ ਰਾਜਪਾਲ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਦੀ ਆਵਾਜ਼ ਦਬਾਉਣ ਲਈ ਮਸ਼ੀਨਾਂ ਵਜੋਂ ਕੰਮ ਕਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ਸੂਬਿਆਂ ਦੇ ਹਿੱਤਾਂ ਉਤੇ ਡਾਕਾ ਮਾਰਿਆ ਜਾ ਰਿਹਾ ਹੈ, ਜਿਹੜਾ ਜਮਹੂਰੀਅਤ ਅਤੇ ਸੰਘੀ ਢਾਂਚੇ ਲਈ ਨੁਕਸਾਨਦੇਹ ਹੈ। ਕੇਂਦਰ ਸਰਕਾਰ ਦਾ ਤਾਨਾਸ਼ਾਹੀ ਰਵੱਈਆ ਜਮਹੂਰੀ ਤਾਣੇ-ਬਾਣੇ ਲਈ ਘਾਤਕ ਹੈ।

ਉਹਨਾ ਕਿਹਾ ਕਿ ਕੇਂਦਰ ਸਰਕਾਰ ਜਾਣ-ਬੁੱਝ ਕੇ ਸੂਬਿਆਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਪੇਂਡੂ ਵਿਕਾਸ ਫੰਡ (ਆਰ ਡੀ ਐੱਫ) ਦੇ 30 ਹਜ਼ਾਰ ਕਰੋੜ ਰੁਪਏ ਹਾਲੇ ਤੱਕ ਕੇਂਦਰ ਸਰਕਾਰ ਕੋਲ ਬਕਾਇਆ ਪਏ ਹਨ। ਪੰਜਾਬ ਸਰਕਾਰ ਨੇ ਸਾਰੀ ਕਾਗਜ਼ੀ ਕਾਰਵਾਈ ਮੁਕੰਮਲ ਕਰ ਲਈ ਹੈ, ਪਰ ਕੇਂਦਰ ਸਰਕਾਰ ਬੇਲੋੜੇ ਅੜਿੱਕੇ ਡਾਹ ਕੇ ਆਰ ਡੀ ਐੱਫ ਤੇ ਜੀ ਐੱਸ ਟੀ ਦੇ ਫੰਡਾਂ ਨੂੰ ਰੋਕ ਰਹੀ ਹੈ। ਉਨ੍ਹਾ ਕਿਹਾ ਕਿ ਇਕ ਹੋਰ ਫੈਸਲੇ ਵਿੱਚ ਪੰਜਾਬ ਨੂੰ ਅਲਾਟ ਕੋਲਾ ਖਾਣ ਤੋਂ ਕੋਲਾ ਸ੍ਰੀਲੰਕਾ ਰਾਹੀਂ

● ਬਾਕੀ ਸਫ਼ਾ 2 'ਤੇ

## ਸਪਰਿੰਗ ਡਿਊ ਸਕੂਲ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ




ਜਗਰਾਓਂ (ਅਮਿਤ ਖੰਨਾ)-ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਵਿੱਦਿਅਕ ਸਾਲ 2022-23 ਦਾ ਸਾਲਾਨਾ ਨਤੀਜਾ ਐਲਾਨਿਆ ਗਿਆ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਨਤੀਜੇ ਦਾ ਐਲਾਨ ਕਰਦਿਆਂ ਸਾਰੇ ਵਿਦਿਆਰਥੀਆਂ ਤੇ ਮਾਤਾ-ਪਿਤਾ ਸਾਹਿਬਾਨ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ 'ਚ ਪਹੁੰਚੇ ਮਾਤਾ-ਪਿਤਾ ਨਾਲ ਗੱਲ ਕਰਦਿਆਂ ਪ੍ਰਿੰਸੀਪਲ ਨੇ ਦੱਸਿਆ ਕਿ ਇਹ ਦਿਨ ਹਰ ਵਿਦਿਆਰਥੀ ਤੇ ਮਾਤਾ-ਪਿਤਾ ਦੇ ਨਾਲ-ਨਾਲ ਅਧਿਆਪਕਾਂ ਲਈ ਵੀ ਬਹੁਤ ਖਾਸ ਹੁੰਦਾ ਹੈ, ਕਿਉਂਕਿ ਇਸ ਦਿਨ ਸਾਰਿਆਂ ਦੀ ਸਾਲ ਭਰ ਦੀ ਮਿਹਨਤ ਦਾ ਨਤੀਜਾ ਐਲਾਨਿਆ ਜਾਂਦਾ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕ੍ਰਮਵਾਰ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਦੇ ਨਾਮ ਐਲਾਨੇ ਅਤੇ ਬਾਕੀ ਸਾਰੇ ਵਿਦਿਆਰਥੀਆਂ ਦੀ ਵੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਸਾਰੇ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿੱਚ ਜਾਣ 'ਤੇ ਮੁਬਾਰਕ ਦਿੱਤੀ ਤੇ ਅਧਿਆਪਕਾਂ ਦੀ ਸ਼ਲਾਘਾ ਕੀਤੀ। ਪ੍ਰਬੰਧਕੀ ਕਮੇਟੀ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਡਾਇਰੈਕਟਰ ਬਹਾਦੁਰ ਸਿੱਧੂ ਵੱਲੋਂ ਨਵੇਂ ਵਿੱਦਿਅਕ ਵਰ੍ਹੇ ਵਿੱਚ ਵਿਦਿਆਰਥੀਆਂ ਨੂੰ ਹੋਰ ਮਿਹਨਤ ਨਾਲ ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕਰਨ ਲਈ ਉਤਸ਼ਾਹਤ ਕੀਤਾ। ਇਸ ਮੌਕੇ ਬਲਜੀਤ ਕੌਰ, ਅੰਜੂ ਬਾਲਾ, ਜਗਸੀਰ ਸ਼ਰਮਾ, ਜਗਦੀਪ ਸਿੰਘ, ਕੁਲਦੀਪ ਕੌਰ ਆਦਿ ਸਾਹਿਤ ਸਾਰਾ ਸਟਾਫ ਹਾਜ਼ਰ ਸੀ।

# ਫ਼ਤਹਿਗੜ੍ਹ ਸਾਹਿਬ ਵਿਖੇ ਪੰਜਾਬ ਦੀ ਪਹਿਲੀ ਈ. ਕੋਰਟ ਦਾ ਉਦਘਾਟਨ

## ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਨੂਪ ਚਿਤਕਾਰਾ ਨੇ ਕੀਤਾ ਉਦਘਾਟਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਅੱਜ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਅਨੂਪ ਚਿਤਕਾਰਾ ਨੇ ਪੰਜਾਬ ਦੇ ਪਹਿਲੇ ਈ. ਕੋਰਟ (ਈ. ਸੁਵਿਧਾ ਕੇਂਦਰ) ਦਾ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਖੇ ਉਦਘਾਟਨ ਕੀਤਾ। ਉਨ੍ਹਾ ਇਸ ਮੌਕੇ ਅਦਾਲਤੀ ਕੰਮਕਾਜ ਦਾ ਨਰੀਖਣ ਕਰਨ ਦੇ ਨਾਲ-ਨਾਲ ਜ਼ਿਲ੍ਹਾ ਕੋਰਟ ਕੰਪਲੈਕਸ ਵਿੱਚ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਤੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾ ਮੌਕੇ 'ਤੇ ਹੀ ਜ਼ਿਲ੍ਹਾ ਕੋਰਟ ਕੰਪਲੈਕਸ ਵਿਚਲੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਵੀ ਕਿਹਾ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਈ. ਕੋਰਟ ਵਿੱਚ ਤਾਇਨਾਤ ਨਿਆਂਇਕ ਅਧਿਕਾਰੀਆਂ ਤੇ ਹੋਰ ਅਮਲੇ ਤੋਂ ਈ. ਕੋਰਟ ਦੀ ਕਾਰਜ ਪ੍ਰਣਾਲੀ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਕੰਪਿਊਟਰੀਕਰਨ ਦੇ ਕੰਮਾਂ ਵਿੱਚ ਸੁਧਾਰ ਕਰਨ ਦੇ ਸੁਝਾਅ ਵੀ ਦਿੱਤੇ।

ਜਸਟਿਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ਿਲ੍ਹਾ ਤੇ ਸੈਸ਼ਨ ਜੱਜ ਸ਼੍ਰੀ ਨਿਰਭਓ ਸਿੰਘ ਗਿੱਲ ਦੇ ਨਾਲ ਸੈਸ਼ਨ ਕੋਰਟ ਦੇ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਉਨ੍ਹਾਂ ਨੂੰ ਹੋਰ ਸਮਰਪਣ ਦੀ ਭਾਵਨਾ ਨਾਲ ਆਪਣੇ ਫਰਜ਼ਾਂ ਦੀ ਪੂਰਤੀ ਕਰਨ ਲਈ ਪ੍ਰੇਰਿਤ ਕੀਤਾ। ਵਰਨਣਯੋਗ ਹੈ ਕਿ ਈ. ਕੋਰਟ (ਈ.ਸੁਵਿਧਾ ਕੇਂਦਰ) ਨਾਲ ਲੋਕਾਂ ਨੂੰ ਆਪਣੇ ਅਦਾਲਤੀ ਕੇਸਾਂ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਵੱਡੀ ਰਾਹਤ ਮਿਲੇਗੀ। ਆਪਣੇ ਅਦਾਲਤੀ ਕੇਸਾਂ ਬਾਰੇ ਮੋਬਾਇਲ ਐਪ ਦੀ ਵਰਤੋਂ ਨਾ ਕਰ ਸਕਣ ਵਾਲੇ ਵਿਅਕਤੀ ਈ. ਕੋਰਟ ਰਾਹੀਂ ਜਾਣਕਾਰੀ ਹਾਸਲ ਕਰ ਸਕਣਗੇ। ਇਸ ਮੌਕੇ ਐੱਸ.ਡੀ.ਐੱਮ. ਫ਼ਤਹਿਗੜ੍ਹ ਸਾਹਿਬ ਹਰਪ੍ਰੀਤ ਸਿੰਘ ਅਟਵਾਲ, ਡੀ.ਐੱਸ.ਪੀ. ਜਸਪਿੰਦਰ ਸਿੰਘ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਰਿੰਦਰ ਸਿੰਘ ਢਿੱਲੋਂ, ਸੁਪਰਡੈਂਟ ਸੁਭਾਸ਼ ਚੰਦ ਤੋਂ ਇਲਾਵਾ ਨਿਆਂਇਕ ਅਧਿਕਾਰੀ ਤੇ ਵਕੀਲ ਸਾਹਿਬਾਨ ਹਾਜ਼ਰ ਸਨ।

## ਨਵੇਂ ਸੈਸ਼ਨ ਦੌਰਾਨ ਮਲੇਨੀਅਮ ਸਕੂਲ ਸ੍ਰੀ ਚੈਤਨਯ ਟੈਕਨੋ ਗਰੁੱਪ ਦੇ ਹਵਾਲੇ

**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**

ਦਿ ਮਲੇਨੀਅਮ ਸਕੂਲ ਕਾਲਾਂਵਾਲੀ ਨੂੰ ਇਸ ਨਵੇਂ ਸੈਸ਼ਨ ਦੌਰਾਨ ਸ਼੍ਰੀ ਚੈਤਨਯ ਟੈਕਨੋ ਗਰੁੱਪ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦਿ ਮਲੇਨੀਅਮ ਸਕੂਲ ਦੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਮੀਟਿੰਗ ਦੌਰਾਨ ਨਵੇਂ ਪ੍ਰਬੰਧਕਾਂ ਨੇ ਦੱਸਿਆ ਕਿ ਸ਼੍ਰੀ ਚੈਤਨਯ ਟੈਕਨੋ ਗਰੁੱਪ ਨੇ ਵਿਦਿਆਰਥੀਆਂ ਨੂੰ ਦੇਸ਼ ਦੇ ਪ੍ਰਮੁੱਖ ਇੰਜੀਨੀਅਰਿੰਗ ਤੇ ਮੈਡੀਕਲ ਕਾਲਜਾਂ ਵਿੱਚ ਦਾਖਲਾ ਦਿਵਾਉਣ ਵਿੱਚ ਮਦਦ ਕੀਤੀ ਤੇ ਗਰੁੱਪ ਨੇ ਸਿੱਖਿਆ ਪ੍ਰਤੀ ਦ੍ਰਸ਼ਟੀਕੋਣ ਨੂੰ ਬਦਲ ਦਿੱਤਾ ਹੈ।ਇਸ ਸਕੂਲ ਦੇ ਚੇਅਰਮੈਨ ਅਸ਼ੋਕ ਸਿੰਗਲਾ ਨੇ ਕਿਹਾ ਕਿ ਕਾਲਾਂਵਾਲੀ ਵਿੱਚ ਭਾਰਤ ਦੇ ਨੰਬਰ 1 ਬਰਾਂਡ ਸ਼੍ਰੀ ਚੈਤਨਯ ਟੈਕਨੋ ਗਰੁੱਪ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨਾਲ ਰੂਬਰੂ ਹੋਣ ਦੇ ਵਿਸ਼ੇਸ਼ ਸਮਾਗਮ ਦੌਰਾਨ ਗਰੁੱਪ ਟੀਮ ਮੈਂਬਰ ਏਨੀ ਤੇ ਅੰਬਿਕਾ ਅਤੇ ਉਨ੍ਹਾਂ ਦੀ ਪੂਰੀ ਟੀਮ ਨੇ ਵਿਦਿਆਰਥੀਆਂ ਦੇ ਮਾਪਿਆਂ ਦੇ ਸਾਹਮਣੇ ਆਪਣੇ ਬੱਚਿਆਂ ਦੀ ਸਿੱਖਿਆ ਨੂੰ ਲੈ ਕੇ ਪ੍ਰਸ਼ਨ ਪੁੱਛੇ ਤੇ ਉਨ੍ਹਾਂ ਦਾ ਸੰਤੁਸ਼ਟੀਜਨਕ ਜਵਾਬ ਦਿੱਤਾ।ਉਨ੍ਹਾਂ ਕਿਹਾ ਕਿ ਸ਼੍ਰੀ ਚੈਤਨਯ ਟੈਕਨੋ ਗਰੁੱਪ ਵੱਲੋਂ ਆਪਣੀ ਸਿੱਖਿਆ ਵਿਵਸਥਾ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਨਾਲ ਨਾਲ ਨਵੀਂ ਤਕਨੀਕ ਨਾਲ ਪੜ੍ਹਾਈ ਤੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਠੀਕ ਦਿਸ਼ਾ ਦੇਣਾ ਵਿੱਚ ਕਾਰਗਾਰ ਸਾਬਿਤ ਹੋਵੇਗੀ। ਇਸ ਮੌਕੇ ਪੱਤਰਕਾਰਾਂ ਨਾਲ ਰੂਬਰੂ ਹੁੰਦੇ ਹੋਏ ਸ਼੍ਰੀ ਚੈਤਨਯ ਟੈਕਨੋ ਗਰੁੱਪ ਦੇ ਮੈਂਬਰਾਂ ਨੇ ਕਿਹਾ ਕਿ ਸਾਡੀ ਸਿੱਖਿਆ ਵਿਵਸਥਾ ਦੂਸਰਿਆਂ ਨਾਲੋਂ ਵੱਖ ਹੈ, ਕਿਉਂਕਿ ਸਾਡਾ ਮੁੱਖ ਟੀਚਾ ਬੱਚਿਆਂ ਦੀ ਮਾਨਸਿਕਤਾ ਤੇ ਮਨੋਵਿਗਿਆਨ 'ਤੇ ਕੰਮ ਕਰਨਾ ਹੈ ਤਾਂ ਕਿ ਬੱਚਿਆਂ ਨੂੰ ਆਪਣੀ ਪੜ੍ਹਾਈ ਬੋਝ ਨਾ ਲੱਗੇ ਤੇ ਬੱਚੇ ਭਵਿੱਖ ਵਿੱਚ ਆਪਣੇ ਚੰਗੇ ਕੈਰੀਅਰ ਨੂੰ ਚੁਣ ਸਕਣ। ਉਨ੍ਹਾਂ ਕਿਹਾ ਕਿ ਸਾਡਾ ਕੰਮ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨਾ ਹੈ ।ਇਸ ਮੌਕੇ ਪਹੁੰਚੇ ਮਹਿਮਾਨਾਂ ਨੂੰ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਤੇ ਸਕੂਲ ਦੇ ਚੇਅਰਮੈਨ ਅਸ਼ੋਕ ਸਿੰਗਲਾ ਵੱਲੋਂ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਸਿਵਲ ਹਸਪਤਾਲ ਵਿਖੇ ਮੂੰਹ ਦੀ ਸੰਭਾਲ ਦਿਵਸ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਵਿਸ਼ਵ ਓਰਲ ਹੈਲਥ ਹਫਤੇ ਅਧੀਨ ਮੂੰਹ ਤੇ ਦੰਦਾਂ ਦੀ ਸੰਭਾਲ ਸਬੰਧੀ ਚਰਚਾ ਕੀਤੀ ਗਈ ਤੇ ਕਿਹਾ ਕਿ ਦੰਦਾਂ ਨੂੰ ਹਰ ਰੋਜ਼ ਸਾਫ ਕਰਨਾ ਜ਼ਰੂਰੀ। ਇਸ ਸਬੰਧੀ ਸਿਵਲ ਸਰਜਨ ਡਾ. ਤੇਜਵੰਜ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫ਼ਸਰ ਐੱਸ.ਡੀ.ਐੱਚ. ਸਿਵਲ ਹਸਪਤਾਲ ਰਾਮਪੁਰਾ ਫੂਲ ਡਾ. ਹਰਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਮੂੰਹ ਦੀ ਸੰਭਾਲ ਦਿਵਸ ਮਨਾਇਆ ਗਿਆ। ਡਾ. ਧੀਰਜ ਗਰਗ ਦੰਦਾਂ ਦੇ ਮਾਹਰ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ 20 ਮਾਰਚ ਤੋਂ 20 ਅਪ੍ਰੈਲ ਤੱਕ ਪੰਜਾਬ ਰਾਜ ਅੰਦਰ ਵਿਸ਼ਵ ਓਰਲ ਸਿਹਤ ਮਹੀਨਾ ਮਨਾਇਆ ਜਾ ਰਿਹਾ ਹੈ। ਇਸ ਸਾਲ ਵਿਸ਼ਵ ਓਰਲ ਹੈਲਥ ਦਿਵਸ ਦੀ ਥੀਮ 'ਆਪਣੇ ਮੂੰਹ ਦੀ ਸਫਾਈ ਤੇ ਮਾਣ ਕਰੋ' ਹੈ। ਡਾ. ਧੀਰਜ ਨੇ ਕਿਹਾ ਕਿ ਮੂੰਹ ਦੀ ਸਾਫ ਸਫਾਈ ਬਹੁਤ ਜ਼ਰੂਰੀ ਹੈ। ਦੰਦਾਂ ਨੂੰ ਹਰ ਰੋਜ਼ ਦੋ ਵਾਰ ਸਾਫ ਕਰਨ ਚਾਹੀਦਾ ਹੈ, ਕਿਉਂਕਿ ਦੰਦਾਂ ਦੀਆਂ ਵੀ ਬਿਮਾਰੀਆਂ ਹਨ। ਜੇਕਰ ਅਸੀ ਸਮੇਂ ਸਮੇਂ 'ਤੇ ਆਪਣਾ ਚੈੱਕਅੱਪ ਕਰਵਾਉਂਦੇ ਰਹਾਂਗੇ ਤਾਂ ਬਿਮਾਰੀਆਂ ਤੋਂ ਬਚ ਸਕਾਂਗੇ। ਇਸ ਮੌਕੇ ਸਿਵਲ ਹਸਪਤਾਲ ਦੇ ਡਾ. ਵਿਸ਼ਵ ਕੌਸ਼ਲ, ਡਾ. ਅਸ਼ੀਸ਼ ਬਜਾਜ, ਸੁਖਵਿੰਦਰ ਸਿੰਘ ਚੀਫ ਫਾਰਮਾਸਿਸਟ, ਦੀਪਕ ਕੁਮਾਰ ਫਾਰਮੇਸੀ ਅਫਸਰ, ਰੁਪਿੰਦਰਕ ਕੌਰ ਐੱਮ.ਐੱਲ.ਟੀ., ਨਿਸ਼ਾ ਐੱਸ.ਟੀ.ਐੱਸ, ਸੁਨੀਲ ਧੀਰ ਕੰਪਿਊਟਰ ਆਪ੍ਰੇਟਰ, ਗਗਨਜੀਤ ਸਿੰਘ ਕੰਪਿਊਟਰ ਆਪ੍ਰੇਟਰ, ਕਿਸ਼ਨ ਕੁਮਾਰ ਦਰਜਾ 4, ਰਵੀ ਕੁਮਾਰ ਦਰਜਾ 4 ਹਾਜ਼ਰ ਸਨ।

## ਦੇਸ਼ ਭਗਤ ਯਾਦਗਾਰ ਹਾਲ 'ਚ ਨਿਰੰਤਰ ਰੰਗ ਮੰਚ ਕਰਨ ਦਾ ਲਿਆ ਅਹਿਦ



**ਜਲੰਧਰ** : ਦੇਸ਼ ਭਗਤ ਯਾਦਗਾਰ ਹਾਲ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਖੁੱਲ੍ਹੇ ਮੰਚ ਤੇ ਜੁੜੇ ਵੱਖ ਵੱਖ ਨਾਟਕ ਮੰਡਲੀਆਂ ਦੇ ਰੰਗ ਕਰਮੀਆਂ ਨੇ ਗੰਭੀਰ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਪੰਜਾਬ ਦੇ ਰਾਜਨੀਤਕ ਮੰਚ 'ਤੇ ਚੱਲ ਰਹੀ ਨੌਟੰਕੀ ਦੇ ਦੌਰ ਵਿੱਚ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਲੋਕ ਪੱਖੀ ਰੰਗ ਮੰਚ ਲੋਕਾਂ ਨੂੰ ਹਰ ਵੰਨਗੀ ਦੇ ਧੁੰਦਲਕੇ ਵਿੱਚੋਂ ਕੱਢ ਕੇ ਖ਼ੂਬਸੂਰਤ ਭਵਿੱਖ ਲਈ ਰੌਸ਼ਨੀ ਦੇ ਮਾਰਗ ਦਰਸਾਏ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਰੰਗ ਕਰਮੀਆਂ ਦੀ ਹਰ ਸੰਭਵ ਮਦਦ ਕਰੇਗਾ ਤਾਂ ਜੋ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹਰ ਮਹੀਨੇ ਰੰਗ ਮੰਚ ਸਰਗਰਮੀਆਂ ਹੁੰਦੀਆਂ ਰਹਿਣ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਮਿਸਰ ਦੀ ਅਦਾਕਾਰਾ ਸਮੀਹਾ ਅਯੂਬ ਵੱਲੋਂ ਵਿਸ਼ਵ ਭਰ ਦੀਆਂ ਭਾਸ਼ਾਵਾਂ ਵਿਚ ਜਾਰੀ ਹੋਇਆ ਸੁਨੇਹਾ ਰੰਗ ਕਰਮੀਆਂ ਨਾਲ ਸਾਂਝਾ ਕੀਤਾ।

ਉਹਨਾਂ ਕਿਹਾ ਕਿ ਲੋਕਾਂ ਨਾਲ ਗਲਵੱਕੜੀ ਪਾਉਣ ਵਾਲਾ ਰੰਗ ਮੰਚ ਸਦਾ ਸਫਰ ਤੇ ਰਹੇਗਾ। ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਡਾ. ਸੈਲੇਸ, ਅੰਜਲੀ ਮਿਸ਼ਰਾ, ਚਾਹਤ, ਨੀਰਜ ਕੌਸ਼ਿਕ, ਰਵਿੰਦਰ ਭਗਤ, ਵਿਕਾਸ਼ ਆਨੰਦ, ਵਿਕਰਮ ਸਿੰਘ, ਹਰਜੀਤ ਸਿੰਘ, ਰੇਖਾ ਕਸ਼ਿਯਪ, ਪੂਜਾ ਸੰਧੂ , ਦੇਸ ਰਾਜ ਕਾਲੀ, ਮੱਖਣ ਮਾਨ, ਰਵੀ, ਕਰਨ, ਅਮਿੱਤ ਸ਼ਰਮਾ, ਸੰਨੀ ਅੱਕੀ, ਕਰਨ ਪ੍ਰਸਾਦ, ਦੀਕਸ਼ਾ, ਸੁਰਿੰਦਰ ਪਾਲ ਸਿੰਘ ਨੇ ਵਿਚਾਰ ਚਰਚਾ ਵਿੱਚ ਬਹੁਤ ਹੀ ਸਾਰਥਕ ਵਿਚਾਰਾਂ ਕੀਤੀਆਂ। ਥੀਏਟਰਜ ਨਊ, ਊਰਜਾ, ਸਟਾਈਲ ਆਰਟਸ ਐਸੋਸੀਏਸ਼ਨ ਜਲੰਧਰ, ਸਾਹਿਤਕ ਸੱਭਿਆਚਾਰਕ ਸੰਸਥਾ ਫੁਲਕਾਰੀ, ਪੀਪਲਜ਼ ਵਾਇਸ, ਸਾਰਥਕ ਰੰਗ ਮੰਚ ਜਲੰਧਰ ਦੀਆਂ ਰੰਗ ਮੰਡਲੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਹਰ ਮਹੀਨੇ ਸਿਹਤਮੰਦ ਰੰਗ ਮੰਚ ਕਰਨ ਲਈ ਅੱਗੇ ਆਉਣਗੇ।

## ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ 'ਯਾਦਗਾਰੀ ਚਿੰਨ੍ਹ ਵਿਕਰੀ ਕੇਂਦਰ' ਸ਼ੁਰੂ

### 23 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਸੀ ਉਦਘਾਟਨ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਜਿੱਥੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਹੀ ਜ਼ਿਲ੍ਹਾ ਪ੍ਰਸ਼ਾਸਨ ਫਿਰੋਜ਼ਪੁਰ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਆਈ.ਏ.ਐੱਸ. ਦੀ ਅਗਵਾਈ ਹੇਠ ਸਾਡੇ ਕੌਮੀ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਹੁਸੈਨੀਵਾਲਾ ਵਿਖੇ ਸਥਿਤ ਕੌਮੀ ਯਾਦਗਾਰਾਂ ਦੀ ਸੰਭਾਲ, ਨਵੀਨੀਕਰਨ ਕਰਕੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਲਈ ਸਹੂਲਤਾਂ ਮੁਹੱਈਆ ਕਰਵਾ ਕੇ ਹੋਰ ਖਿੱਚ ਦਾ ਕੇਂਦਰ ਬਣਾਉਣ ਲਈ ਵੱਡੇ ਉਪਰਾਲੇ ਆਰੰਭੇ ਗਏ ਹਨ। ਇਸੇ ਤਹਿਤ ਹੀ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਯਾਦਗਾਰੀ ਚਿੰਨ੍ਹ ਵਿਕਰੀ ਕੇਂਦਰ (ਸੋਵੀਨਰ ਸ਼ਾਪ) ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਵੱਲੋਂ ਲੰਘੀ 23 ਮਾਰਚ ਨੂੰ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਰਣਬੀਰ ਸਿੰਘ ਭੁੱਲਰ, ਵਿਧਾਇਕ ਰਜਨੀਸ਼ ਦਹੀਆ ਵੀ ਵਿਸ਼ੇਸ਼ਸ ਤੌਰ 'ਤੇ ਮੌਜੂਦ ਸਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸ੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੇ ਦੱਸਿਆ ਕਿ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਆਉਣ ਵਾਲੇ ਸੈਲਾਨੀਆਂ ਨੂੰ ਕੌਮੀ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਤੇ ਇਤਿਹਾਸ ਦੀ ਜਾਣਕਾਰੀ ਦੇਣ ਲਈ ਇਸ ਯਾਦਗਾਰੀ ਚਿੰਨ੍ਹ ਵਿਕਰੀ ਕੇਂਦਰ ਤੋਂ ਸ਼ਹੀਦਾਂ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੇ ਯਾਦਗਾਰੀ ਚਿੰਨ੍ਹ, ਵਸਤੂਆਂ ਮਿਲਣਗੀਆਂ, ਜੋ ਉਨ੍ਹਾਂ ਦੇ ਹਨੀਵਾਲਾ ਵਿਖੇ ਆਉਣ ਦੀ ਯਾਦ ਨੂੰ ਵੀ ਤਾਜ਼ਾ ਰੱਖਣਗੇ। ਉਨ੍ਹਾਂ ਦੱਸਿਆ ਕਿ ਇਸ ਯਾਦਗਾਰੀ ਵਿੱਕਰੀ ਕੇਂਦਰ ਤੋਂ ਘੜੀਆਂ, ਟੀ-ਸ਼ਰਟਾਂ, ਪੈੱਨ, ਡਾਇਰੀ, ਚਾਬੀਆਂ ਵਾਲੇ ਛੱਲੇ, ਕੱਪ, ਕਿਤਾਬਾਂ, ਕਲਾਕ ਆਦਿ ਯਾਦਗਾਰੀ ਚਿੰਨ੍ਹ ਮਿਲਣਗੇ। ਇਸ ਵਿਕਰੀ ਕੇਂਦਰ ਦਾ ਸੰਚਾਲਨ ਰੈੱਡ ਕਰਾਸ ਸੰਸਥਾ ਵੱਲੋਂ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹੀਦੀ ਸਮਾਰਕ ਨੂੰ ਹੋਰ ਆਕਰਸ਼ਿਤ ਬਣਾਉਣ ਲਈ ਵੀ ਵੱਡੇ ਉਪਰਾਲੇ ਆਰੰਭੇ ਜਾ ਰਹੇ ਹਨ ਤਾਂ ਜੋ ਇਥੇ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ/ਸੈਲਾਨੀਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋ ਸਕੇ। ਇਸ ਮੌਕੇ ਸਕੱਤਰ ਰੈੱਡ ਕਰਾਸ ਸ੍ਰੀ ਅਸ਼ੋਕ ਬਹਿਲ ਵੀ ਹਾਜ਼ਰ ਸਨ।

## ਦੇਵ ਮਾਨ ਨੇ ਹਰਜੋਤ ਬੈਂਸ ਨੂੰ ਦਿੱਤੀ ਮੁਬਾਰਕਬਾਦ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਡਾ. ਜਯੋਤੀ ਯਾਦਵ ਆਈ ਪੀ ਐੱਸ ਦਾ ਵਿਆਹ ਸਮਾਗਮ ਐੱਨ ਐੱਫ ਐੱਲ ਸਟੇਡੀਅਮ ਨਵਾਂ ਨੰਗਲ, ਰੋਪੜ ਵਿਖੇ ਹੋਇਆ, ਜਿਸ ਵਿੱਚ ਪੰਜਾਬ ਸਰਕਾਰ ਦੇ ਸਾਰੇ ਕੈਬਨਿਟ ਮੰਤਰੀ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ਼ਾਮਲ ਹੋਏ, ਉਥੇ ਹੀ ਹਲਕਾ ਵਿਧਾਨ ਸਭਾ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੇ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਸਰਕਾਰ ਤੇ ਆਈ ਪੀ ਐੱਸ ਜੋਯਤੀ ਯਾਦਵ ਨੂੰ ਵਿਆਹ ਤੇ ਨਵੀ ਜ਼ਿੰਦਗੀ ਸ਼ੁਰੂ ਕਰਨ ਲਈ ਮੁਬਾਰਕਬਾਦ ਦਿੱਤੀ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਸ ਜੋੜੀ ਨੂੰ ਚੜ੍ਹਦੀ ਕਲਾ ਵਿੱਚ ਰੱਖੇ। ਇਸ ਮੌਕੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਅਮਨ ਅਰੋੜਾ, ਲਾਲ ਚੰਦ ਕਟਾਰੂਚੱਕ, ਹਰਪਾਲ ਸਿੰਘ ਚੀਮਾ ਸਾਰੇ ਕੈਬਨਿਟ ਮੰਤਰੀ, ਪ੍ਰੋ. ਬਲਜਿੰਦਰ ਕੌਰ ਸੀਨੀਅਰ ਵਿਧਾਇਕ, ਤੇਜਿੰਦਰ ਸਿੰਘ ਖਹਿਰਾ, ਕਪਿਲ ਮਾਨ, ਪੰਕਜ ਕੁਮਾਰ ਪੱਪੂ ਸਟੀਲ ਆਦਿ ਹਾਜ਼ਰ ਸਨ।

## ਕੁਦਰਤੀ ਆਫਤ ਕਾਰਨ ਫਸਲਾਂ ਤੇ ਘਰਾਂ ਦੇ ਹੋਏ ਨੁਕਸਾਨ ਦਾ ਇੱਕ ਏਕੜ ਨੂੰ ਇਕਾਈ ਮੰਨ ਕੇ ਮੁਆਵਜ਼ਾ ਦੇਵੇ ਸਰਕਾਰ : ਸਿੱਧੂਪੁਰ

**ਬਰੇਟਾ (ਗੋਬਿੰਦ ਸ਼ਰਮਾ)**



ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਬੀਤੇ ਹਫਤੇ ਬੇਮੌਸਮੀ ਬਰਸਾਤ ਤੇ ਗੜੇਮਾਰੀ ਕਾਰਨ ਹੋਏ ਫਸਲਾਂ, ਬਾਗਾਂ, ਸਬਜ਼ੀਆਂ ਤੇ ਮਕਾਨਾਂ ਦੇ ਨੁਕਸਾਨ ਦੀ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਵਾਉਣ ਲਈ ਸਮੂਹ ਜ਼ਿਲ੍ਹਾ ਹੈੱਡਕੁਆਰਟਰਾਂ ਉੱਪਰ ਪੰਜਾਬ ਸਰਕਾਰ ਦੇ ਨਾਮ ਡੀ ਸੀ ਦਫਤਰਾਂ ਨੂੰ ਮੰਗ ਪੱਤਰ ਦਿੱਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਖਵੀਰ ਸਿੰਘ ਅਕਲੀਆ ਜ਼ਿਲ੍ਹਾ ਪ੍ਰਧਾਨ ਮਾਨਸਾ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਲਗਾਤਾਰ ਕਈ ਫਸਲਾਂ ਉੱਪਰ ਪਈਆਂ ਕੁਦਰਤੀ ਮਾਰਾਂ ਤੇ ਸਰਕਾਰਾਂ ਦੀ ਕਿਰਤੀ ਵਰਗ ਪ੍ਰਤੀ ਵਰਤੀ ਬੇਰੁਖੀ ਕਰਕੇ ਲੋਕਾਂ ਦਾ ਲੱਕ ਟੁੱਟ ਚੁੱਕਾ ਹੈ। ਸਰਕਾਰਾਂ ਦੀਆਂ ਨੀਤੀਆਂ ਤੇ ਸੋਚਾਂ ਦੀ ਸੰਜੀਦਗੀ ਦਾ ਅੰਦਾਜ਼ਾ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਦੇ ਬੀਤੇ ਦਿਨਾਂ ਵਿੱਚ, ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਬੁਰੀ ਤਰ੍ਹਾਂ ਡਿੱਗਣ ਤੇ ਖੇਤਾਂ ਵਿੱਚ ਦਿਨਾਂ ਬੱਧੀ ਪਾਣੀ ਖੜਨ ਕਰਕੇ ਪੂਰਾ ਤਰ੍ਹਾਂ ਖਰਾਬ ਹੋਣ ਨੂੰ "ਨਾ-ਮਾਤਰ ਨੁਕਸਾਨ" ਕਹਿਣ ਵਾਲੇ ਬਿਆਨ ਤੋਂ ਲਗਾਇਆ ਜਾ ਸਕਦਾ ਹੈ। ਤਰਸੇਮ ਸਿੰਘ ਗੋਬਿੰਦਪੁਰਾ ਨੇ ਕਿਹਾ ਕਿ ਇਹ ਸਿਰਫ ਫਸਲਾਂ ਦਾ ਮਸਲਾ ਨਹੀਂ, ਸਗੋਂ ਇਹ ਕਿਰਤੀ ਵਰਗ ਦੀਆਂ ਆਸਾਂ ਤੇ ਉਮੀਦਾਂ ਸਨ। ਇਸ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫਸਲਾਂ ਦੇ ਹੋਏ ਇਸ ਖਰਾਬੇ ਦੀ ਤੁਰੰਤ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕਰਕੇ, ਹੋਏ ਨੁਕਸਾਨ ਦਾ ਇੱਕ ਏਕੜ ਨੂੰ ਇਕਾਈ ਮੰਨ ਕੇ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਨਾਲ ਹੀ ਜੋ ਕਿਸਾਨਾਂ ਦੇ ਫਸਲੀ ਹੱਦ ਕਰਜ਼ੇ ਦੀਆਂ ਕਿਸ਼ਤਾਂ ਹਨ, ਉਨ੍ਹਾਂ ਵਿੱਚ ਥੋੜ੍ਹੀ ਰਾਹਤ ਦੇ ਕੇ ਅਗਲੀ ਫਸਲ ਤੱਕ ਲਿਜਾਇਆ ਜਾਵੇ ਤੇ ਨਾਲ ਹੀ, ਜੋ ਉਸ ਫਸਲੀ ਹੱਦ ਕਰਜ਼ੇ ਉੱਪਰ ਲੱਗਣ ਵਾਲਾ ਵਿਆਜ ਹੈ, ਉਸ ਨੂੰ ਵੀ ਮੁਆਫ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਕੁਦਰਤੀ ਆਫਤਾਂ ਤੋਂ ਬਚਾਉਣ ਲਈ ਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਹੋ ਰਹੇ ਇਸ ਨੁਕਸਾਨ ਦੀ ਪੂਰਤੀ ਕਰਨ ਲਈ ਕਿਸਾਨਾਂ ਦੀਆਂ ਫਸਲਾਂ ਦਾ ਬੀਮਾ ਆਪਣੇ ਤੌਰ 'ਤੇ ਕਰਵਾਏ ਤੇ ਮੰਡੀ ਬੋਰਡ ਨੂੰ ਮੰਡੀਆਂ ਵਿੱਚੋਂ ਹੋਣ ਵਾਲੀ ਆਮਦਨ ਵਿੱਚੋਂ ਫਸਲਾਂ ਦੇ ਹੋਣ ਵਾਲੇ ਇਸ ਬੀਮੇ ਦਾ ਪ੍ਰੀਮੀਅਰ ਭਰੇ ਤਾਂ ਜੋ ਕਿਸਾਨਾ ਦੀ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਕਰਕੇ ਕਿਸਾਨਾਂ ਦੀ ਸਮੇਂ ਸਿਰ ਆਰਥਿਕ ਤੌਰ ਤੇ ਬਾਂਹ ਫੜੀ ਜਾ ਸਕੇ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਸਰਬ-ਸੰਮਤੀ ਨਾਲ ਚੋਣ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਰਾਮਪੁਰਾ ਫੂਲ ਦੀ ਦੋ ਸਾਲਾ ਚੋਣ ਸਥਾਨਕ ਟੀਚਰ ਹੋਮ ਵਿਖੇ ਸਰਵਸੰਮਤੀ ਨਾਲ ਹੋਈ। ਸਭ ਤੋਂ ਪਹਿਲਾਂ ਪਿਛਲੇ ਹਿਸਾਬ ਕਿਤਾਬ ਤੇ ਗਤੀਵਿਧੀਆ ਸਬੰਧੀ ਰਿਪੋਰਟ ਪੜ੍ਹ ਕੇ ਸੁਣਾਈ ਗਈ। ਬਲਾਕ ਪ੍ਰਧਾਨ ਡਾਕਟਰ ਚਮਕੌਰ ਸਿੰਘ ਵੱਲੋਂ ਪੁਰਾਣੀ ਬਾਡੀ ਨੂੰ ਭੰਗ ਕਰਨ ਉਪਰੰਤ ਨਵੀਂ ਬਾਡੀ ਦੀ ਚੋਣ ਸਰਬਸੰਮਤੀ ਨਾਲ ਹੇਠ ਲਿਖੇ ਅਨੁਸਾਰ ਕੀਤੀ ਗਈ। ਚੇਅਰਮੈਨ ਡਾਕਟਰ ਗੁਰਸੇਵਕ ਸਿੰਘ ਢੱਡੇ, ਪ੍ਰਧਾਨ ਡਾਕਟਰ ਨਿਰਮਲ ਸਿੰਘ ਚਾਉਕੇ, ਸੀਨੀਅਰ ਮੀਤ ਪ੍ਰਧਾਨ ਡਾਕਟਰ ਮਲਕੀਤ ਸਿੰਘ ਸੰਧੂ ਖੁਰਦ, ਮੀਤ ਪ੍ਰਧਾਨ ਡਾਕਟਰ ਰਵੇਲ ਸਿੰਘ ਗੁਰੂਸਰ ਮਹਿਰਾਜ, ਮੀਤ ਪ੍ਰਧਾਨ ਡਾਕਟਰ ਚਮਕੌਰ ਸਿੰਘ ਮਹਿਰਾਜ, ਸਕੱਤਰ ਡਾਕਟਰ ਦੇਵਰਾਜ ਕੋਟੜੇ ਵਾਲੇ, ਸਹਾਇਕ ਸਕੱਤਰ ਡਾਕਟਰ ਭਰਥਰੀ ਸ਼ਰਮਾ, ਕੈਸ਼ੀਅਰ ਡਾਕਟਰ ਕੌਰ ਸਿੰਘ ਫੂਲ, ਸਹਾਇਕ ਕੈਸ਼ੀਅਰ ਡਾਕਟਰ ਹਰਵਿੰਦਰ ਸਿੰਘ ਢਿਪਾਲੀ, ਸਲਾਹਕਾਰ ਡਾਕਟਰ ਭੁਪਿੰਦਰ ਸਿੰਘ ਪਾਂਧੀ ਬਾਲਿਆਂਵਾਲੀ, ਸਹਾਇਕ ਕੈਸ਼ੀਅਰ ਜਗਵਿੰਦਰ ਸਿੰਘ, ਪ੍ਰੈੱਸ ਸਕੱਤਰ ਮਨਜੀਤ ਸਿੰਘ, ਸਲਾਹਕਾਰ ਡਾਕਟਰ ਜਗਜੀਵਨ ਸਿੰਘ ਢੱਡੇ, ਕਾਨੂੰਨੀ ਸਲਾਹਕਾਰ ਡਾਕਟਰ ਇਕਬਾਲ ਸਿੰਘ ਮਾਨ ਬੁਰਜ ਮਾਨਸ਼ਾਹੀਆ, ਮੁੱਖ ਸਲਾਹਕਾਰ ਡਾਕਟਰ ਰੇਸ਼ਮ ਸਿੰਘ ਫੂਲ ਆਦਿ ਦੀ ਚੋਣ ਕੀਤੀ ਗਈ। ਇਸ ਚੋਣ ਅਜਲਾਸ ਵਿੱਚ ਸਟੇਟ ਕੈਸ਼ੀਅਰ ਐੱਚ ਐੱਸ ਰਾਣੂ, ਜ਼ਿਲ੍ਹਾ ਪ੍ਰਧਾਨ ਬਠਿੰਡਾ ਡਾਕਟਰ ਮੇਵਾ ਸਿੰਘ ਬਰਾੜ, ਜ਼ਿਲ੍ਹਾ ਸਕੱਤਰ ਡਾਕਟਰ ਮਨਪ੍ਰੀਤ ਸਿੰਘ ਧਾਲੀਵਾਲ, ਜ਼ਿਲ੍ਹਾ ਚੇਅਰਮੈਨ ਡਾਕਟਰ ਜਗਤਾਰ ਸਿੰਘ ਫੂਲ, ਸਟੇਟ ਕਮੇਟੀ ਮੈਂਬਰ ਡਾਕਟਰ ਹਰਦੇਵ ਸ਼ਰਮਾ ਆਦਿ ਚੋਣ ਅਬਜ਼ਰਵਰ ਤੌਰ 'ਤੇ ਪਹੁੰਚੇ ਸਨ। ਇਸ ਮੌਕੇ ਨਵੇਂ ਚੁਣੇ ਗਏ ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਨੇ ਕਿਹਾ ਜੋ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਹੈ, ਮੈਂ ਉਸ ਨੂੰ ਤਨੋਂ ਮਨੋਂ ਨਿਭਾਵਾਂਗਾ।

## ਐੱਸ ਆਰ ਐੱਸ ਵਿੱਦਿਆਪੀਠ 'ਚ ਰੀਗੇਲੀਆ ਪਰੀ ਸਮਰ ਕੈਂਪ ਜਾਰੀ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਤੇ ਚੇਅਰਮੈਨ ਸਿੰਗਲਾ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਥਕਾਵਟ ਤੋਂ ਰਾਹਤ ਦਿਵਾਉਣ ਲਈ ਨਰਸਰੀ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਰੀਗੇਲੀਆ ਪਰੀ ਸਮਰ ਕੈਂਪ 22 ਮਾਰਚ ਤੋਂ 31 ਮਾਰਚ ਤੱਕ ਲਗਾਉਣ ਦਾ ਉਪਰਾਲਾ ਕੀਤਾ ਗਿਆ, ਜੋ ਕਿ ਪੂਰੀ ਸਫ਼ਲਤਾ ਨਾਲ ਚੱਲ ਰਿਹਾ ਹੈ। ਇਸ ਕੈਂਪ ਵਿੱਚ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਜਿਵੇਂ ਕਿ ਸੰਗੀਤ, ਫਰੈਂਚ, ਹਰ ਵਿਸ਼ੇ ਲਈ ਲੈਬ ਕਲਾਸਿਸ, ਸਪੋਕਨ ਇੰਗਲਿਸ਼ ਕਲਾਸਿਸ, ਡਾਂਸ, ਫਿਟਨੈੱਸ, ਸਪੋਰਟਸ ਤੇ ਯੋਗਾ ਕਲਾਸਿਸ ਆਦਿ ਗਤੀਵਿਧੀਆਂ ਸ਼ਾਮਲ ਹਨ। ਇਸ ਸਮਰ ਕੈਂਪ ਵਿੱਚ ਹਿੱਸਾ ਲੈ ਕੇ ਵਿਦਿਆਰਥੀ ਬਹੁਤ ਹੀ ਖ਼ੁਸ਼ ਹਨ। ਇਸ ਕੈਂਪ ਵਿੱਚ ਵਿਦਿਆਰਥੀਆਂ ਨੂੰ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਬੱਚਿਆਂ ਨੂੰ ਫਿੱਟ ਰੱਖਣ ਲਈ ਫਿਟਨੈੱਸ ਕਸਰਤ ਤੇ ਯੋਗਾ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਵੀ ਦਿੱਤਾ ਗਿਆ। ਵਿਦਿਆਰਥੀਆਂ ਨੂੰ ਸੰਗੀਤ, ਨਾਚ, ਯੋਗਾ, ਫਰੈਂਚ ਕਲਾਸਿਸ, ਸਪੋਕਨ ਇੰਗਲਿਸ਼ ਕਲਾਸ ਤੇ ਖੇਡਾਂ ਕਰਵਾ ਕੇ ਉਨ੍ਹਾਂ ਦਾ ਮਨੋਰੰਜਨ ਕੀਤਾ ਗਿਆ। ਇਸ ਤੋਂ ਬਾਅਦ ਸਾਰੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਖਾਟੂ ਸ਼ਾਮ ਜੀ ਦਾ ਪ੍ਰਸ਼ਾਦ ਵੀ ਵਰਤਾਇਆ ਗਿਆ। ਸਾਰੇ ਵਿਦਿਆਰਥੀ ਇਸ ਕੈਂਪ ਦਾ ਬਹੁਤ ਹੀ ਆਨੰਦ ਮਾਣ ਰਹੇ ਹਨ। ਸਕੂਲ ਦੇ ਸਮੂਹ ਵਿਦਿਆਰਥੀ ਇਸ ਕੈਂਪ ਦਾ ਭਰਪੂਰ ਆਨੰਦ ਲੈ ਰਹੇ ਹਨ।

## ਪਿੰਗਲਵਾੜਾ ਸ਼ਾਖਾ ਸੰਗਰੂਰ ਦਾ ਸਥਾਪਨਾ ਦਿਵਸ ਮਨਾਇਆ

**ਸੰਗਰੂਰ (ਪ੍ਰਵੀਨ ਸਿੰਘ)**



ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸਥਾਪਤ ਪਿੰਗਲਵਾੜਾ ਸ਼ਾਖਾ ਸੰਗਰੂਰ ਦਾ 23ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਡਾ. ਇੰਦਰਜੀਤ ਕੌਰ, ਤਰਲੋਚਨ ਸਿੰਘ ਚੀਮਾ, ਹਰਜੀਤ ਸਿੰਘ ਅਰੋੜਾ, ਮੇਜਰ ਸਿੰਘ ਧੂਰੀ, ਮਾਸਟਰ ਸਤਪਾਲ ਸ਼ਰਮਾ ਦੀ ਦੇਖ ਰੇਖ ਹੇਠ ਮਨਾਇਆ ਗਿਆ। ਰਾਜਵਿੰਦਰ ਸਿੰਘ ਲੱਕੀ ਤੇ ਸਮਰਪਤ ਸਿੰਘ ਦੁਆਰਾ ਖ਼ੂਬਸੂਰਤ ਦਿੱਖ ਵਾਲੀ ਸਟੇਜ ਤੇ ਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਕੀਤਾ ਗਿਆ। ਉਪਰੰਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਤੇ ਸੁਰਿੰਦਰ ਪਾਲ ਸਿੰਘ ਸਿਦਕੀ ਦੀ ਅਗਵਾਈ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਪਿੰਗਲਵਾੜਾ ਪਰਿਵਾਰ ਦੇ ਕੀਰਤਨੀ ਜਥਿਆਂ ਨੇ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਪ੍ਰਸਿੱਧ ਸਮਾਜ ਸੇਵੀ ਡਾ. ਅਮਰਜੀਤ ਸਿੰਘ ਮਾਨ, ਸੁਰਿੰਦਰ ਪਾਲ ਸਿੰਘ ਸਿਦਕੀ, ਪ੍ਰਿੰਸੀਪਲ ਗੁਰਮੀਤ ਕੌਰ ਭੱਠਲ, ਡਾ. ਚਰਨਜੀਤ ਸਿੰਘ ਉਡਾਰੀ ਤੇ ਪੀ ਅਰੋੜਾ, ਵਿਨਰਜੀਤ ਸਿੰਘ ਗੋਲਡੀ ਆਦਿ ਨੇ ਸੰਗਰੂਰ ਸ਼ਾਖਾ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਦੇ ਸਿਹਤ ਦੇ ਕੀਤੇ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਤੇ ਇਲਾਕਾ ਨਿਵਾਸੀਆਂ ਨੂੰ ਯੋਗਦਾਨ ਪਾਉਣ ਲਈ ਕਿਹਾ। ਇਸ ਸਮਾਗਮ ਲਈ ਸੰਤ ਅਤਰ ਸਿੰਘ ਗੁਰਮਤਿ ਕਾਲਜ, ਬਾਬਾ ਸਾਹਿਬ ਦਾਸ ਸੇਵਾ ਦਲ ਤੇ ਹੋਰ ਇਲਾਕੇ ਦੀ ਪੰਚਾਇਤਾਂ, ਸੰਸਥਾਵਾਂ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਵੱਖ ਵੱਖ ਸੰਸਥਾਵਾਂ ਵੱਲੋਂ ਬਲਦੇਵ ਸਿੰਘ ਗੋਸਲ, ਰਾਜ ਕੁਮਾਰ ਅਰੋੜਾ, ਪਰਮਿੰਦਰ ਕੌਰ, ਸਿਵਲ ਸਰਜਨ ਡ. ਇੰਦਰਜੋਤ ਕੌਰ, ਅਮਨਪ੍ਰੀਤ ਕੌਰ, ਡਾ. ਇੰਦਰਮੋਹਨ ਸਿੰਘ, ਹਰਜੀਤ ਸਿੰਘ ਢੀਂਗਰਾ, ਲਾਭ ਸਿੰਘ, ਕੁਲਵੰਤ ਸਿੰਘ ਸਮੇਤ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ।

## ਜੋਗੀ ਪੀਰ ਵਿਖੇ ਬਣੇਗਾ ਆਧੁਨਿਕ ਸਹੂਲਤਾਂ ਵਾਲਾ ਖੇਡ ਸਟੇਡੀਅਮ : ਅੱਕਾਂਵਾਲੀ

**ਮਾਨਸਾ (ਆਤਮਾ ਸਿੰਘ ਪਮਾਰ)**-ਜੋਗੀਪੀਰ ਰੱਲਾ ਵਿਖੇ ਚੱਲ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੇ ਜੇਤੂ ਖਿਡਾਰੀਆਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਹੁਣ ਪੰਜਾਬ ਰਾਜ ਦੇ ਖਿਡਾਰੀਆਂ ਦਾ ਭਵਿੱਖ ਸੁਨਹਿਰੀ ਹੋਵੇਗਾ, ਕਿਉਂਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਸੰਬੰਧੀ ਵਿਸ਼ੇਸ਼ ਖੇਡ ਨੀਤੀ ਬਣਾਈ ਜਾ ਰਹੀ ਹੈ, ਜਿਸ ਦੇ ਭਵਿੱਖ 'ਚ ਸਾਰਥਿਕ ਸਿੱਟੇ ਸਾਹਮਣੇ ਆਉਣਗੇ। ਅੱਕਾਂਵਾਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਦੇਖ-ਰੇਖ ਹੇਠ ਤਿਆਰ ਹੋ ਰਹੀ ਖੇਡ ਨੀਤੀ ਨਾਲ ਭਵਿੱਖ 'ਚ ਪੰਜਾਬ ਦੇ ਖਿਡਾਰੀਆਂ ਨੂੰ ਉਲੰਪਿਕ ਖੇਡਾਂ ਦੇ ਕਾਬਲ ਬਣਾਇਆ ਜਾਵੇਗਾ ਤਾਂ ਕਿ ਦੁਨੀਆ ਪੱਧਰ 'ਤੇ ਪੰਜਾਬ ਦਾ ਨਾਮ ਹੋਰ ਉੱਚਾ ਹੋ ਸਕੇ। ਚੇਅਰਮੈਨ ਅੱਕਾਂਵਾਲੀ ਨੇ ਕਿਹਾ ਕਿ ਜੋਗੀਪੀਰ ਰੱਲਾ ਵਿਖੇ ਆਧੁਨਿਕ ਸਾਹੂਲਤਾਂ ਵਾਲਾ ਖੇਡ ਸਟੇਡੀਅਮ ਬਣਾਇਆ ਜਾਵੇਗਾ ਤਾਂ ਕਿ ਮਾਨਸਾ ਜ਼ਿਲ੍ਹੇ ਦੇ ਖਿਡਾਰੀ ਖੇਡਾਂ 'ਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਣ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਨਜੀਤ ਸਿੰਘ ਸਰਪੰਚ, ਇੰਦਰਜੀਤ ਸਿੰਘ ਉੱਭਾ, ਬੱਘੀ ਸਿੰਘ, ਪੰਚਾਇਤ ਮੈਂਬਰ ਡਾ. ਜਗਸੀਰ ਸਿੰਘ ਪੰਚਾਇਤ ਮੈਂਬਰ, ਬਿੱਕਰ ਸਿੰਘ, ਭੂਰਾ ਸਿੰਘ, ਅਜੈਬ ਸਿੰਘ, ਜੁਗਰਾਜ ਸਿੰਘ ਹਾਜ਼ਰ ਸਨ।

## ਨਰਸਿੰਗ ਇੰਸਟੀਚਿਊਟ ਨੇ ਵਿਸ਼ਵ ਟੀ ਬੀ ਦਿਵਸ ਮਨਾਇਆ




**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਤੇ ਪੈਰਾ-ਮੈਡੀਕਲ ਸੰਸਥਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਰੁਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਨਰਸਿੰਗ ਇੰਸਟੀਚਿਊਟ ਵੱਲੋਂ ਵਿਸ਼ਵ ਟੀ ਬੀ ਦਿਵਸ ਮਨਾਇਆ ਗਿਆ। ਇਸ ਮੌਕੇ ਮਾਨਯੋਗ ਪ੍ਰਿੰਸੀਪਲ ਰੁਪਿੰਦਰ ਕੌਰ ਨੇ ਟੀ ਬੀ ਦੇ ਕਾਜਟਿਵ ਏਜੰਟ ਮਾਈਕੋਬੈਕਟੀਰੀਅਮ ਟੂਯੋਬਰਕੋਲਾਵਿ ਬਾਰੇ ਤੇ ਇਸ ਦੀ ਰੋਕਥਾਮ ਬਾਰੇ ਜਾਗਰੂਕ ਕੀਤਾ ਅਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਹੌਸਲਾ ਅਫਜ਼ਾਈ ਕੀਤੀ। ਉਹ ਇਸ ਤਰ੍ਹਾਂ ਹੀ ਸਮਾਜ ਨੂੰ ਇਨ੍ਹਾਂ ਬਿਮਾਰੀਆਂ ਬਾਰੇ ਜਾਗਰੂਕ ਕਰਵਾਉਂਦੇ ਰਹਿਣ ਤੇ ਕਿਹਾ ਕਿ ਕੋਈ ਵੀ ਇਸ ਤਰ੍ਹਾਂ ਦੇ ਰੋਗ ਤੋਂ ਪੀੜਤ ਮਰੀਜ਼ ਨੂੰ ਇਲਾਜ ਕਰਵਾਉਣ ਬਾਰੇ ਸਰਕਾਰੀ ਹਸਪਤਾਲ ਬਾਰੇ ਦੱਸਣ, ਜਿੱਥੇ ਬਿਲਕੁਲ ਫਰੀ ਇਲਾਜ ਮਿਲਦਾ ਹੈ ਤੇ ਸੁਰੱਖਿਅਕ ਸਮਾਜ ਸਿਰਜਣ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਕਿਹਾ। ਇਸ ਮੌਕੇ ਦੇਸ਼ ਭਗਤ ਕੈਂਪਸ ਦੇ ਸੁਪਰਡੈਂਟ ਸ੍ਰੀ ਮੇਜਰ ਚੰਦ ਤੇ ਦੇਸ਼ ਭਗਤ ਦੇ ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ ਤੇ ਸਮੂਹ ਸਟਾਫ ਮੌਜੂਦ ਸਨ।

## ...ਸ.ਫਾ 1 ਦੇ ਬਾਕੀ

### ਕੇਂਦਰ ਸਰਕਾਰ ਦੇ ਕੋਝੇ...

ਲਿਆਉਣ ਲਈ ਕਿਹਾ ਗਿਆ, ਜਿਹੜਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਸੀ। ਮਾਨ ਨੇ ਕਿਹਾ ਕਿ ਅਜਿਹੇ ਫੈਸਲਿਆਂ ਨਾਲ ਕੇਂਦਰ ਤੇ ਸੂਬਿਆਂ ਦੇ ਰਿਸ਼ਤਿਆਂ ਉਤੇ ਮਾੜਾ ਪ੍ਰਭਾਵ ਪੈਂਦਾ ਹੈ। ਇਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਕਾਨੂੰਨ ਆਪਣਾ ਕੰਮ ਕਰੇਗਾ। ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ ਸ਼ਾਂਤੀ ਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਹਰ ਸੰਭਵ ਕਦਮ ਚੁੱਕਿਆ ਹੈ। ਉਹਨਾ ਪੰਜਾਬ ਵਿੱਚ ਹਰ ਕੀਮਤ ਉਤੇ ਕਾਨੂੰਨ-ਵਿਵਸਥਾ ਬਰਕਰਾਰ ਰੱਖਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਈ। ਮੁੱਖ ਮੰਤਰੀ ਨੇ ਆਖਿਆ ਕਿ ਉਹ ਇਸ ਗੱਲ ਦੇ ਹਮਾਇਤੀ ਹਨ ਕਿ ਵਿਚਾਰਾਂ ਤੇ ਨਜ਼ਰੀਏ ਦੇ ਵਖਰੇਵਿਆਂ ਵਾਲੀ ਜਮਹੂਰੀਅਤ ਹਮੇਸ਼ਾ ਸਫ਼ਲ ਰਹਿੰਦੀ ਹੈ। ਲੋਕਤੰਤਰ ਵਿੱਚ ਵਿਰੋਧੀ ਧਿਰ ਤੇ ਸੱਤਾਧਾਰੀ ਦੋਵੇਂ ਅਹਿਮ ਧਿਰਾਂ ਹੁੰਦੀਆਂ ਹਨ। ਜਮਹੂਰੀਅਤ ਵਿੱਚ ਹਰ ਕੀਮਤ ਉਤੇ ਲੋਕਾਂ ਦੀ ਆਵਾਜ਼ ਦਾ ਸਤਿਕਾਰ ਹੋਣਾ ਚਾਹੀਦਾ ਹੈ।

### ਅੰਮ੍ਰਿਤਪਾਲ ਨੇਪਾਲ...

ਪਾਸਪੋਰਟ ਹਨ। ਇਸੇ ਦੌਰਾਨ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਅੰਮ੍ਰਿਤਪਾਲ ਸਿੰਘ ਦੇ ਇੱਕ ਹੋਰ ਸਾਥੀ ਵਰਿੰਦਰ ਸਿੰਘ ਉਰਫ ਫੌਜੀ ਵਾਸੀ ਤਰਨ ਤਾਰਨ ਨੂੰ ਗ੍ਰਿਫਤਾਰ ਕਰਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ। ਥਲ ਸੈਨਾ 'ਚੋਂ ਰਿਟਾਇਰ ਵਰਿੰਦਰ ਅੰਮ੍ਰਿਤਪਾਲ ਦਾ ਅੰਗ ਰੱਖਿਅਕ ਸੀ। ਉਸ ਕੋਲ ਜੰਮੂ-ਕਸ਼ਮੀਰ ਤੋਂ ਜਾਰੀ ਹਥਿਆਰਾਂ ਦਾ ਲਾਇਸੈਂਸ ਸੀ, ਜੋ 23 ਫਰਵਰੀ ਨੂੰ ਅਜਨਾਲਾ ਝੜਪ ਤੋਂ ਬਾਅਦ ਰੱਦ ਕਰ ਦਿੱਤਾ ਗਿਆ ਸੀ। ਉਹ ਉਨ੍ਹਾਂ 10 ਬੰਦੂਕਧਾਰੀਆਂ 'ਚ ਸ਼ਾਮਲ ਸੀ, ਜੋ ਹਰ ਸਮੇਂ ਅੰਮ੍ਰਿਤਪਾਲ ਦੇ ਨਾਲ ਰਹਿੰਦੇ ਸਨ।

## ਕਰਮਜੀਤ ਢਢੋਗਲ ਬੀ ਕੇ ਯੂ ਕਾਦੀਆਂ ਦੇ ਮੁੜ ਜ਼ਿਲ੍ਹਾ ਪ੍ਰਧਾਨ ਬਣੇ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਸੰਗਰੂਰ ਦੀ ਸੂਬਾਈ ਆਗੂਆਂ ਜਗਦੇਵ ਸਿੰਘ ਕਾਹਨੇਵਾਲੀ ਸੂਬਾ ਜਨਰਲ ਸਕੱਤਰ, ਕੁਲਦੀਪ ਸਿੰਘ ਚੱਕ ਭਾਈਕਾ ਸੂਬਾ ਸੀਨੀਅਰ ਮੀਤ ਪ੍ਰਧਾਨ, ਭੂਪਿੰਦਰ ਸਿੰਘ ਬਨਭੌਰਾ ਸੂਬਾ ਮੀਤ ਪ੍ਰਧਾਨ, ਕੁਲਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ, ਪੂਰਨ ਸਿੰਘ ਚੂੰਘਾਂ ਸੂਬਾ ਕਮੇਟੀ ਮੈਂਬਰ ਦੀ ਅਗਵਾਈ ਹੇਠ ਜ਼ਿਲ੍ਹਾ ਬਾਡੀ ਦੀ ਗੁਰਦੁਆਰਾ ਸਾਹਿਬ ਪਿੰਡ ਮੂਲੋਵਾਲ ਵਿਖੇ ਹੋਈ ਚੋਣ ਵਿੱਚ ਕਰਮਜੀਤ ਸਿੰਘ ਢਢੋਗਲ ਨੂੰ ਸਰਬਸੰਮਤੀ ਨਾਲ ਜਥੇਬੰਦੀ ਦਾ ਸੀਨੀਅਰ ਮੀਤ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਗੁਰਵਿੰਦਰ ਸਿੰਘ ਕਾਕਾ ਧੰਦੀਵਾਲ ਨੂੰ ਸੀਨੀਅਰ ਮੀਤ ਪ੍ਰਧਾਨ, ਹਰਬੰਸ ਸਿੰਘ ਹਰੇੜੀ ਜ਼ਿਲ੍ਹਾ ਜਨਰਲ ਸਕੱਤਰ, ਹਮੀਰ ਸਿੰਘ ਬੁਗਰਾ ਜ਼ਿਲ੍ਹਾ ਖਜ਼ਾਨਚੀ, ਰਣਜੀਤ ਸਿੰਘ ਮੂਲੋਵਾਲ ਬਲਾਕ ਪ੍ਰਧਾਨ ਧੂਰੀ, ਬਲਵਿੰਦਰ ਸਿੰਘ ਬਰੜਵਾਲ ਬਲਾਕ ਖਜ਼ਾਨਚੀ ਧੂਰੀ, ਪਰਵਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮਨਦੀਪ ਸਿੰਘ ਬਰੜਵਾਲ, ਜਸਪਾਲ ਸਿੰਘ ਬਰੜਵਾਲ, ਪਰਮਿੰਦਰ ਕੁਮਾਰ ਬਾਦਸ਼ਾਹਪੁਰ ਬਲਾਕ ਪ੍ਰਧਾਨ ਸ਼ੇਰਪੁਰ, ਰਣਜੀਤ ਸਿੰਘ ਹਰੇੜੀ ਬਲਾਕ ਪ੍ਰਧਾਨ ਸੰਗਰੂਰ, ਜਸਵਿੰਦਰ ਸਿੰਘ ਬੁਗਰਾ ਪ੍ਰਧਾਨ ਯੂਥ ਵਿੰਗ, ਚਰਨਜੀਤ ਸਿੰਘ ਬਾਦਸ਼ਾਹਪੁਰ ਜ਼ਿਲ੍ਹਾ ਪ੍ਰਧਾਨ ਸ਼ਿਕਾਇਤ ਕਮੇਟੀ ਸੰਗਰੂਰ, ਬਲਕਾਰ ਸਿੰਘ ਬੁਗਰਾ ਮੈਂਬਰ ਸ਼ਿਕਾਇਤ ਕਮੇਟੀ ਸੰਗਰੂਰ, ਸਮਸ਼ੇਰ ਸਿੰਘ ਰਣੀਕੇ ਸੈਕਟਰੀ, ਗੁਰਜੰਟ ਸਿੰਘ ਹਰਚੰਦਪੁਰ ਇਕਾਈ ਪ੍ਰਧਾਨ, ਦਵਿੰਦਰ ਸਿੰਘ ਹਰਚੰਦਪੁਰ, ਸੁਰਿੰਦਰ ਸਿੰਘ ਹਰਚੰਦਪੁਰ, ਗੁਰਦੀਪ ਸਿੰਘ ਮੂਲੋਵਾਲ ਇਕਾਈ ਪ੍ਰਧਾਨ, ਮਨਦੀਪ ਸਿੰਘ ਗੋਰੀ, ਲਾਲੀ ਮੂਲੋਵਾਲ, ਪਰਮਜੀਤ ਸਿੰਘ ਮੂਲੋਵਾਲ ਖਜ਼ਾਨਚੀ, ਰਾਜ ਕੁਮਾਰ ਸਾਬਕਾ ਸਰਪੰਚ ਧੰਦੀਵਾਲ, ਪ੍ਰਿਤਪਾਲ ਸਿੰਘ ਧੰਦੀਵਾਲ ਇਕਾਈ ਪ੍ਰਧਾਨ, ਪਰਮਜੀਤ ਸਿੰਘ ਪੰਮਾ ਬਰੜਵਾਲ ਨੂੰ ਨਾਮਜ਼ਦ ਕੀਤਾ ਗਿਆ।

**TATA CAPITAL FINANCIAL SERVICES LIMITED**
Contact Add.: 7th Floor Videocon Tower, Jhandewalan Extension New Delhi -110055 India.

### ਡਿਮਾਂਡ ਨੋਟਿਸ

ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ('ਰੂਲਜ਼') ਦੇ ਰੂਲ 3 ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ('ਐਕਟ', ਦੇ ਸੈਕਸ਼ਨ 13 (2) ਤਹਿਤ

ਸੇਵਾ ਵਿਖੇ

1. ਰਕੇਸ਼ ਕੁਮਾਰ, 2. ਅਨੀਤਾ ਮਿੱਤਲ, 3. ਡੀ ਕੇ ਮਿੱਤਲ ਹੌਜ਼ਰੀ, 4. ਆਰ ਐੱਸ ਨਿਟਵੀਅਰ,

ਸਾਰਿਆਂ ਦਾ ਪਤਾ : 1680/17, ਗਲੀ ਨੰ. 5, ਅਨੰਦਪੁਰਾ, ਲੁਧਿਆਣਾ, ਪੰਜਾਬ-141001,

ਨਾਲ ਹੀ : ਮਕਾਨ ਨੰ. 2270, ਗਲੀ ਨੰ. 2, ਵਾਰਡ ਨੰ. 19, ਕੁਲਦੀਪ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007

ਕਰਜ਼ਾ ਖਾਤਾ ਨੰ: **TCFLA0363000010951675** ਮਿਤੀ 28.02.2017 ਅਨੁਸਾਰ ਟੀ ਸੀ ਐੱਫ ਐੱਸ ਐੱਲ ਵੱਲੋਂ ਹੋਮ ਇਕੁਇਟੀ (ਐੱਲ ਏ ਪੀ) ਕਰਜ਼ਾ ਰਕਮ 1, 24,76,104/- (ਇੱਕ ਕਰੋੜ ਚੌਵੀ ਲੱਖ ਛਿਹੱਤਰ ਹਜ਼ਾਰ ਇੱਕ ਸੌ ਚਾਰ ਰੁਪਏ ਕੇਵਲ) 27.03.2023 ਤੋਂ ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮਟਿਡ (ਇਸ ਤੋਂ ਬਾਅਦ 'ਟੀ ਸੀ ਐੱਫ ਐੱਸ ਐੱਫ' ਵਜੋਂ ਹਵਾਲਾ) ਵੱਲ ਸਮੇਤ ਵਿਆਜ ਬਕਾਇਆ ਹਨ। ਵਾਰ-ਵਾਰ ਬੇਨਤੀਆਂ ਕੀਤੇ ਜਾਣ ਦੇ ਬਾਵਜੂਦ ਤੁਹਾਡੇ ਖਾਤੇ 'ਚ ਬਕਾਇਆ ਰਕਮ 'ਚੋਂ ਕੋਈ ਵੀ ਤੁਸੀਂ ਰਾਸ਼ੀ ਅਦਾ ਨਹੀਂ ਕੀਤੀ।

ਜੋ ਕਿ 07.02.2023 ਨੂੰ ਐੱਨ ਪੀ ਏ ਖਾਤਾ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ। ਜਿਵੇਂ ਕਿ ਆਰ ਬੀ ਆਈ ਦੀਆਂ ਗਾਈਡਲਾਈਨਾਂ ਦੀ ਪਾਲਣਾ 'ਚ, ਟੀ ਸੀ ਐੱਫ ਐੱਸ ਐੱਲ ਦੇ ਬਕਾਇਆ ਅਦਾ ਕਰਨ 'ਚ ਅਸਫਲ ਰਹਿਣ 'ਤੇ, ਮੈਂ ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੀਆਂ ਵਿਵਸਥਾਵਾਂ ਦੀ ਪਾਲਣਾ 'ਚ ਉਕਤ ਐਕਟ ਦੇ ਸੈਕਸ਼ਨ 13 (2) ਤਹਿ 27.03.2023 ਨੂੰ ਕਰਜ਼ੇ ਦੀ ਰਕਮ ਰੁਪਏ 1, 24,76,104/- ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੇ ਨੋਟਿਸ ਦੇ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਿਆਂ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਅਸਫਲ ਰਹਿਣ 'ਤੇ ਟੀ ਸੀ ਐੱਫ ਐੱਸ ਐੱਫ ਐਕਟ ਦੇ ਸੈਕਸ਼ਨ 13 (4) ਦੇ ਸਾਰੇ ਜਾਂ ਕਿਸੇ ਇੱਕ ਅਧਿਕਾਰ ਦੀ ਵਰਤੋਂ ਕਰੇਗਾ, ਜਿਸ ਵਿੱਚ ਤੁਹਾਡੇ ਵੱਲੋਂ ਟੀ ਸੀ ਐੱਫ ਐੱਸ ਐੱਲ ਦੇ ਹੱਕ 'ਚ ਹੇਠਾਂ ਦਰਸਾਈ ਜਾਇਦਾਦ 'ਤੇ ਸਕਿਉਰਟੀ ਹਿੱਤ ਲਾਗੂ ਹੈ।

#### ਸਾਰਣੀ ਏ

ਮਕਾਨ ਨੰ. 1680/17, ਗਲੀ ਨੰ. 5, ਅਨੰਦਪੁਰਾ, ਰਾਹੋਂ ਰੋਡ, ਨੇੜੇ ਡੀ ਏ ਮੋਟਰ, ਬਸਤੀ ਜੋਧੇਵਾਲ ਚੌਕ, ਜੀ ਟੀ ਰੋਡ, ਲੁਧਿਆਣਾ, ਪੰਜਾਬ-141001, ਰਕਬਾ 500 ਵਰਗ ਗਜ਼, ਬੈਨਾਮਾ ਮਿਤੀ 14/01/1998 ਸ੍ਰੀ ਰਕੇਸ਼ ਕੁਮਾਰ ਅਤੇ ਬੈਨਾਮਾ ਮਿਤੀ 18.02.1999 ਸ੍ਰੀ ਕੌਰ ਚੰਦ ਦੇ ਹੱਕ 'ਚ।

ਡਿਮਾਂਡ ਨੋਟਿਸ ਮਿਤੀ 27.03.2023 ਦੀ ਪ੍ਰਭਾਵਸ਼ਾਲੀ ਤਾਮੀਲ ਯਕੀਨੀ ਬਣਾਉਣ ਹਿੱਤ,

ਅਸੀਂ ਇਸ ਮੌਜੂਦਾ ਪ੍ਰਕਾਸ਼ਨ ਰਾਹੀਂ ਜਾਣਕਾਰੀ ਦੇ ਰਹੇ ਹਾਂ : ਤੁਹਾਨੂੰ ਉਕਤ ਐਕਟ ਦੇ ਸੈਕਸ਼ਨ 13 (2) ਅਧੀਨ ਉਪਰੋਕਤ ਦਰਸਾਈਆਂ ਦੇਣਦਾਰੀਆਂ ਇਸ ਨੋਟਿਸ ਦੇ 60 ਦਿਨਾਂ ਦੇ ਅੰਦਰ ਨਿਪਟਾਉਣ ਦਾ ਸੱਦਾ ਦਿੱਤਾ ਜਾਂਦਾ ਹੈ, ਅਸਫਲ ਰਹਿਣ 'ਤੇ ਟੀ ਸੀ ਐੱਫ ਐੱਸ ਐੱਲ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਸਾਰੇ ਜਾਂ ਕਿਸੇ ਅਧਿਕਾਰ ਦੀ ਵਰਤੋਂ ਕਰੇਗਾ। ਤੁਹਾਡੇ ਧਿਆਨ 'ਚ ਇਹ ਵੀ ਲਿਆਂਦਾ ਜਾਂਦਾ ਹੈ ਕਿ ਉਕਤ ਐਕਟ ਦੇ ਸੈਕਸ਼ਨ 13 (13) ਦੀਆਂ ਸ਼ਰਤਾਂ ਤਹਿਤ ਤੁਸੀਂ ਉਪਰੋਕਤ ਸਕਿਉਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।

ਸਥਾਨ : ਲੁਧਿਆਣਾ
ਮਿਤੀ : 28.03.2023

ਸਹੀ /-
ਅਧਿਕਾਰਤ ਅਫਸਰ
ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮਟਿਡ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28-March-page-3.qxd 3/27/2023 10:31 PM Page 1



# ਚੋਰਾਂ ਨੇ 4 ਸਰਕਾਰੀ ਸਕੂਲਾਂ ਤੇ ਆਂਗਣਵਾੜੀ ਸੈਂਟਰ ਨੂੰ ਬਣਾਇਆ ਨਿਸ਼ਾਨਾ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਚੋਰਾਂ ਨੇ 2 ਪਿੰਡਾਂ ਪਲਾਟਾ ਅਤੇ ਸਮੁੰਦੜੀਆਂ ਵਿਖੇ ਸਥਿਤ 4 ਸਰਕਾਰੀ ਸਕੂਲਾਂ ਨੂੰ ਨਿਸ਼ਾਨਾ ਬਣਾਇਆ। ਸਮੁੰਦੜੀਆਂ ਵਿਖੇ ਇਕ ਆਂਗਣਵਾੜੀ ਸੈਂਟਰ ਵਿਖੇ ਵੀ ਚੋਰੀ ਕੀਤੀ। ਪਿੰਡ ਪਲਾਟਾ ਸਥਿਤ ਸਰਕਾਰੀ ਮਿਡਲ ਸਕੂਲ ਦੇ ਇੰਚਾਰਜ ਮੇਜਰ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਚੋਰ ਉਨਾਂ ਦੇ ਸਕੂਲ 'ਚੋਂ 2 ਗੈਸ ਸਿਲੰਡਰ, 2 ਐੱਲ.ਈ.ਡੀ., ਕੈਮਰਿਆਂ ਵਾਲਾ ਡੀ.ਵੀ.ਆਰ., ਪ੍ਰੋਜੈਕਟਰ ਅਤੇ ਸਪੀਕਰਾਂ ਸਹਿਤ ਹੋਰ ਸਮਾਨ ਲੈ ਗਏ। ਜਦਕਿ ਇਸੀ ਸਕੂਲ ਦੇ ਕੰਪਲੈਕਸ 'ਚ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖੀ ਬਲਵਿੰਦਰ ਸਿੰਘ ਅਨੁਸਾਰ ਚੋਰ ਉਨਾਂ ਦੇ ਸਕੂਲ 'ਚੋਂ 3 ਗੈਸ ਸਿਲੰਡਰ, 1 ਐੱਲ.ਈ.ਡੀ. ਕੈਮਰਿਆਂ ਦਾ ਡੀ.ਵੀ.ਆਰ., ਇਕ ਪ੍ਰੋਜੈਕਟਰ ਅਤੇ ਸਪੀਕਰ ਸਹਿਤ ਹੋਰ ਸਮਾਨ ਲੈ ਗਏ। ਇਸ ਤੋਂ ਇਲਾਵਾ ਚੋਰ ਸਕੂਲਾਂ 'ਚੋਂ ਮਿਡ-ਡੇ ਮੀਲ ਵਾਲੇ ਰਾਸ਼ਨ ਦਾ ਸਮਾਨ ਤੇ ਕੁਝ ਬਰਤਨ ਵੀ ਚੋਰੀ ਕਰਕੇ ਲੈ ਗਏ। ਜਦਕਿ ਸਰਕਾਰੀ ਰਿਕਾਰਡ ਵਾਲੀਆਂ ਅਲਮਾਰੀਆਂ



ਨਾਲ ਵੀ ਚੋਰਾਂ ਵੱਲੋਂ ਛੇੜ-ਛਾੜ ਕੀਤੀ ਗਈ ਹੈ। ਇਸੀ ਪ੍ਰਕਾਰ ਪਿੰਡ ਸਮੁੰਦੜੀਆਂ ਦੇ ਸਰਕਾਰੀ ਮਿਡਲ 'ਚ ਚੋਰੀ ਹੋਣ ਸਬੰਧੀ ਅਧਿਆਪਕ ਜਸਵੀਰ ਸਿੰਘ ਤੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਚੋਰ ਸਕੂਲ 'ਚੋਂ ਪ੍ਰੋਜੈਕਟਰ ਦੀ ਸਾਊਂਡ ਬਾਰ ਚੋਰੀ ਕਰਕੇ ਲੈ ਗਏ। ਜਦਕਿ ਇਸ ਸਕੂਲ ਦੇ ਕੰਪਲੈਕਸ 'ਚ ਸਥਿਤ ਪ੍ਰਾਇਮਰੀ ਸਕੂਲ ਦੇ ਅਧਿਆਪਕ ਪ੍ਰਿੰਸ ਕੁਮਾਰ, ਕਮਲਜੀਤ ਤੇ ਰਾਜੀਵ ਕੁਮਾਰ ਨੇ ਦੱਸਿਆ ਕਿ ਚੋਰ ਉਨਾਂ ਦੇ ਸਕੂਲ 'ਚੋਂ ਇਕ ਸਿਲੰਡਰ, 1 ਸਾਊਂਡ ਐਂਮਪੀਫਾਇਰ, ਪ੍ਰੋਜੈਕਟਰ ਸਾਊਂਡ ਬਾਰ, ਇਕ ਕੰਬਲ, 1 ਐੱਲ.ਈ.ਡੀ., ਹੈੱਡਫੋਨ ਅਤੇ ਰਾਸ਼ਨ ਦਾ ਸਮਾਨ ਲੈ ਗਏ। ਜਦਕਿ ਆਂਗਣਵਾੜੀ ਵਰਕਰ ਰਾਣੀ ਦੇਵੀ ਅਨੁਸਾਰ ਚੋਰ ਇਕ ਸਿਲੰਡਰ, 2 ਪਤੀਲੇ ਤੇ ਰਾਸ਼ਨ ਦਾ ਸਮਾਨ ਲੈ ਗਏ। ਸਕੂਲ ਸਟਾਫ਼ ਅਨੁਸਾਰ ਵੱਖ-ਵੱਖ ਤਾਲੇ ਤੋੜ ਕੇ ਦਾਖਿਲ ਹੋਏ ਚੋਰ ਕੈਮਰਿਆਂ 'ਚ ਕੈਦ ਹੋ ਗਏ ਹਨ। ਚੋਰਾਂ ਦੀ ਸੰਖਿਆ 3 ਤੋਂ 4 ਦੱਸੀ ਜਾ ਰਹੀ ਹੈ। ਚੌਕੀ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਚੋਰਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਟਰੱਕ ਦੀ ਲਪੇਟ 'ਚ ਆਉਣ ਕਰਕੇ ਵਿਅਕਤੀ ਗੰਭੀਰ ਜ਼ਖਮੀ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੀ ਅਪਰ ਤੇ ਕਸੂਰ ਬਰਾਂਚ ਨਹਿਰ ਦੇ ਵਿਚਕਾਰ ਅਣਪਛਾਤਾ ਵਿਅਕਤੀ ਟਰੱਕ ਦੀ ਲਪੇਟ ਵਿਚ ਆਉਣ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਮੌਕੇ 'ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਉਕਤ ਵਿਅਕਤੀ ਆਪਣੇ ਮੋਟਰਸਾਈਕਲ ਨੰਬਰ ਪੀਬੀ 07 ਬੀ.ਯੂ. 6219 'ਤੇ ਸਵਾਰ ਹੋ ਕੇ ਗੁਰਦਾਸਪੁਰ ਤੋਂ ਮੁਕੇਰੀਆਂ ਵੱਲ ਜਾ ਰਿਹਾ ਸੀ ਕਿ ਪੁਲ ਦਾ ਮੋੜ ਕੱਟਦੇ ਸਮੇਂ ਮੋਟਰਸਾਈਕਲ ਦਾ ਸੰਤੁਲਨ ਵਿਗੜਨ ਕਰਕੇ ਟਰੱਕ ਦੀ ਲਪੇਟ ਵਿਚ ਆਉਣ ਨਾਲ ਉਸ ਦੇ ਕਾਫ਼ੀ ਸੱਟਾਂ ਲੱਗੀਆਂ। ਇਸ ਮੌਕੇ ਮਗਰੋਂ ਆਉਂਦੇ ਕਾਰ ਚਾਲਕ ਨੇ ਉਸ ਨੂੰ ਗੁਰਦਾਸਪੁਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ। ਸ਼ਾਲਾ ਪੁਲਸ ਕਚਮਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਦਿੱਲੀ ਗੁਰਦੁਆਰਾ ਕਮੇਟੀ ਦੇ ਯਤਨਾਂ ਸਦਕਾ ਅਜਨਾਲਾ ਦੇ ਦੋ ਦਰਜਨ ਤੋਂ ਵੱਧ ਪ੍ਰਾਣੀ ਗੁਰੂ ਵਾਲੇ ਬਣੇ:ਭੁੱਲਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਦੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਅੱਜ ਅਜਨਾਲਾ ਤੋਂ ਦੋ ਦਰਜਨ ਤੋਂ ਵੱਧ ਪਰਿਵਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅੰਮ੍ਰਿਤ ਛਕ ਕੇ ਗੁਰੂ ਦਾ ਲੜ ਫੜਿਆ ਹੈ। ਇਹ ਪ੍ਰਗਟਾਵਾ ਦਿੱਲੀ ਗੁਰਦੁਆਰਾ ਕਮੇਟੀ ਅਧੀਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਚਲਾਏ ਜਾ ਰਹੇ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਦੇ



ਚੇਅਰਮੈਨ ਸਰਦਾਰ ਭੁਪਿੰਦਰ ਸਿੰਘ ਭੁੱਲਰ ਨੇ ਕੀਤਾ। ਸ. ਭੁੱਲਰ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਜਦੋਂ ਵੇਖਿਆ ਕਿ ਪੰਜਾਬ ਵਿਚ ਹਾਲਾਤ ਬਹੁਤ ਮਾੜੇ ਹਨ ਅਤੇ ਲੋਕ ਧੜਾਧੜ ਇਸਾਈ ਧਰਮ ਅਪਣਾ ਰਹੇ ਹਨ ਤਾਂ ਇਸਨੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਚ ਧਰਮ ਪ੍ਰਚਾਰ ਵਾਸਤੇ ਦਫਤਰ ਖੋਲ੍ਹਿਆ ਜਿਸਦਾ ਚੇਅਰਮੈਨ ਮਨਜੀਤ ਸਿੰਘ ਭੋਮਾ ਨੂੰ ਲਗਾਇਆ ਗਿਆ। ਉਨ੍ਹ ਕਿਹਾ ਕਿ ਭੋਮਾ ਤੇ ਸਮੁੱਚੀ ਦਿੱਲੀ ਗੁਰਦੁਆਰਾ ਕਮੇਟੀ ਦੀ ਮਿਹਨਤ ਸਦਕਾ ਹੁਣ ਤੱਕ 500 ਤੋਂ ਵੱਧ ਪਰਿਵਾਰ ਵਾਪਸ ਇਸਾਈ ਧਰਮ ਤੋਂ ਸਿੱਖੀ ਵੱਲ ਆ ਚੁੱਕੇ ਹਨ ਤੇ ਸਿੱਖੀ ਅਪਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਤਾਜ਼ਾ ਮਾਮਲਾ ਅਜਨਾਲਾ ਦਾ ਹੈ ਜਿਥੇ ਦੇ ਦੋ ਦਰਜਨ ਸਿੱਖ ਜਿਨ੍ਹਾਂ ਵਿਚ ਬੱਚੇ-ਬੱਚੀਆਂ ਤੇ ਔਰਤਾਂ ਵੀ ਸ਼ਾਮਲ ਹਨ, ਵਾਪਸ ਸਿੱਖੀ ਵੱਲ ਪਰਤ ਆਏ ਹਨ ਤੇ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅੰਮ੍ਰਿਤ ਛਕਿਆ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੂੰ ਜਦੋਂ ਵੀ ਇਸ ਤਰੀਕੇ ਦਾ ਪਤਾ ਲੱਗਦਾ ਹੈ ਕਿ ਕੋਈ ਸਿੱਖੀ ਤੋਂ ਦੂਰ ਹੋਇਆ ਹੈ ਤਾਂ ਅਸੀਂ ਆਪਣੀ ਟੀਮ ਭੇਜਦੇ ਹਾਂ ਤੇ ਭੇਜਦੇ ਰਹਾਂਗੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਜਦੋਂ ਵੀ ਕਿਤੇ ਵੀ ਪਤਾ ਲੱਗਦਾ ਹੈ ਕਿ ਲੋੜ ਹੈ ਧਰਮ ਪ੍ਰਚਾਰ ਦੀ ਤਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ, ਅਸੀਂ ਤੁਰੰਤ ਟੀਮਾਂ ਭੇਜਾਂਗੇ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਵਚਨਬੱਧ ਹੈ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਕੌਮ ਦੀ ਚੜ੍ਹਦੀਕਲਾ ਵਾਸਤੇ ਕੰਮ ਕਰ ਰਹੀ ਹੈ।

# ਨਗਰ ਨਿਗਮ ਨੇ ਉਤਾਰੇ ਅਣ-ਅਧਿਕਾਰਤ ਇਸ਼ਤਿਹਾਰੀ ਬੋਰਡ

**ਫਗਵਾੜਾ ( ਜਸਵਿੰਦਰ ਵੱਡਾ, ਇੰਦਰਜੀਤ ਸਿੰਘ ਮਠਾੜੂ, ਰਘਵੀਰ ਸਿੰਘ)** -ਨਗਰ ਨਿਗਮ ਫਗਵਾੜਾ ਕਮਿਸ਼ਨਰ ਡਾ. ਨਯਨ ਜੱਸਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਲੱਗੇ ਨਜਾਇਜ ਬੋਰਡਾਂ, ਫਲੈਕਸਾਂ ਨੂੰ ਉਤਾਰਿਆ ਗਿਆ। ਇਹ ਕਾਰਵਾਈ ਜੀ.ਟੀ. ਰੋਡ, ਬੱਸ ਸਟੈਂਡ, ਰੇਲਵੇ ਰੋਡ, ਬੰਗਾ ਰੋਡ, ਨਕੋਦਰ ਰੋਡ, ਹੁਸ਼ਿਆਪੁਰ ਰੋਡ, ਗੋਲ ਚੌਂਕ, ਪਲਾਹੀ ਚੌਂਕ ਵਿਖੇ ਕੀਤੀ ਗਈ। ਵਿਗਿਆਪਨ ਸ਼ਾਖਾ ਦੇ ਸੁਪਰਡੰਟ ਅਮਿਤ ਕਾਲੀਆ ਨੇ ਦੱਸਿਆ ਕਿ ਇੱਕ ਵਿਸ਼ੇਸ਼ ਟੀਮ ਵਲੋਂ ਕਾਰਵਾਈ ਦੌਰਾਨ ਰੋਡ ਸਾਈਡ ਲੱਗੇ ਬੋਰਡ, ਪੁਲ 'ਤੇ ਲੱਗੀਆਂ ਫਲੈਕਸਾਂ ਅਤੇ ਖੰਭਿਆਂ 'ਤੇ ਲੱਗੇ ਬੋਰਡਾਂ ਨੂੰ ਉਤਾਰਿਆ ਗਿਆ। ਉਨ੍ਹਾਂ ਨਜਾਇਜ ਇਸ਼ਤਿਹਾਰਬਾਜੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਵੱਲੋਂ ਵੀ ਸਰਕਾਰੀ ਪ੍ਰਾਪਰਟੀ ਉੱਪਰ ਜਾਂ ਵਿਗਿਆਪਨ ਪਾਲਿਸੀ ਅਤੇ ਬਾਈਲਾਜ ਦੇ ਉਲਟ ਬੋਰਡ ਜਾਂ ਫਲੈਕਸ ਲਗਾਏ ਹਨ ਤਾਂ ਉਹਨਾਂ ਨੂੰ ਤੁਰੰਤ ਉਤਾਰ ਲਿਆ ਜਾਵੇ।

# ਸਰਕਾਰ ਸਾਬਕਾ ਫੌਜੀਆਂ ਦੀ ਭਲਾਈ ਤੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ : ਜੌੜੇਮਾਜਰਾ

ਐੱਸ ਏ ਐੱਸ ਨਗਰ, ਖਰੜ (ਗੁਰਜੀਤ ਬਿੱਲਾ, ਹਰਨਾਮ ਸਿੰਘ ਡੱਲਾ)-ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਸਾਬਕਾ ਫੌਜੀਆਂ ਦੀ ਭਲਾਈ ਅਤੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸਥਾਨਿਕ ਸੈਨਿਕ ਭਵਨ ਵਿਖੇ ਸਾਬਕਾ ਫੌਜੀਆਂ ਦੀ ਭਲਾਈ ਲਈ ਇੱਕ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਜੌੜੇਮਾਜਰਾ ਨੇ ਕਿਹਾ ਕਿ ਫੌਜੀਆਂ ਵੱਲੋਂ ਸਰਹੱਦਾਂ ਦੀ ਕੀਤੀ ਜਾ ਰਹੀ ਰਾਖੀ ਦੇ ਕਾਰਨ ਹੀ ਅਸੀਂ ਸੁੱਖ ਦੀ 'ਨੀਂਦ ਸੌਂਦੇ ਹਾਂ। ਉਨ੍ਹਾਂ ਕਿਹਾ ਕਿ ਸਾਬਕਾ ਫੌਜੀਆਂ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਆਪਣੇ ਜੀਵਨ ਦਾ ਮਹੱਤਵਪੂਰਨ ਸਮਾਂ ਦਿੱਤਾ ਹੈ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਅਨੇਕਾਂ ਫੌਜੀਆਂ ਨੇ ਆਪਣੀ ਜਾਨ ਨਿਸ਼ਾਵਰ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਫੌਜੀਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਸਿਜਦਾ ਕਰਦੇ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਫੌਜੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਜੌੜੇਮਾਜਰਾ ਨੇ ਰੱਖਿਆ ਭਲਾਈ ਦੇ ਸਬੰਧ ਵਿੱਚ ਐਸ.ਏ.ਐਸ. ਨਗਰ, ਪਟਿਆਲਾ, ਫਤਹਿਗੜ੍ਹ ਸਾਹਿਬ ਅਤੇ ਰੋਪੜ ਦੇ 74 ਲਾਭਪਾਤਰੀਆਂ ਨੂੰ 17,03,350 ਨਗਦ ਗਰਾਂਟ ਦੀ ਵੰਡ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕੁੱਲ 814 ਲਾਭਪਾਤਰੀਆਂ ਨੂੰ ਇਸ ਸਕੀਮ ਦੇ ਹੇਠ 1.82 ਕਰੋੜ ਰੁਪਏ ਦੀ ਗਰਾਂਟ ਵੰਡੀ ਜਾ ਰਹੀ ਹੈ। ਜੌੜੇਮਾਜਰਾ ਨੇ ਅਪਾਹਜ ਸਾਬਕਾ ਸੈਨਿਕਾਂ ਤੋਂ ਉਨ੍ਹਾਂ ਦੇ ਆਸ਼ਰਿਤਾਂ ਨੂੰ ਮਾਲੀ ਸਹਾਇਤਾ ਦੇ ਚੈੱਕ ਵੰਡੇ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਰਾਜ ਦੇ ਸਮੂਹ ਸਾਬਕਾ ਸੈਨਿਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਭਲਾਈ ਅਤੇ ਵਿਕਾਸ ਲਈ ਹਮੇਸ਼ਾ ਤੱਤਪਰ ਹੈ ਅਤੇ ਭਲਾਈ ਸਕੀਮਾਂ ਅਧੀਨ ਉਨ੍ਹਾਂ ਨੂੰ ਉਨ੍ਹਾਂ ਦੇ ਆਸ਼ਰਿਤਾਂ ਨੂੰ ਵੱਖ-ਵੱਖ ਲਾਭ ਦੇਣ ਲਈ ਵਚਨਬੱਧ ਹੈ। ਜਿਸ ਦੇ ਚੱਲਦਿਆਂ ਸ਼ਹੀਦਾਂ ਦੇ ਪਰਵਾਰਾਂ ਨੂੰ ਮਿਲਣ ਵਾਲੀ ਐਕਸ ਗ੍ਰੇਸ਼ੀਆ ਰਾਸ਼ੀ 1 ਕਰੋੜ ਰੁਪਏ ਕਰ ਦਿੱਤੀ ਗਈ ਹੈ ਅਤੇ ਹਾਲ ਹੀ ਵਿਚ ਸ਼ਹੀਦਾਂ ਦੇ 12 ਪਰਵਾਰਾਂ ਨੂੰ ਨੌਕਰੀ ਦੇਣ ਦੀ ਪ੍ਰਕਿਰਿਆ ਵੀ ਮੁਕੰਮਲ ਕਰ ਲਈ ਹੈ। ਉਨ੍ਹਾਂ ਨੂੰ ਨਿਯੁਕਤੀ ਪੱਤਰ ਜਲਦੀ ਜਾਰੀ ਕੀਤੇ ਜਾਣਗੇ।

# ਇਮਰਾਨ ਪ੍ਰਤਾਪਗੜ੍ਹ ਨਾਲ ਸੋਨੂੰ ਜੰਡਿਆਲਾ ਦੀ ਮੁਲਾਕਾਤ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਕਾਂਗਰਸ ਦੇ ਦਫਤਰ ਵਿੱਚ ਕਾਂਗਰਸ ਤੇ ਘੱਟ-ਗਿਣਤੀਆਂ ਦੇ ਰਾਸ਼ਟਰੀ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਇਮਰਾਨ ਪ੍ਰਤਾਪਗੜ੍ਹ ਨਾਲ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਮੁਲਾਕਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੋਨੂੰ ਜੰਡਿਆਲਾ ਨੇ ਦੱਸਿਆ



ਕਿ ਕਾਂਗਰਸ ਪਾਰਟੀ ਹੀ ਇਕ ਐਸੀ ਪਾਰਟੀ ਹੈ ਜੋ ਆਪਣੇ ਹਰ ਇਕ ਵਰਕਰ ਨੂੰ ਬਣਦਾ ਮਾਣ-ਸਨਮਾਨ ਦਿੰਦੀ ਹੈ ਤੇ ਸਭ ਨੂੰ ਇੱਕ ਸਮਾਨ ਸਮਝਦੀ ਹੈ। ਉਨ੍ਹਾਂ ਦੱਸਿਆ ਕਿ ਮੈਂਬਰ ਪਾਰਲੀਮੈਂਟ ਇਮਰਾਨ ਇਕ ਨੇਕ ਦਿਲ ਇਨਸਾਨ ਹਨ ਜੋ ਹਰ ਕਿਸੇ ਦਾ ਸਨਮਾਨ ਕਰਦੇ ਨੇ ਤੇ ਅਕਸਰ ਹੀ ਪਾਰਲੀਮੈਂਟ ਵਿਚ ਘੱਟ ਗਿਣਤੀਆਂ ਦੀ ਆਵਾਜ਼ ਬੁਲੰਦ ਕਰਦੇ ਹਨ ਤੇ ਵਧ ਰਹੀ ਮਹਿੰਗਾਈ ਦੇ ਖਿਲਾਫ ਆਵਾਜ਼ ਚੁੱਕਦੇ ਹਨ। ਸੋਨੂੰ ਜੰਡਿਆਲਾ ਨੇ ਕਿਹਾ ਕਿ ਅਸੀਂ ਮਿਲ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੋਰ ਜ਼ਿਆਦਾ ਮਿਹਨਤ ਕਰਾਂਗੇ। ਇਸ ਮੌਕੇ ਮੈਂਬਰ ਪਾਰਲੀਮੈਂਟ ਇਮਰਾਨ ਪ੍ਰਤਾਪਗੜ੍ਹ, ਸਰਬਜੀਤ ਸਿੰਘ ਸੋਨੂੰ ਜੰਡਿਆਲਾ, ਵਿਨੋਦ ਸ਼ਰਮਾ ਅਤੇ ਆਯੁਸ਼ ਖਾਨ ਆਦਿ ਹਾਜ਼ਰ ਸਨ।

# ਜੀ ਐੱਨ ਡੀ ਯੂ ਕਾਲਜ ਪੱਟੀ ਦਾ ਡੀ ਸੀ ਏ ਦਾ ਨਤੀਜਾ ਸ਼ਾਨਦਾਰ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਡੀਸੀਏ ਸਮੈਸਟਰ ਪਹਿਲਾ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਦੇ ਵਿਦਿਆਰਥੀਆਂ ਨੇ ਹਮੇਸ਼ਾ ਦੀ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ



ਵਿਦਿਆਰਥਣ ਹਰਸਨੇਹ ਕੌਰ 76 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਾਲਜ ਵਿਚੋਂ ਪਹਿਲੇ ਸਥਾਨ 'ਤੇ ਰਹੀ। ਅਨਮੋਲਪ੍ਰੀਤ ਕੌਰ ਨੇ 75 ਅਤੇ ਪ੍ਰਨੀਤ ਕੌਰ ਨੇ 74 ਪ੍ਰਤੀਸ਼ਤ ਅੰਕ ਹਾਸਿਲ ਕਰਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਡਾ. ਮਰਵਾਹ ਨੇ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਅਤੇ ਜ਼ਿੰਦਗੀ ਵਿੱਚ ਸਫਲਤਾ ਹਾਸਲ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਕਾਲਜ ਦੇ ਨਤੀਜੇ ਹਮੇਸ਼ਾ ਵਧੀਆ ਆਉਂਦੇ ਹਨ। ਇਸ ਨਾਲ ਵਿਦਿਆਰਥੀਆਂ ਨੂੰ ਹੋਰ ਵੀ ਉਤਸ਼ਾਹ ਮਿਲਦਾ ਹੈ। ਇਸ ਮੌਕੇ ਪ੍ਰੋ. ਸਿਮਰਨਜੀਤ ਕੌਰ, ਪ੍ਰੋ. ਗਗਨਦੀਪ ਸਿੰਘ, ਜਸਦੇਵ ਸਿੰਘ ਅਤੇ ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਪ੍ਰਧਾਨ ਮੰਤਰੀ ਮਾਤ੍ਰੂ ਵੰਦਨਾ ਯੋਜਨਾ ਤਹਿਤ 31 ਤੱਕ 20 ਕਰੋੜ ਰੁਪਏ ਵੰਡੇ ਜਾਣਗੇ: ਬਹਿਲ

**ਗੁਰਦਾਸਪੁਰ, (ਜਨਕ ਮਹਾਜਨ)**-ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸ਼ਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਪ੍ਰਧਾਨ ਮੰਤਰੀ ਮਾਤ੍ਰੂ ਵੰਦਨਾ ਯੋਜਨਾ ਤਹਿਤ ਲਗਭਗ 68500 ਲਾਭਪਾਤਰੀਆਂ ਨੂੰ 31 ਮਾਰਚ 2023 ਤੱਕ ਲਗਭਗ 20 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾਵੇਗੀ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਸਰਕਾਰ ਵਲੋਂ 19 ਸਾਲ ਅਤੇ ਇਸ ਤੋਂ ਵਧ ਉਮਰ ਦੀਆਂ ਔਰਤਾਂ ਨੂੰ ਪਹਿਲੇ ਜੀਵਤ ਬੱਚੇ ਦੇ ਜਨਮ 'ਤੇ 5000 ਰੁਪਏ ਤਿੰਨ ਕਿਸ਼ਤਾਂ ਵਿਚ (ਰੁਪਏ 1000+2000+2000) ਦਿੱਤੇ ਜਾਂਦੇ ਹਨ। ਪ੍ਰਧਾਨ ਮੰਤਰੀ ਮਾਤ੍ਰੂ ਵੰਦਨਾ ਯੋਜਨਾ ਤਹਿਤ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸ਼ਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਇਹ ਰਾਸ਼ੀ ਵਿਸ਼ੇਸ਼ ਸ਼ਰਤਾਂ ਦੀ ਪੂਰਤੀ ਦੇ ਅਧੀਨ ਦਿੱਤੀ ਜਾਂਦੀ ਹੈ।



ਚੇਅਰਮੈਨ ਬਹਿਲ ਨੇ ਕਿਹਾ ਕਿ ਮਾਤ੍ਰੂ ਵੰਦਨਾ ਯੋਜਨਾ ਇਹ ਯਕੀਨੀ ਬਣਾਉਣ ਵੱਲ ਇਕ ਕਦਮ ਹੈ ਕਿ ਹਰ ਗਰਭਵਤੀ ਔਰਤ ਨੂੰ ਗਰਭ ਅਵਸਥਾ ਅਤੇ ਦੁੱਧ ਚੁੰਘਾਉਣ ਦੌਰਾਨ ਲੋੜੀਂਦੀ ਦੇਖਭਾਲ ਮਿਲੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਮਾਵਾਂ ਅਤੇ ਬੱਚਿਆਂ ਦੀ ਤੰਦਰੁਸਤੀ ਲਈ ਵਚਨਬੱਧ ਹੈ ਅਤੇ ਇਹ ਸਕੀਮ ਉਸ ਵਚਨਬੱਧਤਾ ਦਾ ਪ੍ਰਤੀਬਿੰਬ ਹੈ। ਬਹਿਲ ਨੇ ਪੰਜਾਬ ਦੀਆਂ ਸਾਰੀਆਂ ਗਰਭਵਤੀ ਔਰਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸਕੀਮ ਦਾ ਲਾਭ ਲੈਣ ਅਤੇ ਆਪਣੀ ਅਤੇ ਆਪਣੇ ਬੱਚਿਆਂ ਦੀ ਵਧੀਆ ਦੇਖ-ਭਾਲ ਨੂੰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿਚ ਕੀਤੀ ਜਾਂਦੀ ਹੈ।

# ਮਾਤਾ ਅਮਰਜੀਤ ਕੌਰ ਦੀ ਅੰਤਿਮ ਅਰਦਾਸ ਮੌਕੇ ਸ਼ਰਧਾ ਦੇ ਫੁੱਲ ਭੇਟ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਨੌਸ਼ਹਿਰਾ ਪਨੂੰਆਂ ਦੇ ਜਨਰਲ ਸਕੱਤਰ ਤਰਸੇਮ ਸਿੰਘ ਕੁਹਾੜਕਾ ਦੇ ਮਾਤਾ ਅਮਰਜੀਤ ਕੌਰ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ, ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ ਤੇ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਮੌਕੇ ਸੰਗਤਾਂ ਦੇ ਰੂਪ ਵਿੱਚ ਇਕੱਠੇ ਹੋਏ ਰਿਸ਼ਤੇਦਾਰਾਂ ਸਾਕ ਸਬੰਧੀਆਂ ਨੂੰ ਸੰਬੋਧਨ ਕਰਦਿਆਂ ਉਗਰਾਹਾਂ ਜਥੇਬੰਦੀ ਦੇ ਜ਼ਿਲਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ, ਖਜ਼ਾਨਚੀ ਹਰਦੀਪ ਸਿੰਘ ਜੌੜਾ, ਸੁਲੱਖਣ ਸਿੰਘ ਮੰਡਾਲਾ, ਪ੍ਰਚਾਰਕ ਸਕੱਤਰ ਸੁਖਵੰਤ ਸਿੰਘ ਵਲਟੋਹਾ, ਬਾਬਾ ਹਰਚਰਨ ਸਿੰਘ ਨੇ ਮਾਤਾ ਅਮਰਜੀਤ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਉਨ੍ਹਾਂ ਦੇ ਦੁਨੀਆਂ ਤੋਂ ਤੁਰ ਜਾਣ ਨਾਲ ਪਰਿਵਾਰ ਨੂੰ ਹਮੇਸ਼ਾ ਘਾਟ ਰੜਕਦੀ ਰਹੇਗੀ। ਇਸ ਮੌਕੇ ਮੀਤ ਪ੍ਰਧਾਨ ਦਲੇਰ ਸਿੰਘ ਰਾਜੋਕੇ, ਸੀਨੀਅਰ ਮੀਤ ਪ੍ਰਧਾਨ ਜਸਬੀਰ ਸਿੰਘ ਚੀਮਾ, ਬਾਬਾ ਸੰਤੋਖ ਸਿੰਘ ਪੱਟੀ, ਮੇਅਰ ਸਿੰਘ ਸਭੀਰਾ, ਜਨਰਲ ਸਕੱਤਰ ਭੁਪਿੰਦਰ ਸਿੰਘ ਠੱਠੀਆਂ, ਕਸ਼ਮੀਰ ਸਿੰਘ ਠੱਠੀਆਂ, ਸਤਨਾਮ ਸਿੰਘ



ਹਰੀਕੇ, ਇੰਦਰਜੀਤ ਸਿੰਘ ਮਾੜੀਮੇਘਾ, ਬਖ਼ਸ਼ੀਸ਼ ਸਿੰਘ ਬਹਾਦੁਰ ਨਗਰ, ਮਨਪ੍ਰੀਤ ਸਿੰਘ ਗੰਡੀਵਿੰਡ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਜ਼ਿਲਾ ਆਗੂ ਰੇਸ਼ਮ ਸਿੰਘ ਘੁਰਕਵਿੰਡ, ਅਤੇ ਉਗਰਾਹਾਂ ਜਥੇਬੰਦੀ ਦੇ ਜ਼ਿਲਾ ਤਰਨਤਾਰਨ ਦੇ ਕਿਸਾਨ ਆਗੂਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

# ਬਾਰਸ਼ ਕਾਰਨ ਝੰਬੀਆਂ ਫਸਲਾਂ ਦੀ ਤੁਰੰਤ ਗਿਰਦਾਵਰੀ ਦੇ ਹੁਕਮ ਜਾਰੀ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਤਰਨ ਤਾਰਨ ਦੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਬੇਮੌਸਮੀ ਬਾਰਸ਼ ਕਾਰਨ ਕਿਸਾਨਾਂ ਦੀਆਂ ਫਸਲਾਂ ਨੂੰ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਹਲਕੇ ਦੇ ਵੱਖ-ਵੱਖ ਪਿੰਡਾਂ ਕੋਟ ਦਸੰਦੀ ਮੱਲ, ਪੰਡੋਰੀ ਰਣ ਸਿੰਘ, ਪੰਡੋਰੀ ਸਿੱਧਵਾਂ, ਬੁਰਜ, ਢੰਡ ਆਦਿ ਪਿੰਡਾਂ ਦਾ ਤੂਫਾਨੀ ਦੌਰਾ ਕੀਤਾ।



ਡਾਕਟਰ ਸੋਹਲ ਨੇ ਦੱਸਿਆ ਕਿ ਬੇਮੌਸਮੀ ਬਰਸਾਤ ਨਾਲ ਜਿਨ੍ਹਾਂ ਕਿਸਾਨਾਂ ਦੀ ਖੜ੍ਹੀ ਫਸਲ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਨੂੰ ਸਰਕਾਰ ਵੱਲੋਂ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਵਿੱਚੋਂ ਪਹਿਲਾਂ ਨਾਲੋਂ 25 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਹੈ ਤਾਂ ਜੋ ਕਿਸਾਨਾਂ ਨੂੰ ਵਧੇਰੇ ਰਾਹਤ ਦਿੱਤੀ ਜਾ ਸਕੇ। ਸ੍ਰੀ ਸੋਹਲ ਨੇ ਦੱਸਿਆ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਤੁਰੰਤ ਗਿਰਦਾਵਰੀ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਫੌਰੀ ਰਾਹਤ ਪਹੁੰਚਾਈ ਜਾ ਸਕੇ। ਡਾਕਟਰ ਸੋਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਹਮਦਰਦ ਹੈ ਅਤੇ ਔਖੀ ਘੜੀ ਵਿੱਚ ਉਨ੍ਹਾਂ ਦੀ ਹਰ ਵੇਲੇ ਮੱਦਦ ਕਰਨ ਲਈ ਤਿਆਰ ਹੈ। ਇਸ ਮੌਕੇ ਉਨ੍ਹਾਂ ਨਾਲ ਸੋਸ਼ਲ ਮੀਡੀਆ ਕੋਆਰਡੀਨੇਟਰ ਮਾਣਕ ਸਿੰਘ ਹੈਪੀ, ਕੁਲਦੀਪ ਸਿੰਘ ਰੰਧਾਵਾ, ਤਰਸੇਮ ਸਿੰਘ ਸੋਹਲ ਅਤੇ ਹੋਰ ਵੀ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ।

# ਅਸ਼ੀਰਵਾਦ ਸਕੀਮ ਤਹਿਤ 13409 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਦੇ 9804 ਲਾਭਪਾਤਰੀਆਂ, ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ 3605 ਲਾਭਪਾਤਰੀਆਂ ਕੁੱਲ 13409 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ 68.38 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਵਿੱਚ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਮਾਰਚ 2022 ਦੇ 5127 ਬਾਕੀ ਰਹਿੰਦੇ ਲਾਭਪਾਤਰੀਆਂ, ਅਪ੍ਰੈਲ 2022 ਦੇ 3927 ਲਾਭਪਾਤਰੀਆਂ ਅਤੇ ਮਈ 2022 ਦੇ 750 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ 50 ਕਰੋੜ ਰੁਪਏ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਨਵੰਬਰ 2021 ਦੇ 06 ਲਾਭਪਾਤਰੀ, ਮਾਰਚ 2022 ਦੇ 2192 ਬਾਕੀ ਰਹਿੰਦੇ ਲਾਭਪਾਤਰੀ ਅਤੇ ਅਪ੍ਰੈਲ 2022 ਦੇ 1407



ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਲਈ ਚਾਲੂ ਵਿੱਤੀ ਸਾਲ 2022-23 ਦੌਰਾਨ 18.38 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਪੱਛੜੇ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ। ਕੈਬਨਿਟ ਮੰਤਰੀ ਨੇ ਸੂਬੇ ਦੇ ਸਮਾਜਿਕ ਨਿਆਂ, ਅਧਿਕਾਰਤਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਸ਼ੀਰਵਾਦ ਸਕੀਮ ਦੀ ਰਾਸ਼ੀ 51,000 ਰੁਪਏ ਪ੍ਰਤੀ ਲਾਭਪਾਤਰੀ ਦੀ ਅਦਾਇਗੀ ਖਜਾਨਾ ਦਫਤਰਾਂ ਰਾਹੀਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਡੀ.ਬੀ.ਟੀ. ਮੋਡ ਰਾਹੀਂ 31 ਮਾਰਚ ਤੋਂ ਪਹਿਲਾਂ ਕੀਤੀ ਜਾਵੇ।

# ਫਸਲੀ ਮੁਆਵਜ਼ਾ ਲੈਣ ਸੰਬੰਧੀ ਕਿਸਾਨਾਂ ਏਡੀਸੀ ਅੰਮ੍ਰਿਤਸਰ ਨੂੰ ਸੌਂਪਿਆ ਮੰਗ ਪੱਤਰ

**ਮਜੀਠਾ (ਸੋਇਮ ਆਨੰਦ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਏਡੀਸੀ ਅੰਮ੍ਰਿਤਸਰ ਨੂੰ ਹੋਈ ਬੇਮੌਸਮੀ ਬਰਸਾਤ ਨਾਲ ਫਸਲਾਂ ਦਾ ਖਰਾਬਾ ਲੈਣ ਸਬੰਧੀ ਮੰਗ ਪੱਤਰ ਦਿੱਤਾ ਗਿਆ। ਇਹ ਮੰਗ ਪੱਤਰ ਦੇਣ ਵਾਲਿਆਂ ਦੀ ਅਗਵਾਈ ਕਿਸਾਨ ਆਗੂ ਡਾਕਟਰ ਸਤਨਾਮ ਸਿੰਘ ਅਜਨਾਲਾ, ਬਲਕਾਰ ਸਿੰਘ ਦੁਧਾਲਾ, ਧੰਨਵੰਤ ਸਿੰਘ ਖਤਰਾਏ ਕਲਾਂ, ਮਾਸਟਰ ਸਵਿੰਦਰ ਸਿੰਘ ਮੀਰਾਂ ਕੋਟ ਨੇ ਕੀਤੀ। ਕਿਸਾਨਾਂ ਨੇ ਮੰਗ ਕੀਤੀ ਕਿ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਜੋ ਫਸਲਾਂ ਦੇ ਖਰਾਬਾ ਦੇਣ ਦਾ ਐਲਾਨ ਜੋ ਪੰਦਰਾਂ ਹਜ਼ਾਰ ਕੀਤਾ ਹੈ ਉਸ ਨਾਲ ਕਿਸਾਨਾਂ ਵਲੋਂ ਫਸਲ ਦੀ ਬਿਜਾਈ,



ਵਾਹੀ, ਖਾਦਾਂ ਤੇ ਸਪਰੇ ਦਵਾਈ ਤੇ ਪ੍ਰਤੀ ਏਕੜ ਦਾ ਖਰਚਾ 55 ਹਜ਼ਾਰ ਰੁਪਏ ਹੋ ਚੁੱਕਾ ਹੈ। ਇਸ ਵਾਸਤੇ ਕਿਸਾਨਾਂ ਵਲੋਂ ਕੀਤੇ ਖਰਚੇ ਦੀ ਭਰਪਾਈ ਵੀ ਪੂਰੀ ਨਹੀਂ ਹੋ ਸਕਦੀ। ਇਸ ਕਰਕੇ ਇਹ ਮੁਆਵਜ਼ਾ ਪੰਦਰਾਂ ਹਜ਼ਾਰ ਤੋਂ ਵਧਾ ਕੇ ਕਿਸਾਨਾਂ ਨੂੰ ਪ੍ਰਤੀ ਏਕੜ 60% ਤੋਂ ਉੱਪਰ ਨੁਕਸਾਨ ਹੋਣ ਦਾ ਪੰਜਾਹ ਹਜ਼ਾਰ ਰੁਪਏ, 40 ਤੋਂ 60% ਨੁਕਸਾਨ ਦਾ ਤੀਹ ਹਜ਼ਾਰ ਰੁਪਏ, 40% ਤੱਕ ਹੋਏ ਨੁਕਸਾਨ ਦਾ ਵੀਹ ਹਜ਼ਾਰ ਰੁਪਏ ਕੀਤਾ ਜਾਵੇ। ਇਸ ਤੋਂ ਅੱਗੇ ਕਿਸਾਨਾਂ ਨੇ ਮੰਗ ਕੀਤੀ ਕਿ ਪਿੰਡਾਂ ਦੇ ਖੇਤ ਮਜ਼ਦੂਰਾਂ ਨੂੰ ਪ੍ਰਤੀ ਪਰਿਵਾਰ ਪੰਦਰਾਂ ਹਜ਼ਾਰ ਰੁਪਏ ਦਿੱਤੇ ਜਾਣ। ਇਸ ਮੌਕੇ ਰਤਨ ਸਿੰਘ ਰੰਧਾਵਾ, ਬਾਬਾ ਅਰਜਨ ਸਿੰਘ, ਇਕਬਾਲ ਸਿੰਘ ਹਦਾਇਤਪੁਰ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਅੰਗਰੇਜ ਸਿੰਘ ਅਬਦਾਲ, ਲਖਵਿੰਦਰ ਸਿੰਘ ਗੋਪਾਲਪੁਰਾ, ਪ੍ਰਭਜੀਤ ਸਿੰਘ ਤਿੰਮੋਵਾਲ, ਹਰਪਾਲ ਸਿੰਘ ਛੀਨਾ, ਬਲਵਿੰਦਰ ਸਿੰਘ ਗੱਗੜ, ਭੁਪਿੰਦਰ ਸਿੰਘ ਛੀਨਾ, ਚੈਂਚਲ ਸਿੰਘ ਓਠੀਆਂ, ਸਵਿੰਦਰ ਸਿੰਘ ਸਿੱਧੂ, ਗੁਰਲਾਲ ਸਿੰਘ ਲਾਲੀ, ਪ੍ਰਗਟ ਸਿੰਘ ਵਡਾਲੀ ਅਤੇ ਦਾਰਾ ਸਿੰਘ ਸੁੱਚਾ ਸਿੰਘ ਛੀਨਾ ਅਤੇ ਬਲਵਿੰਦਰ ਸਿੰਘ ਰਾਜਾਤਾਲ ਵੀ ਹਾਜ਼ਰ ਸਨ। ਇਸ ਮੌਕੇ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਏ. ਡੀ. ਸੀ. ਨੂੰ ਕਿਹਾ ਕਿ ਸਾਰੇ ਜ਼ਿਲ੍ਹੇ ਦੇ ਸਬੰਧਤ ਤਹਿਸੀਲਦਾਰ ਸਾਹਿਬ ਨੂੰ ਛੇਤੀ ਤੋਂ ਛੇਤੀ ਗਿਰਦਾਵਰੀ ਕਰਕੇ ਰਿਪੋਰਟ ਪੇਸ਼ ਕਰਨ ਲਈ ਕਹਿਣ। ਮੁਆਵਜ਼ਾ ਦੇਣ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ ਸੰਯੁਕਤ ਕਿਸਾਨ ਮੋਰਚਾ ਸਰਕਾਰ ਵਿਰੁੱਧ ਸੰਘਰਸ਼ ਕਰਨ ਵਾਸਤੇ ਮਜਬੂਰ ਹੋਵੇਗਾ।

# ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਚੌੜਾਈ ਘੱਟ ਹੋਣ ਕਾਰਨ ਨਿੱਤ ਵਾਪਰ ਰਹੇ ਹਾਦਸੇ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਚੌੜਾਈ ਬਹੁਤ ਘੱਟ ਹੋਣ ਕਰਕੇ ਨਿੱਤ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋ ਰਿਹਾ ਹੈ ਅਤੇ ਆਵਜਾਈ ਵੀ ਕਾਫ਼ੀ ਪ੍ਰਭਾਵਿਤ ਹੋ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਲੰਬਾਈ ਲਗਭਗ 22 ਕਿਲੋਮੀਟਰ ਹੈ ਅਤੇ ਚੌੜਾਈ 30 ਫੁੱਟ ਦੇ ਕਰੀਬ



ਹੈ। ਲੋਕਾਂ ਨੇ ਦੱਸਿਆ ਕਿ ਇਸ ਸੜਕ ਰਾਹੀਂ ਰੋਜ਼ਾਨਾ ਵੱਡੀ ਗਿਣਤੀ ਵਿਚ ਬੱਸਾਂ, ਟਰੱਕਾਂ, ਕਾਰਾਂ ਆਦਿ ਦਾ ਦਿੱਲੀ ਤੋਂ ਜੰਮੂ-ਸ੍ਰੀਨਗਰ ਤੱਕ ਦਿਨ-ਰਾਤ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ 'ਤੇ ਵੱਡੀ ਗਿਣਤੀ ਵਿਚ ਪਿੰਡਾਂ ਤੋਂ ਇਲਾਵਾ ਤਿੱਬੜੀ ਛਾਉਣੀ ਵੀ ਸਥਿਤ ਹੈ ਜਿਸ ਕਰਕੇ ਟਰੈਫ਼ਿਕ ਦਾ ਜ਼ੋਰ ਬਣਿਆ ਰਹਿੰਦਾ ਹੈ। ਲੋਕਾਂ ਨੇ ਸਪੱਸ਼ਟ ਕੀਤਾ ਕਿ ਸੜਕ ਦੀ ਚੌੜਾਈ ਘੱਟ ਹੋਣ ਕਰਕੇ ਵੱਡੇ ਵਾਹਨਾਂ ਨੂੰ ਆਹਮੋ ਸਾਹਮਣੇ ਤੋਂ ਲੰਘਣ ਵੇਲੇ ਕਾਫ਼ੀ ਦਿੱਕਤਾਂ ਪੇਸ਼ ਆਉਂਦੀਆਂ ਸਨ। ਉਨ੍ਹਾਂ ਦੱਸਿਆ ਕਿ ਸਕੂਲ, ਕਾਲਜ ਵਿਚ ਬੱਚੇ ਵੱਡੀ ਗਿਣਤੀ ਵਿਚ ਰੋਜ਼ਾਨਾ ਪੜ੍ਹਨ ਲਈ ਆਉਂਦੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿਚ ਜ਼ਿਆਦਾਤਰ ਕਿਸਾਨ ਆਪਣੀਆਂ ਗੰਨੇ ਦੀਆਂ ਟਰਾਲੀਆਂ ਮੁਕੇਰੀਆਂ ਖੰਡ ਮਿੱਲ ਵਿਚ ਇਸ ਸੜਕ ਰਾਹੀਂ ਲਿਜਾਂਦੇ ਹਨ ਤੇ ਸਰਦੀਆਂ ਦੇ ਮਹੀਨਿਆਂ ਵਿਚ ਇਸ ਸੜਕ 'ਤੇ ਟਰਾਲੀਆਂ ਦੀ ਭਰਮਾਰ ਹੋਣ ਕਾਰਨ ਟਰੈਫ਼ਿਕ ਦਾ ਮਸਲਾ ਹੋਰ ਵੀ ਗੰਭੀਰ ਬਣ ਜਾਂਦਾ ਹੈ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਇਸ ਸੜਕ ਨੂੰ ਚੌੜੀ ਕਰਕੇ ਫੋਰਲੇਨ ਕੀਤਾ ਜਾਵੇ।

# ਪੰਜਾਬ 'ਚ ਵਧ ਰਹੀਆਂ ਮਾਰੂ ਤੇ ਹਿੰਸਕ ਘਟਨਾਵਾਂ ਬੇਹੱਦ ਚਿੰਤਾਜਨਕ ਮਾਮਲਾ : ਬ੍ਰਹਮਪੁਰਾ

**ਸਰਹਾਲੀ ਕਲਾਂ/ਚੋਹਲਾ ਸਾਹਿਬ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)**-ਪੰਜਾਬ ਵਿੱਚ ਵੱਧ ਰਹੀਆਂ ਮਾਰੂ ਅਤੇ ਹਿੰਸਕ ਘਟਨਾਵਾਂ ਦੇ ਕਾਰਨ ਪੰਜਾਬ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੁੰਦੀ ਦਿਖਾਈ ਦੇ ਰਹੀ ਹੈ ਜਿਸ ਦੇ ਚਲਦਿਆਂ ਪੰਜਾਬ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਸਿੱਖ ਵਿਰੋਧੀ ਕਾਂਗਰਸ ਸਰਕਾਰ ਦੇ ਰਾਹ 'ਤੇ ਚੱਲ ਪਈ ਹੈ ਜਿਸ ਕਰਕੇ ਅੱਜ ਦੇ ਹਾਲਾਤ ਪੰਜਾਬ ਦੇ ਕਾਲੇ ਦੌਰ ਦੀ ਯਾਦ ਤਾਜ਼ਾ ਕਰਵਾ ਰਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਇਕ ਵਾਰ ਫਿਰ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਵਿੱਚ ਭਾਰੀ ਚਿੰਤਾ ਦਾ ਵਿਸ਼ਾ ਬਣਿਆ ਹਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਵਿੱਚ ਜਾਣਬੁਝ ਕੇ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸ਼ਾਂਤੀ, ਭਾਈਚਾਰਕ ਸਾਂਝ ਅਤੇ ਵਿਕਾਸ ਦੀ ਲੋੜ ਹੈ। ਇਸ ਮੌਕੇ ਉਨ੍ਹਾਂ ਮੰਗ ਕੀਤੀ ਕਿ ਚੱਲ ਰਹੇ ਮਾੜੇ ਦੌਰ ਵਿਚ ਗ੍ਰਿਫਤਾਰ ਕੀਤੇ ਸਾਰੇ ਬੇਕਸੂਰ ਸਿੱਖ ਨੌਜਵਾਨ ਰਿਹਾਅ ਕੀਤੇ ਜਾਣ। ਇਸ ਮੌਕੇ ਉਨ੍ਹਾਂ ਇਸ ਮਾਮਲੇ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬਣਾਈ ਗਈ ਮੁਫਤ ਕਾਨੂੰਨੀ ਸਾਲਾਹਕਾਰ ਕਮੇਟੀ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ।

# ਮਾਝੇ ਤੇ ਦੁਆਬੇ ਨੂੰ ਜੋੜਦਾ ਪਲਟੂਨ ਪੁਲ ਸਰਪੰਚ ਘੜਕਾ ਦੀ ਵੱਡੀ ਪ੍ਰਾਪਤੀ : ਪਿੰਡ ਵਾਸੀ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਦਰਿਆ ਬਿਆਸ ਕੰਢੇ ਵਸੇ ਪਿੰਡ ਘੜਕਾ ਦੇ ਦਰਜਨਾਂ ਵਾਸੀਆਂ ਨੇ ਪਿੰਡ ਦੀ ਧੜੇਬੰਦੀ ਤੇ ਪਾਰਟੀਬਾਜ਼ੀ ਤੋ ਉੱਪਰ ਉੱਠ ਕੇ ਇੱਕ ਸੁਰ ਵਿੱਚ ਪੱਤਰਕਾਰਾਂ ਦੀ ਟੀਮ ਨੂੰ ਦੱਸਿਆ ਕਿ ਸਾਡੇ ਪਿੰਡ ਦੇ ਹੋਣਹਾਰ ਅਗਾਂਹਵਧੂ ਨੌਜਵਾਨ ਸਰਪੰਚ ਮਨਦੀਪ ਸਿੰਘ ਘੜਕਾ ਅਤੇ ਸਵਰਗੀ ਬਲਾਕ ਸੰਮਤੀ ਚੋਹਲਾ ਸਾਹਿਬ ਦੇ ਚੇਅਰਮੈਨ ਪੂਰਨ ਸਿੰਘ ਘੜਕਾ ਦੀ ਬਦੌਲਤ ਬਿਨਾਂ ਕਿਸੇ ਭੇਦਭਾਵ ਦੇ ਹਰ ਪਾਸਿਓਂ ਬੇਸ਼ੁਮਾਰ ਵਿਕਾਸ ਹੋਇਆ। ਪਿੰਡ ਦੀ ਹਜ਼ਾਰਾਂ ਏਕੜ ਜ਼ਮੀਨ ਜੋ ਦਰਿਆ ਬਿਆਸ ਦੇ ਪਾਰਲੇ ਪਾਸੇ ਸੀ, ਨੂੰ ਦਰਿਆਉਂ ਪਾਰ ਵਾਹੁਣ, ਬੀਜਣ ਅਤੇ ਕੱਟਣ ਲਈ ਬੇੜੀ ਜਾਂ ਬੇੜੇ ਰਾਹੀਂ ਜਾਣਾ-ਆਉਣਾ ਬਹੁਤ ਜੋਖਮ ਭਰਿਆ ਸੀ ਪਰ ਹੁਣ ਇਨ੍ਹਾਂ ਦੋਹਾਂ ਦੀ ਮਿਹਨਤ ਸਦਕਾ ਦਰਿਆ ਬਿਆਸ ਉੱਤੇ ਵੱਡੇ-ਵੱਡੇ ਡਰੰਮਾਂ ਵਾਲਾ ਪਲਟੂਨ ਪੁਲ ਬਣਾਇਆ ਗਿਆ ਜਿਸਦੇ ਨਾਲ ਸਮੁੱਚੇ ਪਿੰਡ ਦੇ ਲੋਕਾਂ ਨੂੰ ਅਤੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਵਾਲੀਆਂ ਸਮੂਹ ਨਾਨਕ ਨਾਮਲੇਵਾ ਸੰਗਤਾਂ ਨੂੰ ਦਰਸ਼ਨ ਕਰਨੇ ਬਹੁਤ ਸੌਖੇ ਹੋ ਗਏ ਕਿਉਂਕਿ ਅੱਗੇ ਸੰਗਤਾਂ ਨੂੰ 70-80 ਕਿਲੋਮੀਟਰ ਦੂਰ ਸੁਲਤਾਨਪੁਰ ਲੋਧੀ ਜਾਣ ਵਾਸਤੇ ਵੱਲ ਕੱਢਣਾ ਪੈਂਦਾ ਸੀ ਜੋ ਹੁਣ 18-20 ਕਿਲੋਮੀਟਰ ਪੈਂਡਾ ਰਹਿ ਗਿਆ। ਪਿੰਡ ਦੇ ਲੋਕਾਂ ਨੇ ਪਾਰਟੀਬਾਜ਼ੀ ਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਪਲਟੂਨ ਪੁਲ 'ਤੇ ਜਾ ਕੇ ਸਰਪੰਚ ਵੱਲੋਂ ਕੀਤੇ ਸਾਂਝੇ ਨੇਕ ਕੰਮਾਂ ਦੀ ਤਾਰੀਫ ਕਰਦੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ



ਅਪੀਲ ਕੀਤੀ ਕਿ ਸਰਪੰਚ ਘੜਕਾ ਨੂੰ ਸਰਕਾਰੇ ਦਰਬਾਰੇ ਕੋਈ ਵੱਡਾ ਮਾਣ ਸਨਮਾਨ ਦਿੱਤਾ ਜਾਵੇ। ਇਸ ਮੌਕੇ ਸਰਪੰਚ ਘੜਕਾ ਨੇ ਪਿੰਡ ਵਾਸੀਆਂ ਵੱਲੋਂ ਮਾਣ-ਤਾਣ ਦੇਣ 'ਤੇ ਧੰਨਵਾਦ ਕੀਤਾ ਉਥੇ ਮਜੂਦਾ ਸਰਕਾਰ ਨੂੰ ਅਪੀਲ ਕੀਤੀ ਕਿ ਇਥੇ ਹੁਣ ਫਲਾਈ ਓਵਰ ਪੁਲ ਬਣਾਇਆ ਜਾਵੇ। ਸਰਪੰਚ ਘੜਕਾ ਤੇ ਪਿੰਡ ਦੇ ਪਤਵੰਤਿਆਂ ਨੇ ਹਾਕਮ ਧਿਰ ਨੂੰ ਅਪੀਲ ਕੀਤੀ ਕਿ ਸਾਡੇ ਪਿੰਡ ਦੇ ਸ਼੍ਰੋਮਣੀ ਅਕਾਲੀ ਦਲ (ਬ) ਨਾਲ ਸਬੰਧਤ ਲੋਕ ਜਾਣ ਬੁੱਝ ਕੇ ਗੁੰਮਰਾਹ ਕਰ ਰਹੇ ਹਨ ਅਤੇ ਮੇਰੇ 'ਤੇ ਝੂਠੇ ਇਲਜ਼ਾਮ ਲਗਾ ਰਹੇ ਹਨ ਜੋ ਸਭ ਬੇਬੁਨਿਆਦ ਹਨ।

ਪਲਟੂਨ ਪੁਲ 'ਤੇ ਹੋਈ ਭਰਵੀਂ ਇਕੱਤਰਤਾ 'ਚ ਬਲਵਿੰਦਰ ਸਿੰਘ ਪ੍ਰਧਾਨ, ਹਰਦੇਵ ਸਿੰਘ ਪੰਚ, ਬਲਦੇਵ ਸਿੰਘ ਪੰਚ, ਜਗਰੂਪ ਸਿੰਘ ਪੰਚ, ਸਰਦੂਲ ਸਿੰਘ ਪੰਚ, ਅਜਮੇਰ ਸਿੰਘ ਜੇ. ਈ., ਪਰਤਾਪ ਸਿੰਘ ਜਰਮਨੀਆ, ਕਸ਼ਮੀਰ ਸਿੰਘ ਜਰਮਨੀਆ, ਬਾਬਾ ਕਾਰਜ ਸਿੰਘ ਗੰਥੀ, ਕਰਨੈਲ ਸਿੰਘ ਸਾਬਕਾ ਮੈਂਬਰ, ਜਥੇਦਾਰ ਹਰਭਜਨ ਸਿੰਘ, ਜਥੇਦਾਰ ਰਾਮ ਸਿੰਘ, ਸਤਪਾਲ ਸਿੰਘ, ਬਗੀਚਾ ਸਿੰਘ, ਹੀਰਾ ਸਿੰਘ, ਨਛੱਤਰ ਸਿੰਘ ਕਾਲਾ, ਰਾਜਵਿੰਦਰ ਸਿੰਘ ਰਾਜੂ, ਕਰਤਾਰ ਸਿੰਘ, ਚਰਨ ਸਿੰਘ ਸਾਬਕਾ ਮੈਂਬਰ, ਹਰਪ੍ਰੀਤ ਸਿੰਘ ਹੈਪੀ, ਸੁਲੱਖਣ ਸਿੰਘ, ਬਲਕਾਰ ਸਿੰਘ, ਅਮਰਜੀਤ ਸਿੰਘ ਜਰਮਨੀਆ ਆਦਿ ਦਰਜਨਾਂ ਪੰਚਾਂ-ਸਰਪੰਚਾਂ ਤੇ ਵੱਖ-ਵੱਖ ਪਾਰਟੀਆਂ ਦੇ ਸਰਗਰਮ ਆਗੂਆਂ ਨੇ ਸਰਪੰਚ ਮਨਦੀਪ ਸਿੰਘ ਦੀ ਹਮਾਇਤ ਕਰਦੇ ਹੋਏ ਇੱਕ ਸੁਰ 'ਚ ਕਿਹਾ ਕਿ ਉਹ ਸਰਪੰਚ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹਨ ਤੇ ਅਸੀਂ ਸਾਰੇ ਸਰਪੰਚ ਵੱਲੋਂ ਕੀਤੇ ਹੋਏ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦੇ ਹਾਂ।

# ਬੰਦ ਪਏ ਘਰ 'ਚੋਂ 3 ਤੋਲੇ ਸੋਨਾ ਤੇ ਨਕਦੀ ਚੋਰੀ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਬੰਦ ਪਏ ਘਰ ਦੇ ਤਾਲੇ ਤੋੜ ਕੇ ਚੋਰਾਂ ਵਲੋਂ ਗਹਿਣੇ ਅਤੇ ਨਕਦੀ ਚੋਰੀ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਦੀਨਾਨਗਰ ਪੁਲਸ ਥਾਣੇ ਅੰਦਰ ਕੀਤੀ ਸ਼ਿਕਾਇਤ ਵਿਚ ਪ੍ਰਮੋਦ ਜੋਸ਼ੀ ਪੁੱਤਰ ਵੇਦ ਪ੍ਰਕਾਸ਼ ਵਾਸੀ ਮਾਸਟਰ ਕਾਲੋਨੀ ਦੀਨਾਨਗਰ ਨੇ ਦੱਸਿਆ ਕਿ ਉਸ ਦੀ ਭਰਜਾਈ ਲਗਭਗ ਤਿੰਨ ਦਿਨ ਪਹਿਲਾਂ ਆਪਣੀ ਲੜਕੀ ਪਾਸ ਨੋਇਡਾ ਗਈ ਸੀ ਤੇ ਮਕਾਨ ਦੀ ਨਿਗਰਾਨੀ ਕਰਨ ਲਈ ਮੈਨੂੰ ਕਹਿ ਗਈ। ਪ੍ਰਮੋਦ ਜੋਸ਼ੀ ਨੇ ਦੱਸਿਆ ਕਿ ਜਦ 25 ਮਾਰਚ ਨੂੰ ਉਹ ਸਵੇਰੇ ਲਗਭਗ 10 ਵਜੇ ਦੇ ਕਰੀਬ ਆਪਣੀ ਭਰਜਾਈ ਦੇ ਘਰ ਆਇਆ ਤਾਂ ਵੇਖਿਆ ਕਿ ਘਰ ਦੇ ਦਰਵਾਜ਼ੇ ਖੁੱਲ੍ਹੇ ਹੋਏ ਸੀ ਅਤੇ ਘਰ ਅੰਦਰ ਰੱਖੀਆਂ ਅਲਮਾਰੀਆਂ ਦਾ ਸਾਮਾਨ ਖਿਲਰਿਆ ਪਿਆ ਸੀ। ਇਸ ਘਟਨਾ ਦੀ ਸੂਚਨਾ ਆਪਣੀ ਭਰਜਾਈ ਨੂੰ ਦਿੱਤੀ ਜਿਸ ਤੋਂ ਪਤਾ ਚੱਲਿਆ ਕਿ ਅਲਮਾਰੀ ਵਿਚ 3 ਤੋਲੇ ਸੋਨੇ ਦੇ ਗਹਿਣੇ ਤੇ 5 ਹਜ਼ਾਰ ਰੁਪਏ ਦੀ ਨਕਦੀ ਗਾਇਬ ਸੀ। ਦੀਨਾਨਗਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 457, 380 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 'ਐੱਚਡੀਐੱਫਸੀ ਲਾਈਫ ਸਮਾਰਟ ਪੈਨਸ਼ਨ ਪਲੱਸ' ਯੋਜਨਾ ਲਾਂਚ

**ਅੰਮ੍ਰਿਤਸਰ**:ਭਾਰਤ ਦੀਆਂ ਪ੍ਰਮੁੱਖ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ ਐੱਚਡੀਐੱਫਸੀ ਲਾਈਫ ਨੇ 'ਐੱਚਡੀਐੱਫਸੀ ਲਾਈਫ ਸਮਾਰਟ ਪੈਨਸ਼ਨ ਪਲੱਸ' ਸਕੀਮ ਲਾਂਚ ਕੀਤੀ ਹੈ, ਜੋ ਗਾਹਕਾਂ ਨੂੰ ਰਿਟਾਇਰਮੈਂਟ ਤੋਂ ਬਾਅਦ ਸੈਲਰੀ ਦੀ ਤਰ੍ਹਾਂ ਆਮਦਨ ਦੇ ਇੱਕ ਰੈਗੂਲਰ ਅਤੇ ਗਾਰੰਟੀਸ਼ੁਦਾ ਸਟਰੀਮ ਦੇ ਰੂਪ ਵਿੱਚ ਵਿੱਤੀ ਆਜ਼ਾਦੀ ਪ੍ਰਾਪਤ ਕਰਨ ਦੇ ਯੋਗ ਬਣਾਉਂਦੀ ਹੈ।

ਐੱਚਡੀਐੱਫਸੀ ਲਾਈਫ ਸਮਾਰਟ ਪੈਨਸ਼ਨ ਪਲੱਸ ਉਨ੍ਹਾਂ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ, ਜੋ ਆਪਣੇ ਸੁਨਹਿਰੀ ਸਾਲਾਂ ਵਿੱਚ ਰਿਟਾਇਰਮੈਂਟ ਤੋਂ ਬਾਅਦ ਆਪਣੇ ਮੌਜੂਦਾ ਲਾਈਫ ਸਟਾਇਲ ਨੂੰ ਜਾਰੀ ਰੱਖਣ ਲਈ ਇੱਕ ਫਾਇਨੈਂਸ਼ੀਅਲ ਸੇਫਟੀ ਨੈੱਟ ਬਣਾਉਣਾ ਚਾਹੁੰਦੇ ਹਨ। ਸਿੱਧੇ ਸ਼ਬਦਾਂ ਵਿੱਚ ਇਹ ਸਾਲਾਨਾ ਪ੍ਰੋਡਕਟ ਗਾਹਕਾਂ ਨੂੰ ਰਿਟਾਇਰਮੈਂਟ ਤੋਂ ਬਾਅਦ ਆਪਣੀ ਮਨਚਾਹੀ ਜ਼ਿੰਦਗੀ ਜਿਊਣ ਦੇ ਯੋਗ ਬਣਾ ਸਕਦਾ ਹੈ। ਯੋਜਨਾ ਲਾਂਚ ਕਰਨ ਮੌਕੇ ਬੋਲਦੇ ਹੋਏ ਹੈੱਡ ਪ੍ਰੋਡਕਟਸ ਐਂਡ ਸੈਗਮੈਂਟਸ, ਐੱਚਡੀਐੱਫਸੀ ਲਾਈਫ, ਅਨੀਸ਼ ਖੰਨਾ ਨੇ ਕਿਹਾ ਕਿ ਸਾਡੀ ਨਵੀਂ ਪੇਸ਼ਕਸ਼, ਐੱਚਡੀਐੱਫਸੀ ਲਾਈਫ ਸਮਾਰਟ ਪੈਨਸ਼ਨ ਪਲੱਸ ਇੱਕ ਯੂਨੀਕ ਸਾਲਾਨਾ ਯੋਜਨਾ ਹੈ ਜਿਸ ਨੂੰ ਰਿਟਾਇਰਮੈਂਟ ਤੋਂ ਬਾਅਦ ਜੀਵਨ ਦੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਨੁਕੂਲਿਤ ਕੀਤਾ ਜਾ ਸਕਦਾ ਹੈ।

ਨਵਾਂ ਜ਼ਮਾਨਾ

ਮੰਗਲਵਾਰ, 28 ਮਾਰਚ 2023

# ਧਾਰਾ 144 ਦੀ ਅੰਨ੍ਹੀ ਦੁਰਵਰਤੋਂ

ਕੌਮੀ ਰਾਜਧਾਨੀ ਦਿੱਲੀ, ਜਿੱਥੇ ਪੁਲਸ ਦਾ ਕੰਟਰੋਲ ਕੇਂਦਰੀ ਗ੍ਰਿਹ ਮੰਤਰਾਲੇ ਕੋਲ ਹੈ, ਵਿਚ ਸਾਲ 2021 'ਚ ਧਾਰਾ 144 ਲਾਉਣ ਦੇ 6100 ਵਾਰ ਹੁਕਮ ਪਾਸ ਕੀਤੇ ਗਏ, ਜਿਨ੍ਹਾਂ ਵਿੱਚੋਂ 5400 ਮਾਮਲਿਆਂ 'ਚ ਬੇਲੋੜੀਆਂ ਹੰਗਾਮੀ ਹਾਲਤਾਂ ਦੱਸ ਕੇ ਇਸ ਧਾਰਾ ਦੀ ਵਰਤੋਂ ਕੀਤੀ ਗਈ। ਇਹ ਖੁਲਾਸਾ 'ਦੀ ਯੂਜ਼ ਐਂਡ ਮਿਸਯੂਜ਼ ਆਫ ਸੈਕਸ਼ਨ 144 ਸੀ ਆਰ ਪੀ ਸੀ : ਐਨ ਇੰਪਾਰਸ਼ਿਅਲ ਐਨਾਲਿਸਿਸ ਆਫ ਆਲ ਦੀ ਆਰਡਰਜ਼ ਪਾਸਡ ਇਨ 2021 ਇਨ ਦੇਲਹੀ' ਨਾਂਅ ਦੀ ਰਿਪੋਰਟ 'ਚ ਕੀਤਾ ਗਿਆ ਹੈ। ਇਹ ਰਿਪੋਰਟ ਜਾਰੀ ਕਰਨ ਵੇਲੇ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਯੂ ਯੂ ਲਲਿਤ ਨੇ ਕਿਹਾ ਕਿ ਰਿਪੋਰਟ 'ਚ ਜਿਨ੍ਹਾਂ ਗੱਲਾਂ ਦਾ ਜ਼ਿਕਰ ਹੈ, ਉਹ ਸਖਤ ਸਦਮਾ ਪਹੁੰਚਾਉਣ ਵਾਲੀਆਂ ਤੇ ਸਮਾਜ ਦੀਆਂ ਅੱਖਾਂ ਖੋਲ੍ਹਣ ਵਾਲੀਆਂ ਹਨ। ਮੈਨੂੰ ਖੁਦ ਨੂੰ ਨਹੀਂ ਪਤਾ ਸੀ ਕਿ ਧਾਰਾ 144 ਦੀ ਇਸ ਤਰੀਕੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਇਕ ਲੋਕਤੰਤਰ ਦੇਸ਼ ਵਿਚ ਸ਼ਕਤੀਆਂ ਦੀ ਇਸ ਤਰ੍ਹਾਂ ਦੁਰਵਰਤੋਂ ਕਤਈ ਸਵੀਕਾਰ ਨਹੀਂ ਕੀਤੀ ਜਾ ਸਕਦੀ। ਦਿੱਲੀ 'ਚ ਇਕ ਸਾਲ 'ਚ 144 ਦੇ 6100 ਹੁਕਮ? ਇਹ ਪੈਟਰਨ ਤਾਂ ਬੇਹੱਦ ਚਿੰਤਾਜਨਕ ਹੈ। ਕਿਸੇ ਵੀ ਸ਼ਕਤੀ ਦਾ ਅਜਿਹੇ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ, ਜਿਸ ਦੇ ਲਈ ਉਹ ਬਣੀ ਹੀ ਨਾ ਹੋਵੇ। ਜੇ ਕਿਸੇ ਨੇ ਪਹਿਲਾਂ ਮੈਨੂੰ ਅਜਿਹਾ ਦੱਸਿਆ ਹੁੰਦਾ ਤਾਂ ਮੈਨੂੰ ਹਾਸਾ ਆਉਂਦਾ। ਧਾਰਾ 144 ਦੀ ਵਰਤੋਂ ਜ਼ਿਲ੍ਹਾ ਮੈਜਿਸਟ੍ਰੇਟ, ਪੁਲਸ ਜਾਂ ਦੂਜੇ ਅਫਸਰ ਕਿਸੇ ਹੰਗਾਮੀ ਹਾਲਤ 'ਚ ਕਰ ਸਕਦੇ ਹਨ। ਸਾਫ-ਸਾਫ ਦੱਸਿਆ ਗਿਆ ਹੈ ਕਿ ਕਦੋਂ ਤੇ ਕਿੱਥੇ ਇਸਤੇਮਾਲ ਕਰਨਾ ਹੈ, ਪਰ ਜਿਸ ਤਰ੍ਹਾਂ ਦਿੱਲੀ 'ਚ ਇਸਤੇਮਾਲ ਕੀਤਾ ਗਿਆ ਹੈ, ਉਸ ਹਿਸਾਬ ਨਾਲ ਤਾਂ ਤੁਹਾਡੇ 'ਤੇ ਹਰ ਵਕਤ ਤਲਵਾਰ ਲਟਕਦੀ ਰਹੇਗੀ।

ਅਕਸਰ ਸੁਣਨ ਤੇ ਪੜ੍ਹਨ 'ਚ ਆਉਂਦਾ ਹੈ ਕਿ ਫਲਾਂ ਇਲਾਕੇ 'ਚ ਧਾਰਾ 144 ਲਾ ਦਿੱਤੀ ਗਈ ਹੈ। ਜ਼ਾਬਤਾ ਫੌਜਦਾਰੀ (ਕ੍ਰਿਮੀਨਲ ਪ੍ਰੋਸੀਜ਼ਰ ਕੋਡ) ਕਾਨੂੰਨ ਦੀ ਧਾਰਾ 144 ਐਗਜ਼ੈਕਟਿਵ ਮੈਜਿਸਟ੍ਰੇਟ ਜਾਂ ਉਸ ਦੇ ਬਰਾਬਰ ਦੇ ਅਧਿਕਾਰੀ ਨੂੰ ਇਹ ਸ਼ਕਤੀ ਪ੍ਰਦਾਨ ਕਰਦੀ ਹੈ ਕਿ ਉਹ ਕਿਸੇ ਥਾਂ ਚਾਰ ਜਾਂ ਉਸ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਰੋਕ ਲਾ ਸਕਦਾ ਹੈ। ਇਸ ਦੇ ਇਲਾਵਾ ਉਸ ਥਾਂ 'ਤੇ ਹਥਿਆਰ ਲਿਜਾਣ 'ਤੇ ਵੀ ਰੋਕ ਲਾ ਸਕਦਾ ਹੈ। ਧਾਰਾ 144 ਉਸ ਹਾਲਤ 'ਚ ਹੀ ਲਾਈ ਜਾਂਦੀ ਹੈ, ਜਦੋਂ ਅਮਨ-ਕਾਨੂੰਨ ਕਾਇਮ ਰੱਖਣ ਅੱਗੇ ਚੁਣੌਤੀ ਹੋਵੇ, ਲੋਕਾਂ ਦੀ ਜਾਨ ਮੁਸੀਬਤ 'ਚ ਹੋਵੇ ਜਾਂ ਸਮਾਜ 'ਚ ਅਸ਼ਾਂਤੀ ਦਾ ਖਤਰਾ ਹੋਵੇ। ਅਕਸਰ ਹਿੰਸਾਗ੍ਰਸਤ ਜਾਂ ਅਸ਼ਾਂਤ ਇਲਾਕਿਆਂ 'ਚ ਧਾਰਾ 144 ਲਾਈ ਜਾਂਦੀ ਹੈ। ਇਹ ਵੱਧ ਤੋਂ ਵੱਧ ਦੋ ਮਹੀਨਿਆਂ ਲਈ ਲਾਈ ਜਾ ਸਕਦੀ ਹੈ। ਹਾਲਤ ਦੀ ਗੰਭੀਰਤਾ ਦੇ ਮੱਦੇਨਜ਼ਰ ਪ੍ਰਸ਼ਾਸਨ ਦੋ ਮਹੀਨੇ ਹੋਰ ਵਧਾ ਸਕਦਾ ਹੈ। ਕੁਲ ਛੇ ਮਹੀਨਿਆਂ ਤੱਕ ਲਾਈ ਜਾ ਸਕਦੀ ਹੈ। ਹਾਲਾਤ ਨਾਰਮਲ ਹੋਣ 'ਤੇ ਧਾਰਾ 144 ਨੂੰ ਵਾਪਸ ਲਿਆ ਜਾ ਸਕਦਾ ਹੈ। ਧਾਰਾ 144 ਦੀ ਉਲੰਘਣਾ ਕਰਨ 'ਤੇ ਪੁਲਸ ਗ੍ਰਿਫਤਾਰ ਕਰ ਸਕਦੀ ਹੈ। ਗ੍ਰਿਫਤਾਰੀ ਧਾਰਾ 107, 151 ਤਹਿਤ ਕੀਤੀ ਜਾ ਸਕਦੀ ਹੈ। 144 ਦੀ ਉਲੰਘਣਾ 'ਤੇ ਇਕ ਸਾਲ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਇਹ ਜ਼ਮਾਨਤੀ ਅਪਰਾਧ ਹੈ, ਅਜਿਹੇ 'ਚ ਜ਼ਮਾਨਤ ਹੋ ਸਕਦੀ ਹੈ।

ਇਸ ਦੀ ਸਮਰੱਥ ਅਧਿਕਾਰੀ ਅਕਸਰ ਵਰਤੋਂ ਕਰਦੇ ਹਨ। ਇਹ ਧਾਰਾ ਲੰਮੇ ਸਮੇਂ ਤੋਂ ਵਿਵਾਦਾਂ ਵਿਚ ਹੈ। 1970 ਦਾ 'ਮਧੂ ਲਿਮਏ ਬਨਾਮ ਸਬ-ਡਵੀਜ਼ਨਲ ਮੈਜਿਸਟ੍ਰੇਟ' ਮਾਮਲਾ ਕਾਫੀ ਚਰਚਿਤ ਹੋਇਆ ਸੀ। ਉਦੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਐੱਮ ਹਿਦਾਇਤਉਲ੍ਹਾ ਦੀ ਅਗਵਾਈ ਵਾਲੀ 7 ਜੱਜਾਂ ਦੀ ਬੈਂਚ ਨੇ ਕਿਹਾ ਸੀ—144 ਦੇ ਤਹਿਤ ਮੈਜਿਸਟ੍ਰੇਟ ਦੀ ਸ਼ਕਤੀ ਕੋਈ ਆਮ ਪ੍ਰਸ਼ਾਸਨਕ ਸੱਚ ਨਹੀਂ ਹੈ, ਸਗੋਂ ਨਿਆਂਇਕ ਤਰੀਕੇ ਨਾਲ ਇਸਤੇਮਾਲ ਕੀਤੀ ਜਾਣ ਵਾਲੀ ਸ਼ਕਤੀ ਹੈ ਅਤੇ ਨਿਆਂਇਕ ਜਾਂਚ ਵੀ ਕੀਤੀ ਜਾ ਸਕਦੀ ਹੈ। 2012 ਵਿਚ ਵੀ ਧਾਰਾ 144 ਸੁਰਖੀਆਂ 'ਚ ਆਈ ਸੀ, ਜਦੋਂ ਦਿੱਲੀ ਦੇ ਰਾਮਲੀਲ੍ਹਾ ਮੈਦਾਨ 'ਚ ਅੰਦੋਲਨਕਾਰੀਆਂ 'ਤੇ ਧਾਰਾ 144 ਲਾਉਣ 'ਤੇ ਸੁਪਰੀਮ ਕੋਰਟ ਨੇ ਤਿੱਖੀ ਅਲੋਚਨਾ ਕੀਤੀ ਸੀ। ਉਸ ਨੇ ਕਿਹਾ ਸੀ ਕਿ 144 ਦੀਆਂ ਸ਼ਕਤੀਆਂ ਦੀ ਵਰਤੋਂ ਸਿਰਫ ਗੰਭੀਰ ਹਾਲਤਾਂ 'ਚ ਅਮਨ ਕਾਇਮ ਰੱਖਣ ਲਈ ਹੀ ਕੀਤੀ ਜਾ ਸਕਦੀ ਹੈ। ਲੱਗਦਾ ਹੈ ਕਿ ਦਿੱਲੀ ਦੇ ਪ੍ਰਸ਼ਾਸਨ ਨੂੰ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਦੀ ਕੋਈ ਪਰਵਾਹ ਨਹੀਂ।

# ਨਵੇਂ ਭਾਰਤ ਦਾ ਸੰਕਲਪ ਜਾਂ ਨਵਾਂ ਜੁਮਲਾ



ਤਰਸੇਮ ਸਿੰਘ ਭੰਗੂ

ਹਰ ਕਿਸੇ ਦਾ ਸੁਪਨਾ ਹੁੰਦਾ ਹੈ ਕਿ ਪਹਿਲਾਂ ਉਸ ਦਾ ਘਰ ਸੋਹਣਾ ਹੋਵੇ, ਫਿਰ ਮੁਲਕ। ਨਵੇਂ ਭਾਰਤ ਦੇ ਨਿਰਮਾਣ ਦੀਆਂ ਟਾਹਰਾਂ ਮਾਰਦੇ ਨਵ-ਨਿਰਮਾਤਾ ਅੱਜਕੱਲ੍ਹ ਤੁਸੀਂ ਟੈਲੀਵਿਜ਼ਨ ਉਪਰ ਵੇਖਦੇ ਅਤੇ ਸੁਣਦੇ ਹੋ। ਇਕ ਤੋਂ ਇਕ ਨਵੇਂ ਨਾਹਰੇ ਤੇ ਜੁਮਲੇ, ਹੁਣ ਤਾਂ ਸੁਣਨ ਨੂੰ ਵੀ ਚਿੱਤ ਨਹੀਂ ਕਰਦਾ ਹੋਵੇਗਾ। ਜੇ ਵਾਕਿਆ ਹੀ ਨਵੇਂ ਭਾਰਤ ਦਾ ਨਿਰਮਾਣ ਕਰਨਾ ਹੈ ਤਾਂ ਬੜਾ ਕੁਝ ਬਦਲਣ ਦੀ ਲੋੜ ਹੈ।

ਇਕ ਮਿੱਥ ਮੁਤਾਬਕ ਗੁਰੂਆਂ, ਪੀਰਾਂ, ਫ਼ਕੀਰਾਂ ਦੇ ਇਸ ਮੁਲਕ ਨੂੰ ਤੇਤੀ ਕਰੋੜ ਦੇਵੀ-ਦੇਵਤਿਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਅੱਜ ਸੋਚਣ ਦਾ ਵਿਸ਼ਾ ਹੈ ਕਿ ਫਿਰ ਤਾਂ ਅਜ਼ਾਦੀ ਤੋਂ ਪਹਿਲਾਂ ਪੂਰਬੀ ਅਤੇ ਪੱਛਮੀ ਪਾਕਿਸਤਾਨ ਸਮੇਤ ਅਖੰਡ ਭਾਰਤ ਵਿਚ ਦੇਵੀ-ਦੇਵਤੇ ਹੀ ਵੱਸਦੇ ਸਨ। ਅਜ਼ਾਦੀ ਤੋਂ ਲੈ ਕੇ ਹੁਣ ਤੱਕ ਦੀ ਅਬਾਦੀ ਦੇ ਸੌ ਕਰੋੜ ਵਾਧੇ ਨੂੰ ਕਿਸ ਗਿਣਤੀ ਵਿਚ ਲਿਆ ਜਾਵੇ, ਜਿੱਥੇ ਅੱਜ ਦੇ ਦੇਵਤੇ ਜਾਂ ਦੈਂਤ ਨਵੇਂ ਭਾਰਤ ਦੇ ਨਿਰਮਾਣ ਦੀ ਗੱਲ ਕਰ ਰਹੇ ਹਨ।

ਨਵੇਂ ਭਾਰਤ ਦਾ ਨਿਰਮਾਣ ਤਾਂ ਹੀ ਸੰਭਵ ਹੈ, ਜੇ ਭਾਰਤ ਬਨਾਮ ਸੋਨੇ ਦੀ ਚਿੜੀ ਪਰਵਾਰਵਾਦ ਦੇ ਪੰਜਿਆਂ 'ਚੋਂ ਮੁਕਤ ਹੋਵੇ। ਸਾਡੀ ਸੰਸਦ ਅਤੇ ਵਿਧਾਨ ਸਭਾਵਾਂ ਨਵੇਂ ਕਾਨੂੰਨ ਪਾਸ ਕਰਕੇ ਅਨਪੜ੍ਹ ਅਤੇ ਅਨਫਿੱਟ ਲੀਡਰਾਂ ਤੋਂ ਮੁਕਤ ਹੋਣ, ਤੀਜੇ ਨੰਬਰ 'ਤੇ ਆਉਂਦੇ ਹਨ ਬਾਬੇ, ਸਾਧ ਅਤੇ ਸਾਧਵੀਆਂ, ਜੋ ਵਿਹਲੇ ਰਹਿ ਕੇ ਆਪਣੇ ਪਿਛਲੱਗਾਂ ਵੱਲੋਂ ਦਸਵੰਧ ਦੇ ਨਾਂਅ 'ਤੇ ਚੜ੍ਹਾਈ ਮਾਇਆ ਨਾਲ ਮੌਜਾਂ ਲੁੱਟਦੇ ਹਨ। ਇਹਨਾਂ ਤਿੰਨਾਂ ਨੁਕਤਿਆਂ ਤੋਂ ਇਲਾਵਾ ਨਵੇਂ ਭਾਰਤ ਦਾ ਸੁਪਨਾ ਸਾਕਾਰ ਕਰਨ ਲਈ ਹੋਰ ਵੀ ਕਈ ਗੱਲਾਂ 'ਤੇ ਗੌਰ ਕਰਨ ਦੀ ਲੋੜ ਹੈ।

ਧਾਰਮਿਕਤਾ ਨੂੰ ਪ੍ਰਣਾਏ ਇਸ ਮੁਲਕ ਵਿਚ ਨੇਤਾਗਿਰੀ, ਬਾਬਾਗਿਰੀ ਅਤੇ ਦਾਦਾਗਿਰੀ ਕਰਨੀ ਸਭ ਕੰਮਾਂ ਤੋਂ ਸੌਖੀ ਹੈ, ਜਿਸ ਲਈ ਕਿਸੇ ਯੋਗਤਾ ਦੀ ਲੋੜ ਨਹੀਂ। ਅਨਪੜ੍ਹ ਬਾਬਿਆਂ ਅਤੇ ਘੱਟ ਪੜ੍ਹੇ-ਲਿਖੇ ਅਨਪੜ੍ਹਾਂ ਵਰਗੇ ਨੇਤਾਵਾਂ ਨੇ ਇਸ ਦੇਸ਼ ਦੇ ਪੜ੍ਹਿਆਂ-ਲਿਖਿਆਂ ਨੂੰ ਪੜ੍ਹਨੇ ਪਾਇਆ ਹੋਇਆ ਹੈ। ਇਥੇ ਬਾਬੇ ਦਾ ਪੁੱਤਰ ਗੱਦੀਨਸ਼ੀਨ ਬਣ ਕੇ ਬਾਬਾਗਿਰੀ ਦੀ ਵਿਰਾਸਤ ਨੂੰ ਅੱਗੇ ਤੋਰੀ ਜਾ ਰਿਹਾ ਹੈ। ਯੋਗਤਾ ਨੂੰ ਦਰ-ਕਿਨਾਰ ਕਰਦਿਆਂ ਨੇਤਾ ਜੀ ਦਲੀਲ ਦੇਂਦਾ ਵਿਰਾਸਤੀ ਕੁਰਸੀ ਪੱਕੀ ਕਰਦਾ ਕਹਿੰਦਾ ਹੈ, "ਜੇ ਵਕੀਲ ਦਾ ਪੁੱਤਰ ਵਕੀਲ, ਡਾਕਟਰ ਦਾ ਪੁੱਤਰ ਡਾਕਟਰ, ਫ਼ੌਜੀ ਦਾ ਪੁੱਤਰ ਫ਼ੌਜੀ ਬਣ ਸਕਦਾ ਹੈ ਤਾਂ ਨੇਤਾ ਦਾ ਪੁੱਤਰ ਨੇਤਾ ਕਿਉਂ ਨਹੀਂ ਬਣ ਸਕਦਾ?" ਨੇਤਾ ਦਾ ਪੁੱਤਰ ਹੋਣਾ ਕੋਈ ਯੋਗਤਾ ਨਹੀਂ, ਨੇਤਾ ਵਾਲੇ ਗੁਣ ਹੋਣਾ ਜ਼ਰੂਰੀ ਹੈ। ਉਪਰੋਕਤ ਵਿਚ ਜੋ ਯੋਗ ਹੁੰਦੇ ਹਨ, ਉਹ ਹੀ ਡਾਕਟਰ, ਵਕੀਲ ਅਤੇ ਫ਼ੌਜੀ ਬਣਦੇ ਹਨ। ਉਹ ਨੇਤਾਵਾਂ ਵਾਂਗ ਜਾਅਲੀ ਡਿਗਰੀਆਂ ਲੁਕਾਉਂਦੇ ਨਹੀਂ। ਯੋਗਤਾ ਦੀ ਗੱਲ ਤੁਰਦੀ ਹੈ ਤਾਂ ਉੱਚੀ ਪੜ੍ਹਾਈ ਤੋਂ ਬਾਅਦ ਔਖੇ ਟੈੱਸਟਾਂ ਵਿੱਚੋਂ ਨਿਕਲ ਕੇ ਪੁੱਜੇ ਉਮੀਦਵਾਰ ਦੀ ਇੰਟਰਵਿਊ ਜਦੋਂ ਘੱਟ ਪੜ੍ਹਿਆ ਸਿੱਖਿਆ ਜਾਂ ਸਿਹਤ ਮੰਤਰੀ ਲੈਂਦਾ ਹੈ ਤਾਂ ਇੰਟਰਵਿਊ ਦੇਣ ਵਾਲੇ ਦਾ ਦਿਲ ਹੀ ਪੁੱਛਿਆ ਜਾਣਦਾ ਹੈ। ਪ੍ਰਤੱਖ ਨਜ਼ਰ ਆਉਣ ਲੱਗਦਾ ਹੈ ਕਿ ਸਿਫ਼ਾਰਸ਼ੀ ਦਾ ਚੁਣਿਆ ਜਾਣਾ ਤੈਅ ਹੈ। ਪਰਵਾਰਵਾਦ ਦੇ ਮਾਮਲੇ ਵਿਚ ਧਿਆਨ ਮਾਰ ਕੇ ਵੇਖਿਆ ਜਾ ਸਕਦਾ ਹੈ ਕਿ ਐੱਮ.ਪੀ., ਐੱਮ.ਐੱਲ.ਏ. ਦੇ ਪੁੱਤਰ, ਜਵਾਈ, ਧੀਆਂ ਅਤੇ ਨੂੰਹਾਂ ਹੀ ਚੇਅਰਮੈਨਾਂ ਦੀਆਂ ਕੁਰਸੀਆਂ ਉੱਤੇ ਬਿਰਾਜਮਾਨ ਹੁੰਦੇ ਹਨ। ਕੀ ਇਨ੍ਹਾਂ ਅਹੁਦਿਆਂ ਲਈ ਯੋਗ ਸਿਰਫ਼ ਸਿਆਸੀ ਪਰਵਾਰਾਂ ਦੇ ਫ਼ਰਜ਼ੰਦ ਹੀ ਹਨ? ਹੋਰ ਕੋਈ ਪਾਰਟੀ ਵਰਕਰ ਕਿਉਂ ਨਹੀਂ? ਜੇ ਕਿਧਰੇ ਕੋਈ ਪਾਰਟੀ ਦਾ ਬਹੁਤਾ ਹੀ ਜੀ-ਹਜ਼ੂਰ, ਚੋਟੀ ਦਾ ਭ੍ਰਿਸ਼ਟ ਜਾਂ ਬਾਹੂਬਲੀ ਇਹ ਰੁਤਬਾ ਹਾਸਲ ਕਰਨ ਵਿਚ ਕਾਮਯਾਬ ਹੋ ਜਾਵੇ ਤਾਂ ਉਹ ਐੱਮ.ਪੀ. ਜਾਂ ਐੱਮ.ਐੱਲ.ਏ. ਦੀ ਟਿਕਟ ਦੀ ਦਾਅਵੇਦਾਰੀ ਜਤਾਉਣਾ ਆਪਣਾ ਹੱਕ ਸਮਝਦਾ ਹੈ। ਜਿਵੇਂ ਉਸ ਨੇ ਕੋਈ ਕੋਰਸ ਪਾਸ ਕਰ ਲਿਆ ਹੋਵੇ। ਪਿਛਲੇ ਦਿਨੀਂ ਇਕ ਉਮਰ ਹੰਢਾਅ ਚੁੱਕੇ ਨੇਤਾ ਨੇ ਤਾਂ ਇਕ ਜਨਤਕ ਸਟੇਜ ਤੋਂ ਇਥੋਂ ਤੱਕ ਕਹਿ ਦਿੱਤਾ ਕਿ ਜਿਨ੍ਹਾਂ ਉਤੇ ਪਰਚੇ ਦਰਜ ਹੁੰਦੇ ਹਨ ਜਾਂ ਜੇਲ੍ਹ ਜਾਂਦੇ ਹਨ, ਉਹ ਹੀ ਨੇਤਾ ਬਣਦੇ ਹਨ। ਮੇਰੇ ਵੱਲ ਵੇਖ ਲਓ ਮੇਰੇ ਕੋਲ ਕਿਹੜੀ ਕੋਈ ਡਿਗਰੀ ਹੈ! ਇਸ ਦੇ ਕੀ ਅਰਥ ਕੱਢੇ ਜਾਣ?

ਜਿਸ ਮੁਲਕ ਦੇ ਪਵਿੱਤਰ ਲੋਕਤੰਤਰੀ ਮੰਦਰ ਦੀਆਂ ਪੌੜੀਆਂ ਦਸ ਨੰਬਰੀ, ਚੋਰ, ਬਲਾਤਕਾਰੀ, ਬਾਹੂਬਲੀ ਅਤੇ ਭ੍ਰਿਸ਼ਟ ਲੋਕ ਚੜ੍ਹਨਗੇ, ਉਸ ਨੂੰ ਕੋਈ ਵੀ ਦੇਵਤਾ ਨਹੀਂ ਬਚਾਅ ਸਕਦਾ। ਅੱਜ ਦੀ ਤਾਰੀਖ਼ ਵਿਚ ਸਾਂਸਦ ਅਤੇ ਵਿਧਾਨਕਾਰ ਸਾਫ਼ ਅਕਸ ਵਾਲਾ ਸ਼ਾਇਦ ਦੀਵਾ ਲੈ ਕੇ ਵੀ ਨਾ ਲੱਭਿਆ ਜਾ ਸਕੇ।

ਸਾਡੇ ਮੁਲਕ ਦਾ ਕਾਨੂੰਨ ਅਤੇ ਚੋਣ ਕਮਿਸ਼ਨ ਵੀ ਇਹਨਾਂ ਵਿਸ਼ੇਸ਼ ਨਾਗਰਿਕਾਂ ਅੱਗੇ ਸ਼ਾਇਦ ਬੇਵੱਸ ਹੈ। ਦਾਗ਼ੀ ਅਤੇ ਦੋਸ਼ੀ ਨੇਤਾ ਚੋਣ ਜਿੱਤ ਕੇ ਲੁੱਟ-ਕੁੱਟ ਕੇ ਪੈਨਸ਼ਨ ਵੀ ਲੈ ਲੈਂਦਾ ਹੈ, ਪਰ ਜੂੰ ਦੀ ਚਾਲੇ ਤੁਰਦੀ ਅਦਾਲਤੀ ਕਾਰਵਾਈ ਜਿੰਨਾ ਚਿਰ ਦੋਸ਼ੀ ਸਿੱਧ ਨਹੀਂ ਕਰਦੀ, ਉਹ ਸਰੇਆਮ ਜੁਰਮ ਕਰਕੇ ਵੀ ਦੋਸ਼ੀ ਨਹੀਂ ਗਿਣਿਆ ਜਾਂਦਾ। ਆਮ ਮਾੜੇ ਬੰਦੇ ਦੇ ਪੇਸ਼ ਨਾ ਹੋਣ 'ਤੇ ਪੁਲਸ ਉਸ ਦਾ ਸਾਰਾ ਟੱਬਰ ਬੰਨ੍ਹ ਤੁਰਦੀ ਹੈ। ਦੂਜੇ ਪਾਸੇ ਰਾਜਨੀਤਕਾਂ ਦੀ ਪੁਸ਼ਤ-ਪਨਾਹੀ ਵਾਲਾ ਇਕ ਬਲਾਤਕਾਰੀ ਪੰਦਰਾਂ ਸਾਲ ਬਾਅਦ ਸਿਰਫ਼ ਸਜ਼ਾ ਜਾਂ ਬਰੀ ਦਾ ਫੈਸਲਾ ਸੁਣਨ ਇਕ ਪ੍ਰਧਾਨ ਮੰਤਰੀ ਦੇ ਕਾਫ਼ਲੇ ਤੋਂ ਵੀ ਵੱਧ ਲਾਮ-ਲਸ਼ਕਰ ਲੈ ਕੇ ਅਦਾਲਤ ਵਿੱਚ ਪਹੁੰਚਦਾ ਹੈ। ਜੇ ਇਸ ਕੇਸ ਨਾਲ ਸੰਬੰਧਤ ਜੱਜ ਵਰਗੀ ਜੁਡੀਸ਼ਰੀ ਹੋ ਜਾਵੇ ਤਾਂ ਸ਼ਾਇਦ ਨਵੇਂ ਭਾਰਤ ਦਾ ਚਿਹਰਾ ਦਿਸਣ ਲੱਗ ਪਵੇ। ਸ਼ਾਇਦ ਤੇਤੀ ਕਰੋੜ ਦੇਵੀ-ਦੇਵਤਿਆਂ ਦੇ ਦੂਤਾਂ ਤੋਂ ਪੁਲਸ ਨੂੰ ਵੀ ਡਰ ਲੱਗਦਾ ਹੈ।

ਜਵਾਬ ਮੰਗਦੇ ਕੁਝ ਸਵਾਲ ਹਨ, ਕੀ ਨਵ-ਨਿਰਮਾਣ ਭਾਰਤ 'ਚ ਨਿਯਮ ਬਦਲੀ ਹੋਣਗੇ?

ਜੇ ਕਿਸੇ ਪਾਰਟੀ ਨੇ ਲੋਕਤੰਤਰੀ ਢੰਗ ਨਾਲ ਲੋਕਾਂ ਵੱਲੋਂ ਰੱਦ ਕੀਤੇ ਨੇਤਾ ਨੂੰ ਮਹੱਤਵਪੂਰਨ ਅਹੁਦੇ ਉਤੇ ਬਿਰਾਜਮਾਨ ਕਰਕੇ ਲੋਕਾਂ ਦੇ ਜ਼ਖਮਾਂ 'ਤੇ ਲੂਣ ਛਿੜਕਣਾ ਹੈ ਤਾਂ ਲੋਕਤੰਤਰੀ ਢਕੌਂਸਲਾ ਕਿਉਂ? ਬਿਨਾਂ ਚੋਣ ਲੜੇ ਤੋਂ ਕੋਈ ਕੁਰਸੀ ਸੌਂਪ ਦੇਣੀ ਹੈ, ਫਿਰ ਐਨੀਆਂ ਮਹਿੰਗੀਆਂ ਚੋਣਾਂ ਕਿਉਂ? ਜੇ ਪਾਰਟੀ ਕਿਸੇ ਵਿਸ਼ੇਸ਼ ਨੂੰ ਯੋਗ ਸਮਝਦੀ ਹੈ ਤਾਂ ਫਿਰ ਹੱਥਾਂ 'ਚ ਥੱਬਾ-ਥੱਬਾ ਡਿਗਰੀਆਂ ਚੁੱਕੀ ਫਿਰਦੇ ਨੌਜਵਾਨਾਂ ਵੱਲ ਧਿਆਨ ਮਾਰ ਕੇ ਵੇਖ ਲੈਣਾ ਚਾਹੀਦਾ ਹੈ। ਕੀ ਉਹ ਯੋਗ ਨਹੀਂ? ਚੋਣਾਂ 'ਤੇ ਖਰਚ ਹੋਣ ਵਾਲਾ ਧਨ ਬਚਾਅ ਕੇ ਜਨ ਹਿੱਤ ਲਈ ਵਰਤ ਕੇ ਨਵੇਂ ਭਾਰਤ ਦੀ ਨੀਂਹ ਰੱਖੀ ਜਾ ਸਕਦੀ ਹੈ।

ਸਾਡੇ ਸੰਵਿਧਾਨ ਵਿਚ ਨੇਤਾ ਦੇ ਸੇਵਾ-ਮੁਕਤ ਹੋਣ ਦੀ ਉਮਰ ਸ਼ਾਇਦ ਲਿਖੀ ਹੀ ਨਹੀਂ। ਇਹਨਾਂ ਦੀ ਮੁਕਤੀ ਦਾ ਫੁਰਮਾਨ ਧੁਰ ਦਰਗਾਹੋਂ ਆਉਣ ਤੋਂ ਬਾਅਦ ਹੀ ਜਨਤਾ ਨੂੰ ਮੁਕਤੀ ਮਿਲਦੀ ਹੈ। ਜੇ ਇਕ ਮੁਲਾਜ਼ਮ ਸੱਠ ਸਾਲ ਤੋਂ ਬਾਅਦ ਦੇਸ਼ ਉੱਤੇ ਬੋਝ ਸਮਝਿਆ ਜਾਂਦਾ ਹੈ, ਫਿਰ ਇਹ ਸੱਤਰ ਦੇ ਮੱਤਹੀਣ ਬੁੱਢੇ-ਠੇਰੇ ਵੀਲ੍ਹ ਚੇਅਰ 'ਤੇ ਬੈਠੇ ਅਤੇ ਚਾਰ-ਚਾਰ ਸਹਿਯੋਗੀਆਂ ਦੀ ਮਦਦ ਲੈਣ ਵਾਲੇ ਦੇਸ਼ ਦੇ ਨਿਰਮਾਣ 'ਚ ਕੀ ਯੋਗਦਾਨ ਪਾਉਣਗੇ? ਬਾਹਰਲੇ ਮੁਲਕਾਂ ਦੇ ਦੌਰੇ ਕਰਨ ਵਾਲੇ ਨੇਤਾਵਾਂ ਨੂੰ ਉਥੋਂ ਦੇ ਲੀਡਰਾਂ ਵੱਲ ਜ਼ਰੂਰ ਧਿਆਨ ਦੇ ਕੇ ਆਪਣੇ ਮੁਲਕ ਦੀ ਹਾਲਤ ਸੁਧਾਰਨੀ ਚਾਹੀਦੀ ਹੈ। ਇਸ ਸੰਬੰਧੀ ਮੌਜੂਦਾ ਪ੍ਰਧਾਨ ਮੰਤਰੀ ਬਿਹਤਰ ਸਲਾਹ ਦੇ ਸਕਦੇ ਹਨ। ਕਿਉਂਕਿ ਉਹ ਵੱਧ ਤੋਂ ਵੱਧ ਵਿਦੇਸ਼ੀ ਦੌਰਿਆਂ ਵਾਲੇ ਪ੍ਰਧਾਨ ਮੰਤਰੀ ਕਹੇ ਜਾਂਦੇ ਹਨ। ਉਨ੍ਹਾਂ ਨੂੰ ਸ਼ਾਇਦ ਹੀ ਅਜਿਹਾ ਕੋਈ ਨੇਤਾ ਮਿਲਿਆ ਹੋਊ, ਜੋ 60 ਸਾਲ ਤੋਂ ਉਪਰ ਦਾ ਹੋਵੇ। ਉਮਰ ਹੰਢਾਅ ਚੁੱਕੇ ਅਤੇ ਕੰਡਮ ਨੇਤਾ ਅਹੁਦਿਆਂ ਦਾ ਸੁੱਖ ਮਾਣਦੇ ਜਨਤਾ 'ਤੇ ਬੋਝ ਨਹੀਂ?

ਜੇ ਨਵੇਂ ਭਾਰਤ ਦਾ ਨਿਰਮਾਣ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਅਕਾਦਮਿਕ ਯੋਗਤਾ, ਸਰੀਰਕ ਤੰਦਰੁਸਤੀ ਅਤੇ ਆਮ ਮੁਲਾਜ਼ਮ ਵਾਂਗ ਨੇਤਾ ਦੀ ਸੇਵਾ-ਮੁਕਤੀ ਦੀ ਹੱਦ ਨਿਸ਼ਚਿਤ ਕਰਨੀ ਪੈਣੀ ਹੈ। ਜੇ ਇਹ ਦਲੀਲ ਦਿੱਤੀ ਜਾਵੇ ਕਿ ਲੰਮਾ ਤਜਰਬਾ ਹੀ ਨੇਤਾ ਦੀ ਯੋਗਤਾ ਹੈ ਤਾਂ ਫਿਰ ਮੁਲਾਜ਼ਮ ਵੀ ਸੱਠ ਸਾਲ ਤੱਕ ਤਜਰਬੇਕਾਰ ਹੁੰਦਾ ਹੈ। ਜੇ ਕੋਈ ਅਧਿਕਾਰੀ ਸਿਆਸੀ ਸ਼ੌਕ ਰੱਖਦਾ ਹੈ ਤਾਂ ਉਸ ਨੂੰ ਵੀ ਉਮਰ ਹੱਦ ਦੀ ਛੋਟ ਨਾ ਹੋਵੇ, ਕਿਉਂਕਿ ਨੇਤਾ ਲੋਕ ਵੀ ਤਾਂ ਬਕਾਇਦਾ ਤਨਖਾਹ ਅਤੇ ਅਨੇਕਾਂ ਭੱਤੇ ਲੈਂਦੇ ਹਨ। ਬੇਸ਼ੱਕ ਇਹਨਾਂ ਨੇ 2004 ਤੋਂ ਬਾਅਦ 60 ਸਾਲ ਨੌਕਰੀ ਕਰਨ ਵਾਲੇ ਦੀ ਪੈਨਸ਼ਨ ਬੰਦ ਕਰ ਦਿੱਤੀ ਹੈ, ਪਰ ਆਪ ਭਾਵੇਂ ਪੰਜਾਂ ਸਾਲਾਂ ਵਿਚ ਇਕ ਵੀ ਲੋਕ ਮਸਲਾ ਨਾ ਉਠਾਉਣ, ਇਹਨਾਂ ਦੀ ਪੈਨਸ਼ਨ ਪੱਕੀ ਹੋ ਜਾਂਦੀ ਹੈ। ਹਰੇਕ ਨਾਗਰਿਕ ਲਈ ਨਿਯਮ ਬਰਾਬਰ ਹੋਣੇ ਚਾਹੀਦੇ ਹਨ। 60 ਸਾਲ ਬਾਅਦ ਹਰੇਕ ਬੁਢਾਪਾ ਪੈਨਸ਼ਨ ਲੈ ਕੇ ਘਰ ਬੈਠੇ, ਇਹ ਆਮ ਨਾਗਰਿਕ ਨਾਲੋਂ ਵੱਖਰੇ ਨਿਯਮ ਲਿਖਵਾ ਕੇ ਪੈਦਾ ਨਹੀਂ ਹੋਏ। ਕੀ ਆਰਥਿਕ ਮੰਦਹਾਲੀ ਦੀ ਮਾਰ ਝੱਲ ਰਹੇ ਮੁਲਕ ਦੇ ਨੇਤਾ ਲੋਕ ਠੇਕੇ 'ਤੇ ਕੰਮ ਕਰਨ ਲਈ ਰਾਜ਼ੀ ਹੋਣਗੇ! ਜੇ ਨਹੀਂ ਤਾਂ ਇਹਨਾਂ ਵੱਲੋਂ ਕਿਸੇ ਮੁਲਾਜ਼ਮ ਨੂੰ ਠੇਕੇ 'ਤੇ ਰੱਖਣ ਦਾ ਅਧਿਕਾਰ ਕਿਉਂ? ਜੇ ਅਸੀਂ ਆਪਣੀ ਫ਼ੌਜ, ਪੁਲਸ ਅਤੇ ਹੋਰ ਮੁਲਾਜ਼ਮ ਵਿੱਦਿਅਕ ਯੋਗਤਾ, ਤੰਦਰੁਸਤ, ਬਿਨਾਂ ਫ਼ੌਜਦਾਰੀ ਜਾਂ ਸਜ਼ਾ ਯਾਫ਼ਤਾ ਮਨਜ਼ੂਰ ਨਹੀਂ ਕਰਦੇ ਤਾਂ ਫਿਰ ਕਾਨੂੰਨ ਘਾੜੇ ਦਾਗ਼ੀ ਕਿਉਂ ਹੋਣ : ਜੇ ਪੜ੍ਹੇ-ਲਿਖੇ ਨੇਤਾ ਹੋਣਗੇ ਤਾਂ ਅਨਪੜ੍ਹ ਅਤੇ ਕੱਚ-ਘਰੜ ਬਾਬਿਆਂ ਦੇ ਦਰਬਾਰਾਂ ਉੱਤੇ ਮੱਥੇ ਰਗੜ ਕੇ ਆਪਣੀ ਕੁਰਸੀ ਮਜ਼ਬੂਤ ਨਹੀਂ ਕਰਨਗੇ। ਲੋਕ ਹਿੱਤਾਂ ਵਿਚ ਫੈਸਲੇ ਲੈਣ ਦੇ ਸਮਰੱਥ ਹੋਣਗੇ।

ਅਯੋਗਤਾ, ਝੂਠ ਅਤੇ ਲਾਰਾ-ਲੱਪਾ ਲਾ ਕੇ ਕਾਇਮ ਕੀਤੇ ਰਾਜ ਦੀਆਂ ਨੀਂਹਾਂ ਮਜ਼ਬੂਤ ਨਹੀਂ ਹੁੰਦੀਆਂ, ਉਨ੍ਹਾਂ ਡਿਗਣਾ ਹੀ ਹੁੰਦਾ ਹੈ। ਗੱਲਾਂ ਅਤੇ ਜੁਮਲਿਆਂ ਨਾਲ ਜਨਤਾ ਦਾ ਢਿੱਡ ਭਰ ਕੇ ਨਵੇਂ ਭਾਰਤ ਦਾ ਨਿਰਮਾਣ ਅਸੰਭਵ ਹੈ। ਕੁਝ ਕਰਕੇ ਵਿਖਾਉਣਾ ਪਵੇਗਾ। ਜਿੱਥੇ ਵਿਹਲੜ ਬਾਬੇ 18-18 ਕਿਲੋ ਸੋਨਾ ਪਹਿਨ ਕੇ ਆਪਣੇ -ਆਪ ਨੂੰ ਗੋਲਡ ਬਾਬੇ ਅਖਵਾਉਂਦੇ ਹੋਣ, ਉਸ ਮੁਲਕ ਦੇ ਲੀਡਰਾਂ ਨੂੰ ਸਵਿਸ ਬੈਂਕਾਂ ਵਿਚ ਪਏ ਕਾਲੇ ਧਨ ਵੱਲ ਝਾਕਣ ਦੀ ਲੋੜ ਨਹੀਂ। ਜਨਤਾ ਨੂੰ ਮੂਰਖ ਬਣਾ ਕੇ ਬੇਸ਼ੁਮਾਰ ਮਾਇਆ ਇਕੱਠੀ ਕਰਕੇ ਉਪਰ ਕੁੰਡਲੀ ਮਾਰੀ ਬੈਠੇ ਬਾਬੇ, ਜਿਨ੍ਹਾਂ ਨੂੰ ਕੋਈ ਟੈਕਸ ਨਹੀਂ ਲੱਗਦਾ, ਵੱਲ ਧਿਆਨ ਦੇਣ ਦੀ ਲੋੜ ਹੈ। ਇਕ ਵਾਰੀ ਮੁਲਕ ਦੇ ਪ੍ਰਮੁੱਖ ਨੇਤਾ ਨੇ ਬਿਆਨ ਦਿੱਤਾ ਸੀ ਕਿ, "ਧਾਰਮਿਕ ਸਥਾਨਾਂ ਵਿਚ ਪਿਆ ਸੋਨਾ ਲੋਕ ਹਿੱਤ ਲਈ ਵਰਤਿਆ ਜਾਵੇਗਾ।" ਬਿਆਨ ਚੰਗਾ ਲੱਗਾ ਸੀ, ਪਰ ਪਤਾ ਨਹੀਂ ਉਸ ਨੇਤਾ ਨੂੰ ਕਿਧਰੋਂ ਘੂਰੀ ਮਿਲੀ, ਉਸ ਨੇ ਮੁੜ ਕਦੀ ਉਸ ਸੋਨੇ ਦਾ ਜ਼ਿਕਰ ਨਹੀਂ ਕੀਤਾ। ਪੰਜ ਸਾਲ ਹੋਰ ਬਥੇਰੇ ਸਬਜ਼ਬਾਗ ਵਿਖਾਉਂਦਾ ਰਿਹਾ। ਹਾਲੇ ਵੀ ਵਿਖਾਈ ਜਾ ਰਿਹਾ ਹੈ। ਨਵੇਂ ਨਾਹਰੇ ਘੜਨ ਵਿਚ ਉਸ ਦਾ ਕੋਈ ਸਾਨੀ ਨਹੀਂ।

ਇਹ ਵੀ ਇਕ ਕੌੜਾ ਅਤੇ ਨਰੋਆ ਸੱਚ ਹੈ ਕਿ ਇਸ ਮੁਲਕ ਦੀ ਹਕੂਮਤ ਨੂੰ ਵੱਡੇ ਸਰਮਾਏਦਾਰ ਅਤੇ ਕਾਰਪੋਰੇਟ ਘਰਾਣੇ ਚਲਾ ਰਹੇ ਹਨ। ਨੇਤਾ ਲੋਕ ਤਾਂ ਉਨ੍ਹਾਂ ਦੀਆਂ ਕਠਪੁਤਲੀਆਂ ਹਨ। ਜਿੱਥੇ ਸਰਮਾਏਦਾਰ ਅਤੇ ਇਹਨਾਂ ਦੀਆਂ ਕਠਪੁਤਲੀਆਂ ਦੇ ਹਿੱਤਾਂ 'ਤੇ ਸੱਟ ਵੱਜਦੀ ਹੋਵੇ, ਉਹ ਕਾਨੂੰਨ ਇਹ ਕਦੇ ਵੀ ਪਾਸ ਨਹੀਂ ਹੋਣ ਦੇਣਗੇ। ਅੱਜ ਲੋੜ ਹੈ ਕਿ ਬੁੱਧੀਜੀਵੀ ਅਤੇ ਜਾਗਰੂਕ ਲੋਕ ਜਨਸਧਾਰਨ ਨੂੰ ਜਾਗਰੂਕ ਅਤੇ ਸੰਗਠਤ ਕਰਨ ਅਤੇ ਮੌਜੂਦਾ ਢਾਂਚੇ ਵਿਰੁੱਧ ਲਾਮਬੰਦ ਕਰਕੇ ਫ਼ੈਸਲਾਕੁੰਨ ਜੰਗ ਲੜਨ ਲਈ ਲੋਕਾਂ ਨੂੰ ਤਿਆਰ ਕਰਨ।

6/10/2017 ਨਿਊਜ਼ ਨੇਸ਼ਨ ਚੈਨਲ ਅਨੁਸਾਰ ਪੂਰੇ ਮੁਲਕ ਵਿਚ 60 ਲੱਖ ਬਾਬੇ ਹਨ। ਸਰਕਾਰਾਂ ਵੱਲੋਂ ਇਹਨਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਹੋਈ ਹੈ। ਜਿੰਨਾ ਵੱਡਾ ਬਾਬਾ, ਓਨੀ ਭਾਰੀ ਸੁਰੱਖਿਆ। ਰੱਬ ਦੇ ਦੂਤਾਂ ਨੂੰ ਪਤਾ ਨਹੀਂ ਏਨਾ ਡਰ ਕਿਉਂ ਹੈ? ਦਰਅਸਲ ਬਾਬੇ ਨੇਤਾਵਾਂ ਦਾ ਵੋਟ ਬੈਂਕ ਹੈ, ਜੋ 'ਫਿਕਸ ਡਿਪਾਜ਼ਿਟ' ਵਾਂਗ ਕੰਮ ਕਰਦਾ ਹੈ। ਨੇਤਾਵਾਂ ਉਤੇ ਲੱਗੇ ਦੋਸ਼ਾਂ ਸੰਬੰਧੀ ਕੋਰਟ ਅਤੇ ਚੋਣ ਕਮਿਸ਼ਨ ਨੂੰ ਸਖਤ ਹੋਣ ਦੀ ਲੋੜ ਹੈ। ਕੋਈ ਵੀ ਜਾਣਕਾਰੀ ਗੁਪਤ ਰੱਖਣ ਦੀ ਸੂਰਤ ਵਿਚ ਉਮੀਦਵਾਰੀ ਰੱਦ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਜਾਂਚ ਚੱਲਦੀ ਵਿਚ ਹੀ ਉਮੀਦਵਾਰ ਪੈਨਸ਼ਨ ਲੈ ਕੇ ਪਾਸੇ ਹੋਵੇ।

ਸਿਆਸੀ ਬਿਮਾਰੀ ਤੋਂ ਪੀੜਤ ਨੇਤਾ ਲੋਕ ਸਿਰਫ਼ ਖੁਦ ਨੂੰ ਅਤੇ ਆਪਣੇ ਬੱਚਿਆਂ ਨੂੰ ਹੀ ਯੋਗ, ਸੱਚੇ-ਸੁੱਚੇ, ਇਮਾਨਦਾਰ ਅਤੇ ਵਧੀਆ ਰਾਜ-ਭਾਗ ਸੰਭਾਲਣ ਦੇ ਕਾਬਿਲ ਸਮਝਦੇ ਹਨ, ਹੋਰ ਕਿਸੇ ਨੂੰ ਨਹੀਂ।

ਅਖੀਰ 'ਚ ਇਹੀ ਕਹਿਣਾ ਬਣਦਾ ਹੈ ਕਿ ਵਿਹਲੜਾਂ ਅਤੇ ਮੰਗਤਿਆਂ ਦੇ ਦੇਸ਼ ਨੂੰ 'ਨਿਊ ਇੰਡੀਆ' ਨਹੀਂ ਕਿਹਾ ਜਾ ਸਕਦਾ। ਸਬ-ਸਿਡੀਆਂ ਅਤੇ ਮੁਫ਼ਤ ਸਹੂਲਤਾਂ ਲੈ ਕੇ ਨਿਕੰਮੇ ਬਣ ਰਹੇ ਲੋਕਾਂ ਨੂੰ ਰੁਜ਼ਗਾਰ ਦਿਓ ਤਾਂ ਕਿ ਹਰ ਸ਼ਹਿਰੀ ਸਵੈਮਾਣ ਨਾਲ ਜੀ ਸਕੇ। ਜਿਸ ਦਿਨ ਭਾਰਤ ਪਰਵਾਰਵਾਦ ਅਤੇ ਬਾਬਿਆਂ ਦੇ ਚੁੰਗਲ ਵਿੱਚੋਂ ਨਿਕਲ ਗਿਆ, ਉਹ ਨਵਾਂ ਭਾਰਤ ਹੋਵੇਗਾ, ਵਰਨਾ ਨਵੇਂ ਭਾਰਤ ਦੀ ਕਲਪਨਾ ਕਰਨਾ ਛੱਡ ਹੀ ਦਿਓ। ਅਜਿਹੇ ਹੋਰ ਵੀ ਕਈ ਸੁਆਲ ਹਨ, ਜੋ ਮੁਲਕ ਦੀ ਸਿਆਸਤ 'ਤੇ ਪ੍ਰਸ਼ਨ ਚਿੰਨ੍ਹ ਲਾਉਂਦੇ ਹਨ। ਉਂਜ ਆਪਣੀ ਹੋਣੀ ਦੇ ਬਹੁਤੇ ਜ਼ਿੰਮੇਵਾਰ ਅਸੀਂ ਖੁਦ ਹਾਂ, ਕਿਉਂਕਿ ਅਸੀਂ ਆਪਣਾ ਦਿਮਾਗ ਇਸਤੇਮਾਲ ਹੀ ਨਹੀਂ ਕਰਦੇ। ਦੂਜੇ ਦਾ ਚਲਾਕ ਦਿਮਾਗ ਸਾਡੇ ਦਿਮਾਗ ਨੂੰ ਕੰਟਰੋਲ ਕਰ ਰਿਹਾ ਹੈ। ਜਿਸ ਦਿਨ ਇਸ ਮੁਲਕ ਦੇ ਨਾਗਰਿਕਾਂ ਨੇ ਆਪਣੇ ਦਿਮਾਗ ਇਸਤੇਮਾਲ ਕਰਨੇ ਸ਼ੁਰੂ ਕਰ ਦਿੱਤੇ, ਉਸ ਦਿਨ ਆਪਣੀ ਹੋਣੀ ਆਪ ਲਿਖ ਲੈਣਗੇ ਤੇ ਉਹ ਨਵਾਂ ਭਾਰਤ ਹੋਵੇਗਾ।

# ਸੰਪਰਕ : 94656-56214

# ਕੀ ਬਾਜੇਕੇ ਵਰਗੇ ਬੇਵਕੂਫ ਬੇਕਸੂਰ ਹਨ ?

ਸਰਬਜੀਤ ਸੋਹੀ,ਆਸਟਰੇਲੀਆ

ਅੱਤਵਾਦ ਦੇ ਦੌਰ ਵਿਚ ਡਾ. ਜਗਜੀਤ ਸਿੰਘ ਚੌਹਾਨ ਵਰਗਿਆਂ ਨੇ ਖੁਦ ਨੂੰ ਖਾਲਿਸਤਾਨ ਦਾ ਰਾਸ਼ਟਰਪਤੀ ਐਲਾਨਿਆ ਹੋਇਆ ਸੀ। ਡਾ. ਗੁਰਭਗਤ ਸਿੰਘ ਵਰਗੇ ਖਾਲਿਸਤਾਨ ਬਣ ਜਾਣ 'ਤੇ ਪ੍ਰਧਾਨ ਮੰਤਰੀ ਬਣਨ ਅਤੇ ਡਾ. ਸੋਹਣ ਸਿੰਘ ਵਰਗੇ ਸਿਹਤ ਮੰਤਰੀ ਬਣਨ ਦਾ ਸੁਪਨਾ ਵੇਖਦੇ ਹੋਣਗੇ। ਉਹ ਤਾਂ ਫਿਰ ਵੀ ਪੜ੍ਹੇ-ਲਿਖੇ ਲੋਕ ਸਨ। ਅੱਜ ਦੇ 'ਅੰਮ੍ਰਿਤਪਾਲੀ' ਸਿੱਖਾਂ ਦੀ ਤ੍ਰਾਸਦੀ ਵੇਖੋ, ਇਹਨਾਂ ਦਾ ਪ੍ਰਧਾਨ ਮੰਤਰੀ ਇਕ ਕਮਲਾ ਭਗਵੰਤ ਸਿੰਘ ਬਾਜੇਕੇ ਹੈ ! ਇਹ ਉਸ ਦਾ ਆਪ ਰੱਖਿਆ ਨਾਂਅ ਹੀ ਨਹੀਂ, ਬਲਕਿ ਉਸ ਨੂੰ ਫਾਲੋ ਕਰਨ ਵਾਲੇ ਲੋਕਾਂ ਦੀ ਮਾਨਸਿਕਤਾ ਵੀ ਹੈ। ਅੱਜ ਮਾਪਿਆਂ ਅਤੇ ਮਨੁੱਖੀ ਅਧਿਕਾਰਾਂ ਲਈ ਤਰਲੇ ਲੈਣ ਵਾਲਿਆਂ ਵੱਲੋਂ ਉਸ ਨੂੰ ਸਿੱਧੜ ਅਤੇ ਬੇਕਸੂਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕੀ ਇਨ੍ਹਾਂ ਕਦੀ ਪਹਿਲਾਂ ਵੀ ਉਸ ਦਾ ਨੋਟਿਸ ਲਿਆ ਸੀ? ਕੀ ਉਸ ਦੀਆਂ ਬੇਵਕੂਫੀਆਂ ਪ੍ਰਤੀ ਚੁੱਪ ਉਸ ਨੂੰ ਸਹਿਮਤੀ ਨਹੀਂ ਸੀ? ਉਸ ਨੂੰ ਹੱਲਾਸ਼ੇਰੀ ਦੇਣ ਵਾਲੇ ਲੋਕ ਉਸ ਦੀਆਂ ਮੂਰਖਤਾਈਆਂ ਵਿਚ ਬਰਾਬਰ ਦੇ ਭਾਈਵਾਲ ਹਨ। ਜਿਸ ਨੂੰ ਅਸੀਂ ਮਨੋਰੰਜਨ ਸਮਝਦੇ ਹਾਂ, ਅਸਲ ਵਿਚ ਇਹ ਸਾਡੇ ਲੋਕਾਂ ਦੀ "ਬੌਧਿਕ ਕੰਗਾਲੀ" ਹੈ। ਬਾਜੇਕੇ ਵਰਗੇ ਬੱਦੂ ਕਿਸਮ ਦੇ ਲੋਕ ਮਾਂ ਦੀ ਕੁੱਖ ਵਿੱਚੋਂ ਨਹੀਂ, ਸਾਡੀ ਚਗਲ ਬਿਰਤੀ, ਬੌਧਿਕ ਕਮੀਨਗੀ ਅਤੇ ਲਤੀਫੇਬਾਜ਼ ਪ੍ਰਵਿਰਤੀ ਵਿੱਚੋਂ ਜਨਮ ਲੈਂਦੇ ਹਨ। ਬਾਜੇਕੇ ਸਾਡੇ ਲਈ ਮਨੋਰੰਜਨ ਦਾ ਸਾਧਨ ਹੀ ਨਹੀਂ, ਘਰਦਿਆਂ ਲਈ ਕਮਾਈ ਦਾ ਸਾਧਨ ਵੀ ਹੈ। ਜ਼ਰਾ ਵੇਖੋ ਹਰਾਮ ਦੀ ਕਮਾਈ ਜਦੋਂ ਘਰ ਆਉਂਦੀ ਹੈ ਤਾਂ ਅੰਮ੍ਰਿਤਪਾਲ ਦੀ ਮਾਂ ਢਿੱਡੋਂ ਜੰਮੇ ਪੁੱਤ ਨੂੰ ਵੀ "ਭਾਈ ਸਾਬ" ਆਖ ਰਹੀ ਹੈ। ਆਉਂਦੀ ਮੱਸਿਆ ਨੂੰ ਕਿਸੇ ਚੈਨਲ ਨੂੰ ਉਹਨਾਂ ਦੇ ਘਰ ਜਾ ਕੇ ਮਾਤਾ ਜੀ ਦੇ ਵਿਚਾਰ ਜ਼ਰੂਰ ਲੈਣੇ ਚਾਹੀਦੇ ਹਨ।

ਬਾਜੇਕੇ ਨੂੰ ਪੰਥ ਵੱਲੋਂ ਮਿਲੇ ਅਥਾਹ ਮਾਣ/ਮਾਨਤਾ ਨੂੰ ਵੇਖਦਿਆਂ ਰਾਹੀ ਅਤੇ ਅਜਮੇਰ ਨੂੰ ਵਾਮਪੰਥ ਵਿਚ ਵਾਪਸੀ ਕਰ ਲੈਣੀ ਚਾਹੀਦੀ ਹੈ। ਵੈਸੇ ਵੀ ਪੰਥ ਵਿੱਚ ਪੜ੍ਹੇ-ਲਿਖੇ ਨੂੰ ਮੂਰਖ ਅਤੇ ਮੂਰਖ ਨੂੰ ਭਾਈ ਸਾਬ ਕਹਿਣ ਦਾ ਰਿਵਾਜ ਹੈ। ਬਾਜੇਕੇ ਨੂੰ ਪਤਾਸੇ ਘੋਲ ਕੇ ਪਿਆਉਣ ਵਾਲਿਆਂ ਨੂੰ ਵੀ ਸਵਾਲ ਕਰਨਾ ਬਣਦਾ ਹੈ। ਜਿਸ ਬੰਦੇ ਦੇ ਹੱਥ ਗੁਲੇਲ ਹੋਣੀ ਵੀ ਖਤਰਨਾਕ ਹੈ, ਤੁਸੀਂ ਉਸ ਨੂੰ ਗਾਤਰਾ ਕੀ ਸੋਚ ਕੇ ਪਵਾ ਦਿੱਤਾ? ਉਹ ਸ਼ਰੇਆਮ ਫੇਸਬੁੱਕ ਉੱਤੇ ਇਕ ਚੁਣੇ ਹੋਏ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੂੰ ਗਾਹਲਾਂ ਕੱਢ ਰਿਹਾ ਹੈ, ਉਹ ਭਾਈ ਰਣਜੀਤ ਸਿੰਘ ਬਾਰੇ ਬੇਹੱਦ ਬੇਹੂਦਾ ਕਿਸਮ ਦੀਆਂ ਗੱਲਾਂ ਕਰ ਰਿਹਾ ਹੈ। ਕੀ ਸਾਡੀ ਬਾਜੇਕੇ ਨੂੰ ਹਮਾਇਤ ਜਾਂ ਮੌਨ ਸਹਿਮਤੀ ਸਿਰਫ ਇਸੇ ਕਰਕੇ ਹੈ ਕਿ ਅਸੀਂ ਰਵਨੀਤ ਸਿੰਘ ਦੀ ਪਾਰਟੀ ਦੇ ਰਾਜਨੀਤਕ ਵਿਰੋਧੀ ਹਾਂ ਜਾਂ ਰਣਜੀਤ ਸਿੰਘ ਦੇ ਨਾਲੋਂ ਸਾਡੇ ਧਾਰਮਿਕ ਵਿਚਾਰ ਅਲੱਗ ਹਨ। ਜੇ ਅਜਿਹੀ ਸੋਚ ਤਹਿਤ ਅਸੀਂ ਉਸ ਦੀ ਉਜੱਡਤਾ ਨੂੰ ਸਹੀ ਕਹਿ ਰਹੇ ਹਾਂ ਤਾਂ ਸਾਡੇ ਤੋਂ ਵੱਡਾ ਸਿੱਖ ਧਰਮ ਦਾ ਵਿਰੋਧੀ ਕੋਈ ਹੋਰ ਨਹੀਂ ਹੋ ਸਕਦਾ। ਗੁਰਬਾਣੀ ਤਾਂ ਕਹਿੰਦੀ ਹੈ ਕਿ "ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ" ਗੁਰਬਾਣੀ ਤਾਂ ਕਹਿੰਦੀ ਹੈ ਕਿ "ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ" ਗੁਰਬਾਣੀ ਤਾਂ ਕਹਿੰਦੀ ਹੈ ਕਿ "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ" ਕੀ ਬਾਜੇਕੇ ਵਰਗਿਆਂ ਨੂੰ ਗੁਰਸਿੱਖ ਤਾਂ ਦੂਰ ਦੀ ਗੱਲ, ਸਾਧਾਰਨ ਸਿੱਖ ਸਮਝਣਾ ਵੀ ਠੀਕ ਹੈ? ਦੁੱਖ ਦੀ ਗੱਲ ਹੈ ਕਿ ਊਲ-ਜਲੂਲ ਬੋਲਣ ਵਾਲੇ ਬਾਜੇਕੇ ਵਰਗੇ ਬੰਦੇ ਜੋ ਸਿੱਖੀ ਦਾ ਊੜਾ-ਐੜਾ ਵੀ ਨਹੀਂ ਜਾਣਦੇ, ਵਰਤਮਾਨ ਵਿਚ ਸਿੱਖੀ ਦਾ ਆਈਕੋਨ ਬਣ ਕੇ ਵਿਚਰਦੇ ਪਏ ਹਨ। ਬਾਜੇਕੇ ਵਰਗਿਆਂ ਨੂੰ ਉਤਸ਼ਾਹਿਤ ਕਰਨ ਤੋਂ ਪਹਿਲਾਂ, ਆਓ ਗੁਰਬਾਣੀ ਅਨੁਸਾਰ ਮਨੁੱਖੀ ਕਿਰਦਾਰ ਦੀ ਸੁੱਚਤਾ, ਸਹਿਜਤਾ ਅਤੇ ਸਚਿਆਰਤਾ ਬਾਰੇ ਜ਼ਰੂਰ ਵਿਚਾਰ ਕਰੀਏ !

# ਸਾਈਬਰ ਫਰਾਡ ਤੋਂ ਕਿਵੇਂ ਬਚਿਆ ਜਾਵੇ



ਜਗਦੇਵ ਸ਼ਰਮਾ

ਪਦਾਰਥਵਾਦ ਦੇ ਯੁੱਗ ਵਿੱਚ ਰਾਤੋ-ਰਾਤ ਅਮੀਰ ਬਣਨ ਦੀ ਲਲਕ ਨੇ ਲੋਕਾਂ ਨੂੰ ਇਨਸਾਨੀਅਤ ਭੁਲਾ ਦਿੱਤੀ ਹੈ । ਅੱਜ ਠੱਗਾਂ ਦਾ ਇੱਕ ਅਜਿਹਾ ਵਰਗ ਪੈਦਾ ਹੋ ਗਿਆ ਹੈ, ਜਿਹੜਾ ਸਾਇੰਸ ਦੀ ਦੁਰਵਰਤੋਂ ਕਰਕੇ ਸਾਡੇ ਬੈਂਕ ਖਾਤਿਆਂ 'ਤੇ ਡਾਕੇ ਮਾਰਦਾ ਹੈ। ਆਓ ਦੇਖੀਏ ਅਜਿਹੇ ਲੋਕ ਕਿਹੜੇ-ਕਿਹੜੇ ਘਿਨਾਉਣੇ ਢੰਗ-ਤਰੀਕੇ ਵਰਤਦੇ ਹਨ ਅਤੇ ਆਮ ਆਦਮੀ ਇਹਨਾਂ ਦੀਆਂ ਕੋਝੀਆਂ ਚਾਲਾਂ ਤੋਂ ਕਿਵੇਂ ਬਚ ਸਕਦਾ ਹੈ ।

ਏ ਟੀ ਐੱਮ ਮਸ਼ੀਨ ਵਿੱਚੋਂ ਨਕਦੀ ਕਢਵਾਉਂਦੇ ਵਕਤ ਜਦੋਂ ਤੁਹਾਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਤੁਹਾਡੇ ਪਿੱਛੇ ਖੜ੍ਹਾ ਕੋਈ ਸ਼ਖਸ ਤੁਹਾਡੀ ਸਹਾਇਤਾ ਕਰਨ ਦੇ ਬਹਾਨੇ ਤੁਹਾਡਾ ਏ ਟੀ ਐੱਮ ਕਾਰਡ ਬਦਲ ਦਿੰਦਾ ਹੈ ਅਤੇ ਅਸਲੀ ਕਾਰਡ ਨਾਲ ਕਿਸੇ ਹੋਰ ਏ ਟੀ ਐੱਮ ਤੋਂ ਆਪ ਰਕਮ ਕਢਵਾ ਲੈਂਦਾ ਹੈ । ਏ ਟੀ ਐੱਮ ਰੂਮ ਵਿੱਚ ਬਹੁਤ ਹੀ ਮਹੀਨ ਕੈਮਰੇ ਲਗਾ ਕੇ ਕਾਰਡ ਦੇ ਪਾਸਵਰਡ ਅਤੇ ਤੁਹਾਡੇ ਖਾਤੇ ਦੀ ਸਾਰੀ ਜਾਣਕਾਰੀ ਕਾਪੀ ਕਰ ਲਈ ਜਾਂਦੀ ਹੈ । ਇਸ ਤਰੀਕੇ ਹਾਸਲ ਕੀਤੀ ਜਾਣਕਾਰੀ ਠੱਗੀ ਮਾਰਨ ਲਈ ਵਰਤੀ ਜਾਂਦੀ ਹੈ । ਏ ਟੀ ਐੱਮ ਦੇ ਸੁਰਾਖ ਵਿੱਚ ਬਹੁਤ ਹੀ ਮਹੀਨ ਯੰਤਰ ਫਿੱਟ ਕਰਕੇ ਤੁਹਾਡੇ ਖਾਤੇ ਅਤੇ ਕਾਰਡ ਦੀ ਜਾਣਕਾਰੀ ਹਾਸਲ ਕਰ ਲਈ ਜਾਂਦੀ ਹੈ । ਤੁਹਾਡੇ ਕਾਰਡ ਦਾ ਕਲੋਨ ਤਿਆਰ ਕਰਨ ਦਾ ਤਰੀਕਾ ਵੀ ਠੱਗੀ ਮਾਰਨ ਲਈ ਵਰਤਿਆ ਜਾਂਦਾ ਹੈ ।

ਠੱਗ ਲੋਕ ਬੈਂਕ ਵਾਲਾ ਬਣ ਕੇ ਆਮ ਤੌਰ 'ਤੇ ਸਾਨੂੰ ਫੋਨ ਕਰਦੇ ਹਨ ਕਿ ਤੁਹਾਡਾ ਕੇ ਵਾਈ ਸੀ ਅਧੂਰਾ ਹੈ , ਉਸ ਨੂੰ ਪੂਰਾ ਕਰਨ ਹਿੱਤ ਕੁੱਝ ਜਾਣਕਾਰੀ ਮੰਗੀ ਜਾਂਦੀ ਹੈ ਅਤੇ ਇਸ ਤਰ੍ਹਾਂ ਉਹ ਤੁਹਾਡੇ ਖਾਤੇ ਤੱਕ ਪਹੁੰਚ ਬਣਾ ਲੈਂਦੇ ਹਨ । ਅਜਿਹੀ ਫੋਨ ਕਾਲ ਆਉਂਦਿਆਂ ਹੀ ਕੱਟ ਦਿਓ, ਕਿਉਂਕਿ ਕੋਈ ਵੀ ਬੈਂਕ ਅਜਿਹਾ ਫੋਨ ਨਹੀਂ ਕਰਦਾ । ਇਸੇ ਤਰ੍ਹਾਂ ਤੁਹਾਡੇ ਏ ਟੀ ਐਮ ਕਾਰਡ ਐਕਸਪਾਇਰੀ ਦੇ ਬਹਾਨੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਕ੍ਰੈਡਿਟ ਕਾਰਡ ਲਿਮਿਟ ਵਧਾਉਣ ਵਾਰੇ ਫੋਨ ਤੇ ਜਾਣਕਾਰੀ ਲੈਣ ਦਾ ਮਕਸਦ ਵੀ ਠੱਗੀ ਲਾਉਣਾ ਹੀ ਹੁੰਦਾ ਹੈ ।

ਅੱਜ-ਕੱਲ੍ਹ ਅਸੀਂ ਸਾਰੇ ਹੀ ਆਪਣੇ ਬਹੁਤੇ ਲੈਣ-ਦੇਣ ਆਨ ਲਾਈਨ ਕਰਦੇ ਹਾਂ। ਅਜਿਹੇ ਜ਼ਿਆਦਾਤਰ ਕੰਮ ਓ ਟੀ ਪੀ (ਵਨ ਟਾਈਮ ਪਾਸਵਾਰਡ) ਰਾਹੀਂ ਨੇਪਰੇ ਚੜ੍ਹਦੇ ਹਨ। ਜਿੱਥੋਂ ਤੱਕ ਤੁਸੀਂ ਆਪ ਇਸ ਓ ਟੀ ਪੀ ਦੀ ਵਰਤੋਂ ਕਰਦੇ ਹੋ, ਕੋਈ ਖਤਰਾ ਨਹੀਂ, ਪ੍ਰੰਤੂ ਜਿਉਂ ਹੀ ਇਹ ਓ ਟੀ ਪੀ ਸ਼ਬਦ ਕਿਸੇ ਨਾਲ ਸਾਂਝਾ ਕਰ ਲਿਆ, ਤੁਸੀਂ ਠੱਗੇ ਗਏ। ਪਲਕ ਝਪਕਦਿਆਂ ਹੀ ਸਾਈਬਰ ਠੱਗ ਤੁਹਾਡਾ ਖਾਤਾ ਸਾਫ ਕਰ ਦੇਣਗੇ । ਇਸ ਲਈ ਭੁੱਲ ਕੇ ਵੀ ਓ ਟੀ ਪੀ ਕਿਸੇ ਨਾਲ ਸਾਂਝਾ ਨਾ ਕਰੋ ।

ਆਨ ਲਾਈਨ ਠੱਗੀ ਦਾ ਅੱਜ-ਕੱਲ੍ਹ ਇੱਕ ਨਵਾਂ ਢੰਗ ਅਪਣਾਇਆ ਜਾ ਰਿਹਾ ਹੈ । ਤੁਹਾਨੂੰ ਵਿਦੇਸ਼ 'ਚੋਂ ਫੋਨ ਆਉਂਦਾ ਹੈ ਕਿ ਤੁਹਾਡੇ ਕਿਸੇ ਨੇੜਲੇ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਉਹ ਹਸਪਤਾਲ ਵਿਚ ਦਾਖਲ ਹੈ । ਉਸ ਦੇ ਇਲਾਜ ਖਾਤਰ ਤੁਹਾਨੂੰ ਕਿਸੇ ਅਣਜਾਣ ਦੇ ਖਾਤੇ ਵਿਚ ਪੈਸੇ ਪਾਉਣ ਲਈ ਕਿਹਾ ਜਾਂਦਾ ਹੈ। ਅਜਿਹੇ ਫੋਨ ਕਰਨ ਵਾਲੇ ਆਮ ਤੌਰ 'ਤੇ ਬਹੁਤ ਵਧੀਆ ਪੰਜਾਬੀ ਬੋਲ ਰਹੇ ਹੁੰਦੇ ਹਨ । ਅਜਿਹੇ ਠੱਗਾਂ ਤੋਂ ਬਚਿਆ ਜਾਵੇ । ਆਪਣੀ ਪੂਰੀ ਤਸੱਲੀ ਕਰ ਲੈਣ ਤੋਂ ਬਾਅਦ ਹੀ ਕਿਸੇ ਦੇ ਖਾਤੇ ਵਿੱਚ ਪੈਸੇ ਪਾਓ । ਅਜਿਹਾ ਹੀ ਤਰੀਕਾ ਫੇਸ ਬੁੱਕ ਉੱਤੇ ਤੁਹਾਡੇ ਕਿਸੇ ਜਾਣੂ ਦੀ ਫੇਕ ਆਈ ਡੀ ਤੋਂ ਤੁਹਾਡੇ ਮਿੱਤਰ ਦੀ ਜਾਨ ਬਚਾਉਣ ਦੇ ਬਹਾਨੇ ਪੈਸਿਆਂ ਮੰਗ ਕੀਤੀ ਜਾਂਦੀ ਹੈ ।

ਠੱਗੀ ਦਾ ਇੱਕ ਹੋਰ ਪ੍ਰਚੱਲਤ ਤਰੀਕਾ ਹੈ ਲਾਟਰੀ ਦਾ । ਤੁਹਾਨੂੰ ਫੋਨ ਆਉਂਦਾ ਹੈ ਕਿ ਤੁਹਾਡੀ ਕਰੋੜਾਂ ਦੀ ਲਾਟਰੀ ਲੱਗੀ ਹੈ, ਜਦ ਕਿ ਤੁਸੀਂ ਅਜਿਹੀ ਕੋਈ ਲਾਟਰੀ ਪਾਈ ਹੀ ਨਹੀਂ ਹੁੰਦੀ । ਲਾਟਰੀ ਦੀ ਪ੍ਰੋਸੈਸਿੰਗ ਦੇ ਬਹਾਨੇ ਤੁਹਾਡੇ ਕੋਲੋਂ ਕੁਝ ਰਕਮ ਕਿਸੇ ਖਾਤੇ ਵਿਚ ਪਾਉਣ ਨੂੰ ਕਿਹਾ ਜਾਂਦਾ ਹੈ। ਜਿਉਂ ਹੀ ਕੋਈ ਭੋਲਾ-ਭਾਲਾ ਉਹਨਾ ਦੇ ਝਾਂਸੇ ਵਿੱਚ ਆ ਕੇ ਮੰਗੀ ਗਈ ਰਾਸ਼ੀ ਠੱਗ ਦੇ ਖਾਤੇ ਵਿੱਚ ਪਾ ਦਿੰਦਾ ਹੈ, ਉਸੇ ਟਾਈਮ ਹੋਰ ਪੈਸਿਆਂ ਦੀ ਮੰਗ ਰੱਖ ਦਿੱਤੀ ਜਾਂਦੀ ਹੈ । ਕਈ ਵਾਰੀ ਬਿਨਾਂ ਕਿਤੇ ਨੌਕਰੀ ਲਈ ਅਰਜ਼ੀ ਭੇਜਿਆਂ ਹੀ ਤੁਹਾਨੂੰ ਨੌਕਰੀ ਲਈ ਸਿਲੈਕਸ਼ਨ ਦਾ ਫੋਨ ਆਉਂਦਾ ਹੈ । ਕੁਝ ਸਮੇਂ ਬਾਅਦ ਕੋਈ ਫਾਰਮ ਭਰ ਕੇ ਭੇਜਣ ਲਈ ਤੁਹਾਨੂੰ ਫਿਰ ਫੋਨ ਆਉਂਦਾ ਹੈ ਅਤੇ ਨਾਲ ਹੀ ਕੁੱਝ ਰਕਮ ਸਕਿਓਰਟੀ ਦੇ ਤੌਰ 'ਤੇ ਮੰਗੀ ਜਾਂਦੀ ਹੈ । ਘਰੇ ਬੈਠ ਕੇ ਕੰਮ ਕਰਕੇ ਮੋਟੀ ਕਮਾਈ ਦਾ ਝਾਂਸਾ ਦੇ ਕੇ ਵੀ ਸਕਿਉਰਟੀ ਦੇ ਨਾਂਅ 'ਤੇ ਰਾਸ਼ੀ ਕਿਸੇ ਖਾਤੇ ਵਿਚ ਪਾਉਣ ਲਈ ਕਿਹਾ ਜਾਂਦਾ ਹੈ। ਮੋਬਾਈਲ ਟਾਵਰ ਲਗਾਉਣ ਵਾਲਿਆਂ ਨੂੰ ਬਿਨਾਂ ਕੋਈ ਜਗ੍ਹਾ ਦੇਖਿਆਂ ਹੀ ਮੋਟੀ ਰਕਮ ਜ਼ਮਾਨਤ ਰਾਸ਼ੀ ਕਹਿ ਕੇ ਮੰਗੀ ਜਾਂਦੀ ਹੈ ।

ਅੱਜ-ਕੱਲ੍ਹ ਆਨ ਲਾਈਨ ਖਰੀਦਦਾਰੀ ਦਾ ਬੜਾ ਰਿਵਾਜ ਹੋ ਗਿਆ ਹੈ । ਮੰਗਵਾਈ ਗਈ ਵਸਤੂ ਦੀ ਪੂਰੀ ਕੀਮਤ ਜਾਂ ਉਸ ਦੀ ਕੀਮਤ ਦਾ ਕੁੱਝ ਹਿੱਸਾ ਪਹਿਲਾਂ ਅਦਾਇਗੀ ਲਈ ਕਿਹਾ ਜਾਂਦਾ ਹੈ। ਗ੍ਰਾਹਕ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਵਸਤੂ ਦੀ ਕੀਮਤ ਬਾਜ਼ਾਰ ਨਾਲੋਂ ਕਿਤੇ ਘੱਟ ਦਰਸਾਈ ਗਈ ਹੁੰਦੀ ਹੈ । ਜਦੋਂ ਤੁਸੀਂ ਪਹਿਲਾਂ ਅਦਾਇਗੀ ਕਰ ਦਿੰਦੇ ਹੋ ਫਿਰ ਜਾਂ ਤਾਂ ਤੁਹਾਨੂੰ ਮੰਗੀ ਗਈ ਵਸਤੂ ਅੱਧੀ-ਅਧੂਰੀ ਪਹੁੰਚਦੀ ਹੈ ਜਾਂ ਘਟੀਆ ਗੁਣਵੱਤਾ ਦੀ ਵਸਤੂ ਤੁਹਾਡੇ ਮੱਥੇ ਮੜ੍ਹ ਦਿੱਤੀ ਜਾਂਦੀ ਹੈ ।

ਜੇਕਰ ਤੁਸੀਂ ਕੋਈ ਵਸਤੂ ਆਨ ਲਾਈਨ ਵੇਚਣ ਦਾ ਇਸ਼ਤਿਹਾਰ ਦਿੱਤਾ ਹੈ ਅਤੇ ਵਗੈਰ ਵਸਤੂ ਦੀ ਪੂਰੀ ਜਾਣਕਾਰੀ ਹਾਸਲ ਕੀਤਿਆਂ ਹੀ ਕੋਈ ਗ੍ਰਾਹਕ ਤੁਹਾਨੂੰ ਮੂੰਹ ਮੰਗੀ ਕੀਮਤ ਦੇਣ ਨੂੰ ਤਿਆਰ ਹੋ ਜਾਂਦਾ ਹੈ ਅਤੇ ਕੁੱਝ ਪੈਸੇ ਤੁਹਾਡੇ ਖਾਤੇ ਵਿੱਚ ਪਾ ਵੀ ਦਿੰਦਾ ਹੈ ਤਾਂ ਤੁਰੰਤ ਪਿੱਛੇ ਹਟ ਜਾਓ, ਨਹੀਂ ਤਾਂ ਸਮਝੋ ਤੁਸੀਂ ਕਿਸੇ ਸਾਈਬਰ ਠੱਗ ਦੇ ਜਾਲ ਵਿੱਚ ਫਸ ਗਏ ਹੋ । ਜੇਕਰ ਤੁਹਾਨੂੰ ਫੋਨ ਆਇਆ ਹੈ ਕਿ ਤੁਹਾਡੇ ਖਾਤੇ ਵਿੱਚ ਗਲਤੀ ਨਾਲ ਰਕਮ ਤਬਦੀਲ ਹੋ ਗਈ ਹੈ ਅਤੇ ਤੁਹਾਨੂੰ ਉਹ ਰਕਮ ਵਾਪਸ ਕਰਨ ਲਈ ਕਿਹਾ ਜਾਂਦਾ ਹੈ ਤਾਂ ਕਦੇ ਭੁੱਲ ਕੇ ਵੀ ਖਾਤੇ ਰਾਹੀਂ ਰਕਮ ਵਾਪਸ ਨਾ ਕਰੋ, ਸਗੋਂ ਅਜਿਹੇ ਆਦਮੀ ਨੂੰ ਆਪਣੇ ਬਾਰੇ ਸਾਰੇ ਸਬੂਤਾਂ ਸਮੇਤ ਨੇੜਲੇ ਥਾਣੇ ਬੁਲਾ ਕੇ ਰਕਮ ਵਾਪਸ ਕਰੋ ।

ਕਈ ਵਾਰੀ ਕੋਰੀਅਰ ਬੁਆਏ ਤੁਹਾਡੇ ਦਰ 'ਤੇ ਬਿਨਾਂ ਮੰਗਵਾਏ ਹੀ ਕੋਰੀਅਰ ਦੇਣ ਆਉਂਦਾ ਹੈ । ਜਦੋਂ ਤੁਸੀਂ ਕਹਿੰਦੇ ਹੋ ਕਿ ਤੁਸੀਂ ਤਾਂ ਅਜਿਹਾ ਕੋਈ ਆਰਡਰ ਹੀ ਨਹੀਂ ਕੀਤਾ ਤਾਂ ਉਹ ਵਸਤੂ ਦੀ ਵਾਪਸੀ ਪਾਉਂਦਾ ਹੈ । ਵਾਪਸੀ ਦੀ ਕਨਫਰਮੇਸ਼ਨ ਵਾਸਤੇ ਤੁਹਾਡੇ ਫੋਨ ਉੱਤੇ ਆਏ ਓ ਟੀ ਪੀ ਦੀ ਮੰਗ ਕੀਤੀ ਜਾਂਦੀ ਹੈ । ਇਸ ਓ ਟੀ ਪੀ ਦਾ ਕੋਰੀਅਰ ਨਾਲ ਕੋਈ ਸੰਬੰਧ ਨਹੀਂ ਹੁੰਦਾ, ਸਗੋਂ ਇਹ ਤਾਂ ਤੁਹਾਡਾ ਖਾਤਾ ਸਾਫ ਕਰਨ ਦਾ ਨਵਾਂ ਇਜਾਦ ਕੀਤਾ ਇੱਕ ਢੰਗ ਹੀ ਹੈ ।

ਬਜ਼ੁਰਗ ਪੈਨਸ਼ਨਰਾਂ ਨੂੰ ਫੋਨ ਆਉਂਦਾ ਹੈ ਕਿ ਹੁਣ ਬੈਂਕ ਵਿਚ ਜਾ ਕੇ ਲਾਈਫ ਸਰਟੀਫਿਕੇਟ ਭਰਨ ਦੀ ਲੋੜ ਨਹੀਂ, ਸਗੋਂ ਤੁਸੀਂ ਆਨ ਲਾਈਨ ਇੱਕ ਫਾਰਮ ਭਰਨਾ ਹੈ । ਫਾਰਮ ਭਰਦੇ ਵਕਤ ਜਿੱਥੇ ਤੁਸੀਂ ਅਟਕ ਜਾਓਗੇ, ਠੱਗ ਤੁਹਾਨੂੰ ਆਪਣੀਆਂ ਸੇਵਾਵਾਂ ਅਰਪਨ ਕਰੇਗਾ । ਥੋੜ੍ਹੀ ਦੇਰ ਬਾਅਦ ਤੁਹਾਡੇ ਫੋਨ ਉੱਪਰ ਆਏ ਓ ਟੀ ਪੀ ਦੀ ਮੰਗ ਕੀਤੀ ਜਾਵੇਗੀ। ਜਿਉਂ ਹੀ ਤੁਸੀਂ ਓ ਟੀ ਪੀ ਦੱਸਿਆ, ਉਸ ਦੇ ਅਗਲੇ ਹੀ ਪਲ ਤੁਹਾਡਾ ਖਾਤਾ ਸਾਫ ਕਰ ਦਿੱਤਾ ਜਾਵੇਗਾ ।



ਬਜੁਰਗਾਂ ਨੂੰ ਐੱਫ ਡੀ ਉੱਤੇ ਘਰ ਬੈਠਿਆਂ ਹੀ ਕਰਜ ਦੀ ਸੁਵਿਧਾ ਦੇ ਬਹਾਨੇ ਕਰਜੇ ਦੇ ਦਸਤਾਵੇਜਾਂ ਉੱਤੇ ਦਸਤਖਤ ਕਰਵਾ ਕੇ ਕਰਜ ਕੋਈ ਹੋਰ ਹੀ ਲੈ ਜਾਂਦਾ ਹੈ ।

ਰੇਲਵੇ ਸਟੇਸ਼ਨ, ਮਾਲ , ਬੱਸ ਸਟੈਂਡ, ਏਅਰ ਪੋਰਟ ਵਰਗੀਆਂ ਸਾਂਝੀਆਂ ਥਾਵਾਂ ਉੱਤੇ ਚਾਰਜਿੰਗ ਕੇਬਲ ਰਾਹੀਂ ਡਾਟਾ ਚੋਰੀ ਦੀਆਂ ਘਟਨਾਵਾਂ ਵਾਪਰਨ ਲੱਗ ਪਈਆਂ ਹਨ । ਅਜਿਹੀਆਂ ਥਾਵਾਂ ਉੱਤੇ ਜੇਕਰ ਨੈੱਟਵਰਕ ਕੰਮ ਨਹੀਂ ਕਰ ਰਿਹਾ ਹੈ ਅਤੇ ਤੁਹਾਨੂੰ ਫਰੀ ਦਾ ਵਾਈ ਫਾਈ ਪੇਸ਼ ਕੀਤਾ ਜਾਂਦਾ ਹੈ, ਸਮਝ ਲਵੋ ਕਿ ਜ਼ਰੂਰ ਕੋਈ ਗੜਬੜ ਹੈ ।

ਕਿਸੇ ਵੀ ਤਰੀਕੇ ਤੁਹਾਡੇ ਫੋਨ ਉੱਪਰ ਭੇਜੀ ਗਈ ਅਨਜਾਣ ਸਾਈਟ ਨੂੰ ਕਲਿੱਕ ਨਾ ਕਰੋ । ਆਨ ਲਾਈਨ ਗੇਮ ਖੇਲ੍ਹਦੇ ਵਕਤ ਅਤਿਰਿਕਤ ਸਾਵਧਾਨੀ ਵਰਤੋ। ਜਦੋਂ ਕੋਈ ਔਰਤ ਫੋਨ ਰਾਹੀਂ ਅਸ਼ਲੀਲਤਾ 'ਤੇ ਉੱਤਰ ਆਵੇ, ਤਾਂ ਸਮਝ ਲਵੋ ਕਿ ਉਦੋਂ ਉਹ ਤੁਹਾਡੇ ਉਜੱਡਪੁਣੇ ਨੂੰ ਤੁਹਾਨੂੰ ਬਲੈਕਮੇਲ ਕਰਨ ਲਈ ਵਰਤੇਗੀ । ਤੁਹਾਡੇ ਖਿਲਾਫ ਆਈ ਸ਼ਿਕਾਇਤ ਬਾਬਤ ਕਿਸੇ ਫੇਕ ਥਾਣੇ ਵਿੱਚੋਂ ਫੇਕ ਅਧਿਕਾਰੀ ਦਾ ਫੋਨ ਆਵੇਗਾ ਅਤੇ ਤੁਹਾਡੇ ਕੋਲੋਂ ਪੈਸੇ ਠੱਗ ਲਏ ਜਾਣਗੇ । ਸੋ ਇੱਥੇ ਵੀ ਸਾਵਧਾਨੀ ਦੀ ਲੋੜ ਹੈ ।

ਉਪਰੋਕਤ ਤੋਂ ਸਿੱਟਾ ਨਿਕਲਦਾ ਹੈ ਕਿ ਸਾਈਬਰ ਠੱਗਾਂ ਨੇ ਥਾਂ-ਥਾਂ 'ਤੇ ਆਪਣੇ ਜਾਲ ਵਿਛਾ ਰੱਖੇ ਹਨ। ਲੋੜ ਹੈ ਸਾਵਧਾਨੀ ਵਰਤਣ ਦੀ । ਕਦੇ ਵੀ, ਕਿਸੇ ਨਾਲ ਵੀ, ਕਿਸੇ ਵੀ ਸੂਰਤ ਵਿੱਚ ਆਪਣੇ ਖਜ਼ਾਨੇ ਦੇ ਜਿੰਦਰੇ ਦੀ ਚਾਬੀ ਯਾਨੀ ਕਿ ਓ ਟੀ ਪੀ ਸਾਂਝਾ ਨਾ ਕਰੋ । ਆਪਣੇ ਭਾਂਤ-ਭਾਂਤ ਦੇ ਪਾਸਵਰਡ ਬੈਂਕ ਦੀ ਪਾਸ ਬੁੱਕ ਜਾਂ ਮੋਬਾਈਲ ਵਿੱਚ ਲਿਖ ਕੇ ਨਾ ਰੱਖੋ । ਅਪਣਾ ਪਾਸ ਵਰਡ ਸਮੇਂ-ਸਮੇਂ 'ਤੇ ਬਦਲਦੇ ਰਹੋ । ਆਪਣੇ ਪੈਨ ਕਾਰਡ, ਅਧਾਰ ਕਾਰਡ, ਖਾਤੇ ਸੰਬੰਧੀ ਜਾਂ ਸਿਮ ਸੰਬੰਧੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰੋ । ਜੈਕਪਾਟ ਲਾਟਰੀ ਵਗੈਰਾ ਦੇ ਲਾਲਚ ਵਿਚ ਨਾ ਫਸੋ। ਕਿਸੇ ਵੀ ਮਾਲ, ਰੈਸਟੋਰੈਂਟ, ਪੈਟਰੋਲ ਪੰਪ ਉੱਤੇ ਅਪਣਾ ਏ ਟੀ ਐੱਮ ਕਾਰਡ ਦੂਜੇ ਦੇ ਹੱਥ ਵਿਚ ਨਾ ਦਿਓ ।

ਜੇਕਰ ਤੁਹਾਡੇ ਨਾਲ ਫਰਾਡ ਹੋ ਗਿਆ ਹੈ, ਇਸ ਦੀ ਸੂਚਨਾ ਬਿਨਾਂ ਕਿਸੇ ਦੇਰੀ ਦੇ ਸੰਬੰਧਤ ਬੈਂਕ ਦੀ ਆਪਣੇ ਨੇੜਲੀ ਸ਼ਾਖਾ ਵਿੱਚ ਦਿਓ । ਘਰ ਬੈਠੇ ਬੈਂਕ ਦੇ ਹੈਲਪ ਲਾਈਨ ਨੰਬਰ 'ਤੇ ਅਪਣਾ ਕਾਰਡ ਅਤੇ ਖਾਤਾ ਫਰੀਜ ਕਰਵਾਓ । ਲਿਖਤੀ ਸ਼ਿਕਾਇਤ ਨੇੜਲੇ ਸਾਈਬਰ ਕ੍ਰਾਈਮ ਥਾਣੇ ਵਿਚ ਜ਼ਰੂਰ ਕਰੋ । ਸ਼ਿਕਾਇਤ ਟੋਲ ਫਰੀ ਨੰਬਰ 1930 'ਤੇ ਵੀ ਦਰਜ ਕਰਵਾਈ ਜਾ ਸਕਦੀ ਹੈ । ਲਿਖਤੀ ਸ਼ਿਕਾਇਤ ਦੀ ਰਸੀਦ ਲੈਣਾ ਨਾ ਭੁੱਲੋ । ਇਹ ਸਾਵਧਾਨੀਆਂ ਵਰਤ ਕੇ ਰੋਜ਼ਾਨਾ ਹੋਣ ਵਾਲੀਆਂ ਧੋਖਾਧੜੀਆਂ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ ।

# ਸੰਪਰਕ : 98727-87243

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡੀ ਐੱਫ ਐੱਸ ਓ ਦੇ ਦਫਤਰ ਅੱਗੇ ਧਰਨਾ



**ਨਾਭਾ (ਵਰਿੰਦਰ ਵਰਮਾ)**

ਹਲਕਾ ਵਿਧਾਨ ਸਭਾ ਨਾਭਾ ਦੇ ਨੇੜਲੇ ਪਿੰਡ ਬਿਨਾਹੇੜੀ ਤੇ ਨਰਮਾਣਾ ਵਿੱਚ ਗਰੀਬ ਮਜ਼ਦੂਰਾਂ ਦੀ ਕਣਕ 'ਤੇ ਕੱਟ ਲਗਾਉਣ ਤੇ ਕਣਕ ਦੀ ਸਹੀ ਵੰਡ ਨਾ ਕਰਨ 'ਤੇ ਮਜ਼ਦੂਰਾਂ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਡੀ ਐੱਫ ਐੱਸ ਓ ਦਫਤਰ ਅੱਗੇ ਰੋਸ ਧਰਨਾ ਦਿੱਤਾ ਗਿਆ।

ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਮੀਤ ਪ੍ਰਧਾਨ ਗੁਰਵਿੰਦਰ ਬੌੜਾਂ ਤੇ ਜ਼ੋਨਲ ਆਗੂ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਸਰਕਾਰ ਦੁਆਰਾ ਕਣਕ ਦੇ ਲਗਾਏ ਕੱਟ ਦੇ ਨਾਮ ਹੇਠ ਪਿੰਡਾਂ ਵਿੱਚ ਵੱਡੀ ਗਿਣਤੀ ਮਜ਼ਦੂਰਾਂ ਤੇ ਬੇਜ਼ਮੀਨਿਆਂ ਨੂੰ ਡਿੱਪੂ ਹੋਲਡਰ ਵੱਲੋਂ ਕਣਕ ਦੇਣ ਤੋਂ ਕਿਨਾਰਾ ਕੀਤਾ ਜਾ ਰਿਹਾ ਹੈ। ਡਿੱਪੂ ਹੋਲਡਰ ਪਿੰਡ ਦੇ ਰਸੂਖਵਾਨਾਂ, ਸਿਆਸੀ ਪਹੁੰਚ ਰੱਖਣ ਵਾਲੇ ਲੋਕਾਂ ਦੀਆਂ ਉਨ੍ਹਾਂ ਦੇ ਘਰ ਜਾ ਕੇ ਜਾਂ ਉਨ੍ਹਾਂ ਨੂੰ ਪਹਿਲਾਂ ਬੁਲਾ ਕੇ ਪਰਚੀਆਂ ਕੱਟ ਦਿੱਤੀਆਂ ਜਾਂਦੀਆਂ ਹਨ ਅਤੇ ਕਣਕ ਵੀ ਪੂਰੀ ਦਿੱਤੀ ਜਾਂਦੀ ਹੈ। ਜਦੋਂ ਮਜ਼ਦੂਰਾਂ ਤੇ ਬੇਜ਼ਮੀਨਿਆਂ ਦੀ ਵਾਰੀ ਆਉਂਦੀ ਹੈ, ਤਾਂ ਤਰ੍ਹਾਂ ਤਰ੍ਹਾਂ ਦੇ ਬਹਾਨੇ ਬਣਾਏ ਜਾਂਦੇ ਹਨ। ਪਿੰਡ ਬਿਨਾਹੇੜੀ ਤੇ ਨਰਮਾਣਾ ਵਿੱਚ ਜਿਨ੍ਹਾਂ ਮਜ਼ਦੂਰਾਂ ਦੀਆਂ ਪਰਚੀਆਂ ਕੱਟੀਆਂ ਗਈਆਂ ਹਨ, ਉਸ ਵਿੱਚ ਹਰ ਇੱਕ ਪਰਿਵਾਰ ਦੀ ਇੱਕ ਜਾਂ ਇੱਕ ਤੋਂ ਵੱਧ ਮੈਂਬਰਾਂ ਦੀ ਕਣਕ 'ਤੇ ਕੱਟ ਲਗਾਇਆ ਹੈ ਤੇ ਵੱਡੀ ਗਿਣਤੀ ਵਿੱਚ ਮਜ਼ਦੂਰ ਪਰਚੀਆਂ ਕੱਟਣ ਤੋਂ ਹੀ ਵਾਂਝੇ ਰਹਿ ਗਏ ਹਨ, ਜਿਸ ਤੋਂ ਤੰਗ ਆ ਕੇ ਮਜ਼ਦੂਰਾਂ ਵੱਲੋਂ ਅੱਜ ਡੀ ਐੱਫ ਐੱਸ ਓ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ। ਇਕਾਈ ਆਗੂ ਦਲਜੀਤ ਕੌਰ ਬਿਨਾਹੇੜੀ ਤੇ ਨਿਰਮਲ ਸਿੰਘ ਨਰਮਾਣਾ ਨੇ ਕਿਹਾ ਕਿ ਇੱਕ ਤਾਂ ਡਿੱਪੂ ਹੋਲਡਰ ਮਜ਼ਦੂਰਾਂ ਦੇ ਹੱਕ ਦੀ ਕਣਕ ਤਾਂ ਦੱਬ ਹੀ ਰਹੇ, ਦੂਜਾ ਪਰਚੀਆਂ ਕਟਾਉਣ ਲਈ ਲਾਇਨ ਵਿੱਚ ਲੱਗੇ ਮਜ਼ਦੂਰਾਂ ਨਾਲ ਵੀ ਬਦਸਲੂਕੀ ਕੀਤੀ ਜਾਂਦੀ ਹੈ। ਇਸ ਲਈ ਇਨ੍ਹਾਂ ਡਿੱਪੂ ਹੋਲਡਰਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ। ਡੀ ਐੱਫ ਐੱਸ ਓ ਨਾਭਾ ਵੱਲੋਂ ਪਿੰਡ ਬਿਨਾਹੇੜੀ ਤੇ ਨਰਮਾਣਾ ਦੇ ਇਸ ਮਾਮਲੇ ਦੀ ਜਾਂਚ ਕਰਕੇ ਰਹਿ ਗਏ ਯੋਗ, ਪਰਿਵਾਰਾਂ ਲਈ ਜਲਦੀ ਕਣਕ ਦਾ ਪ੍ਰਬੰਧ ਕਰਨ ਦਾ ਭਰੋਸਾ ਦੇਣ ਤੋਂ ਬਾਅਦ ਧਰਨਾ ਸਮਾਪਤ ਕੀਤਾ ਗਿਆ। ਇਸ ਮੌਕੇ ਹੋਰ ਆਗੂ ਸੁਖਵਿੰਦਰ ਕੌਰ, ਭਿੰਦਰ ਕੌਰ, ਸੁਖਪਾਲ ਕੌਰ, ਬਲਜਿੰਦਰ ਕੌਰ, ਰਾਜਵੀਰ ਸਿੰਘ ਤੇ ਚਮਕੌਰ ਸਿੰਘ ਆਦਿ ਸ਼ਾਮਲ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਦੀ ਜਨਰਲ ਕੌਂਸਲ ਦਾ ਅਜਲਾਸ 8 ਨੂੰ



**ਜ਼ੀਰਾ (ਨਰਿੰਦਰ ਅਨੇਜਾ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈੱਸ ਸਕੱਤਰ ਸੁਰਜੀਤ ਮੁਹਾਲੀ, ਸਹਾਇਕ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਆਦਿ ਨੇ ਸੂਬਾਈ ਮੀਟਿੰਗ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੋਲ੍ਹਵੀਂ ਜਨਰਲ ਕੌਂਸਲ ਦਾ ਤੀਸਰਾ ਅਜਲਾਸ 8 ਅਪ੍ਰੈਲ ਨੂੰ ਬਰਨਾਲਾ ਵਿਖੇ ਸਾਥੀ ਤਰਲੋਚਨ ਸਿੰਘ ਰਾਣਾ ਹਾਲ ਵਿੱਚ ਕਰਨ ਦਾ ਫੈਸਲਾ ਕੀਤਾ ਹੈ। ਇਸ ਸਮੇਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਇਸ ਅਜਲਾਸ ਵਿੱਚ ਪਿਛਲੇ ਸਮੇਂ ਦੌਰਾਨ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਲੜੇ ਗਏ ਸੰਘਰਸ਼ਾਂ ਦੀ ਸਮੀਖਿਆ ਕੀਤੀ ਜਾਵੇਗੀ ਤੇ ਜਨਤਕ ਸਿੱਖਿਆ ਢਾਂਚੇ ਨੂੰ ਬਚਾਉਣ ਲਈ ਤੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਵਾਸਤੇ ਨਵੇਂ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ। ਇਸ ਜਨਰਲ ਕੌਂਸਲ 'ਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਰੇ ਚੁਣੇ ਹੋਏ ਬਲਾਕ ਪ੍ਰਧਾਨਾਂ ਸਮੇਤ ਜ਼ਿਲ੍ਹਾ ਤੇ ਸੂਬਾਈ ਆਗੂ ਹਿੱਸਾ ਲੈਣਗੇ। ਇਸ ਸਮੇਂ ਜਥੇਬੰਦੀ ਦੇ ਸੂਬਾਈ ਸਕੱਤਰ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਇਸ ਅਜਲਾਸ ਵਿੱਚ ਕਾਲ੍ਹੀ ਨਵੀਂ ਕੇਂਦਰੀ ਸਿੱਖਿਆ ਨੀਤੀ 2020 ਦੇ ਮਾਰੂ ਪ੍ਰਭਾਵਾਂ ਬਾਰੇ ਪ੍ਰੋਫੈਸਰ ਜੈ ਪਾਲ ਸਿੰਘ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੀ ਅਹਿਮ ਫੈਸਲੇ ਲਏ ਜਾਣਗੇ। ਇਸ ਸਮੇਂ ਕਰਨੈਲ ਫਿਲੌਰ ਨੇ ਦੱਸਿਆ ਕਿ ਜਨਰਲ ਕੌਂਸਲ ਦੀ ਸਫਲਤਾ ਲਈ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਲਾਮਬੰਦੀ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਗੁਰਬਿੰਦਰ ਸਸਕੌਰ, ਕੁਲਦੀਪ ਪੂਰੋਵਾਲ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਗੁਰਪ੍ਰੀਤ ਅੰਮੀਵਾਲ, ਦੇਵੀ ਦਿਆਲ, ਬਲਵਿੰਦਰ ਭੁੱਟੋ, ਰਜੇਸ਼ ਕੁਮਾਰ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਜਗਜੀਤ ਸਿੰਘ ਮਾਨ, ਪ੍ਰਭਜੀਤ ਸਿੰਘ ਰਸੂਲਪੁਰ, ਪੁਸ਼ਪਿੰਦਰ ਪਟਿਆਲਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਨੀਰਜ ਯਾਦਵ, ਪਰਮਜੀਤ ਸ਼ੇਰੋਵਾਲ, ਮਨਜੀਤ ਬਰਾੜ, ਕੁਲਦੀਪ ਸਿੰਘ, ਦਿਲਦਾਰ ਭੰਡਾਲ਼, ਸਰਬਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਸੁੱਚਾ ਸਿੰਘ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਸਤਵੰਤ ਸਿੰਘ ਤੇ ਦਿਲਬਾਗ ਸਿੰਘ ਆਦਿ ਆਗੂ ਹਾਜ਼ਰ ਸਨ।

# ਮਜ਼ਦੂਰਾਂ ਵੱਲੋਂ ਭੱਠਾ ਸਨਅਤ ਬਚਾਉਣ ਤੇ ਰੇਟ ਨੂੰ ਲੈ ਕੇ ਰੈਲੀ



**ਸੰਗਰੂਰ (ਪ੍ਰਵੀਨ ਸਿੰਘ)**-ਲਾਲ ਝੰਡਾ ਪੰਜਾਬ ਭੱਠਾ ਮਜ਼ਦੂਰ ਯੂਨੀਅਨ 26/84 ਦੀ ਅਗਵਾਈ ਵਿੱਚ ਹਜ਼ਾਰਾਂ ਭੱਠਾ ਮਜ਼ਦੂਰਾਂ ਵੱਲੋਂ ਬਨਾਸਰ ਬਾਗ ਵਿੱਚ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਕਾਮਰੇਡ ਤਰਸੇਮ ਜੋਧਾਂ ਨੇ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਭੱਠਾ ਸਨਅਤ ਬੁਰੀ ਤਰ੍ਹਾਂ ਪੱਛੜ ਗਈ ਹੈ, ਮਜ਼ਦੂਰਾਂ ਦਾ ਜੋ ਭੱਠਿਆਂ ਉਪਰ ਸੀਜ਼ਨ 9 ਮਹੀਨੇ ਦਾ ਸੀ, ਉਹ ਸਿਮਟ ਕੇ 4-5 ਮਹੀਨੇ ਦਾ ਰਹਿ ਗਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਭੱਠਾ ਸਨਅਤ ਨੂੰ ਬਚਾਉਣ ਲਈ ਸਪੈਸ਼ਲ ਪੈਕੇਜ ਦਿੱਤਾ ਜਾਵੇ, ਜਿਸ ਨਾਲ ਭੱਠਾ ਸਨਅਤ ਦਾ ਬਚਾਅ ਹੋ ਸਕੇ ਤੇ ਲੱਖਾਂ ਭੱਠਾ ਮਜ਼ਦੂਰਾਂ ਦੀ ਰੋਜ਼ੀ-ਰੋਟੀ ਵੀ ਬਚ ਜਾਵੇਗੀ। ਕਾਮਰੇਡ ਤਰਸੇਮ ਜੋਧਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦਾ ਸਾਰਾ ਕਾਰੋਬਾਰ ਅਡਾਨੀਆਂ-ਅੰਬਾਨੀਆਂ ਨੂੰ ਸੌਂਪਣਾ ਚਾਹੁੰਦੀ ਹੈ। ਭੱਠਾ ਸਨਅਤ ਨੂੰ ਡੋਬਣ ਲਈ ਕੇਂਦਰ ਸਰਕਾਰ ਵੱਲੋਂ ਕੋਇਲੇ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਗਿਆ ਹੈ ਤਾਂ ਕਿ ਲੱਖਾਂ ਮਜ਼ਦੂਰਾਂ ਨੂੰ ਕੰਮ ਦੇਣ ਵਾਲੀ ਸਨਅਤ ਨੂੰ ਬਰਬਾਦ ਕੀਤਾ ਜਾਵੇ ਤੇ ਦੇਸ਼ ਅੰਦਰ ਬੇਰੁਜ਼ਗਾਰੀ- ਮਹਿੰਗਾਈ ਵਧ ਜਾਣ ਨਾਲ ਦੇਸ਼ ਅੰਦਰ ਅਫਰਾ-ਤਫਰੀ ਵਾਲਾ ਮਾਹੌਲ ਪੈਦਾ ਕਰਨਾ ਚਾਹੁੰਦੀ ਹੈ।

ਕਾ. ਤਰਸੇਮ ਜੋਧਾਂ ਨੇ ਦੱਸਿਆ ਕਿ ਭੱਠਾ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤੇ ਨੂੰ 2 ਮਹੀਨਿਆਂ ਤੋਂ ਉੱਪਰ ਦਾ ਸਮਾਂ ਬੀਤ ਗਿਆ, ਪਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਜੇਕਰ ਭੱਠਾ ਮਾਲਕਾਂ ਵੱਲੋਂ ਜਲਦ ਰੇਟਾਂ ਦਾ ਮਾਮਲਾ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਤਿੱਖਾ ਰੂਪ ਦਿੱਤਾ ਜਾਵੇਗਾ। ਇਸ ਰੈਲੀ ਨੂੰ ਭਰਾਤਰੀ ਜਥੇਬੰਦੀਆਂ ਵੱਲੋਂ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਆਗੂ ਗੋਬਿੰਦ ਸਿੰਘ ਛਾਜਲੀ, ਭੱਠਾ ਮਜ਼ਦੂਰ ਦੇ ਪਟਿਆਲਾ ਦੇ ਆਗੂ ਹਰੀ ਸਿੰਘ ਦੌਣਕਲਾਂ ਨੇ ਵੀ ਹਮਾਇਤ ਕਰਦਿਆਂ ਸੰਬੋਧਨ ਕੀਤਾ। ਇਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਲਾਲ ਝੰਡਾ ਪੰਜਾਬ ਭੱਠਾ ਮਜ਼ਦੂਰ ਯੂਨੀਅਨ 26/84 ਦੇ ਸੂਬਾ ਪ੍ਰਧਾਨ ਕਾਮਰੇਡ ਸਰਿੰਦਰ ਸਿੰਘ ਜਵੱਦੀ, ਕਾਮਰੇਡ ਚਰਨਜੀਤ ਸਿੰਘ ਹਿਮਾਂਯੂੰਪੁਰਾ, ਸੂਬਾ ਖਜ਼ਾਨਚੀ ਕਾਮਰੇਡ ਪ੍ਰਕਾਸ਼ ਸਿੰਘ ਹਿੱਸੋਵਾਲ, ਰਣਜੀਤ ਸਿੰਘ ਸਾਈਆਂ, ਸੰਗਰੂਰ ਦੇ ਇੰਚਾਰਜ ਕਾਮਰੇਡ ਸਤਪਾਲ ਸਿੰਘ ਬਹਿਣੀਵਾਲ, ਜੀਵਨ ਸਿੰਘ ਬੈਨੀਪਾਲ, ਗੁਰਪ੍ਰੀਤ ਸਿੰਘ ਤੋਲਾਵਾਲ, ਜੋਗਾ ਸਿੰਘ ਤੋਲਾਵਾਲ, ਜ਼ਿਲ੍ਹਾ ਮੋਗਾ ਦੇ ਆਗੂ ਨਿਰਮਲ ਸਿੰਘ ਨਿੰਮਾ, ਸਵਰਨ ਸਿੰਘ ਮੱਲੀਪੁਰ, ਅਮਰਜੀਤ ਸਿੰਘ ਲੁਧਿਆਣਾ, ਪਰਮਿੰਦਰ ਕੁਮਾਰ, ਮਲੇਰਕੋਟਲਾ ਦੇ ਆਗੂ ਸਰਦਾਰ ਅਲੀ ਆਦਿ ਨੇ ਵੀ ਸੰਬੋਧਨ ਕੀਤਾ।

## ਈ ਰਿਕਸ਼ਾ ਤੇ ਟ੍ਰੈਕਟਰ-ਟਰਾਲੀ 'ਚ ਟੱਕਰ, ਬੱਚੇ ਸਮੇਤ ਚਾਰ ਜ਼ਖਮੀ

**ਮੋਗਾ (ਅਮਰਜੀਤ ਬੱਬਰੀ)**-ਮੋਗਾ ਦੇ ਕੋਟਕਪੂਰਾ ਬਾਈਪਾਸ 'ਤੇ ਸਵੇਰੇ ਇੱਕ ਤੇਜ਼ ਰਫਤਾਰ ਈ-ਰਿਕਸ਼ਾ ਦੀ ਟਰੈਕਟਰ-ਟਰਾਲੀ ਨਾਲ ਜ਼ਬਰਦਸਤ ਟੱਕਰ ਵਿੱਚ ਰਿਕਸ਼ਾ ਚਾਲਕ ਸਣੇ 4 ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਮੌਕੇ 'ਤੇ ਮੌਜੂਦ ਰਾਹਗੀਰਾਂ ਵੱਲੋਂ ਮੁੱਢਲੀ ਸਹਾਇਤਾ ਦਿੰਦੇ ਹੋਏ ਮੋਗਾ ਦੇ ਸਿਵਲ ਹਸਪਤਾਲ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ 'ਚ ਦਾਖਲ ਈ ਰਿਕਸ਼ਾ ਚਾਲਕ ਨੇ ਦੱਸਿਆ ਕਿ ਉਹ ਮੋਗਾ ਤੋਂ ਸਵਾਰੀਆਂ ਲੈ ਕੇ ਪਿੰਡ ਸਿੰਘਾਂ ਵਾਲਾ ਨੂੰ ਜਾ ਰਿਹਾ ਸੀ ਕਿ ਇਸੇ ਦੌਰਾਨ ਪਿੰਡ ਸਿੰਘਾਂ ਵਾਲਾ ਸਾਈਡ ਤੋਂ ਆ ਰਹੇ ਟਰੈਕਟਰ ਟਰਾਲੀ ਨੇ ਉਸ ਦੀ ਈ ਰਿਕਸ਼ਾ ਨੂੰ ਟੱਕਰ ਮਾਰ ਦਿੱਤੀ। ਇਸ ਦੌਰਾਨ ਈ ਰਿਕਸ਼ਾ 'ਚ ਸਵਾਰ ਕੁਲਦੀਪ ਕੌਰ, ਸੰਦੀਪ ਕੌਰ ਸਮੇਤ ਇੱਕ ਬੱਚਾ ਵੀ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਐਮਰਜੈਂਸੀ ਸਟਾਫ ਨੇ ਮੁੱਢਲੀ ਸਹਾਇਤਾ ਦਿੱਤੀ।ਹਾਦਸੇ ਵਿੱਚ ਜ਼ਖਮੀ ਸੰਦੀਪ ਕੌਰ ਨੇ ਦੱਸਿਆ ਕਿ ਉਹ ਮੋਗਾ ਤੋਂ ਈ ਰਿਕਸ਼ਾ 'ਤੇ ਵਾਪਸ ਆਪਣੇ ਪਿੰਡ ਸਿੰਘਾਵਾਲਾ ਜਾ ਰਹੇ ਸੀ। ਸੰਦੀਪ ਕੌਰ ਨੇ ਦੱਸਿਆ ਕਿ ਸਾਨੂੰ ਹਾਦਸੇ ਦਾ ਪਤਾ ਹੀ ਨਹੀਂ ਲੱਗਾ, ਪਰ ਟੱਕਰ ਬਹੁਤ ਜ਼ੋਰ ਦੀ ਹੋਈ, ਜਿਸ 'ਚ ਉਸ ਦੀ ਬਾਂਹ ਟੁੱਟ ਗਈ ਹੈ। ਸਿਵਲ ਹਸਪਤਾਲ ਦੇ ਡਾਕਟਰ ਨੇ ਕਿਹਾ ਕਿ 3 ਜਾਣੇ ਸਾਡੇ ਕੋਲ ਐਮਰਜੈਂਸੀ ਵਿੱਚ ਆਏ ਹਨ, ਜਿਨ੍ਹਾਂ ਵਿੱਚੋਂ ਇਹ ਵਿਅਕਤੀ ਹੈ, ਜਿਸ ਦੇ ਸਿਰ ਵਿੱਚ ਕਾਫੀ ਸੱਟ ਹੈ ਤੇ 2 ਔਰਤਾਂ ਹਨ, ਜਿਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਪੂਰੇ ਮਾਮਲੇ ਦੀ ਪੁਲਸ ਜਾਂਚ ਕਰ ਰਹੀ ਹੈ ਤੇ ਜ਼ਖਮੀਆਂ ਤੋਂ ਪੁੱਛਗਿੱਛ ਕਰਕੇ ਕਸੂਰਵਾਰ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

## ਅਗਨੀਵੀਰ ਵਾਯੂ ਭਰਤੀ ਲਈ ਆਨਲਾਈਨ ਵੈੱਬੀਨਾਰ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਏ.ਸੀ.ਐੱਸ., ਏਅਰਫੋਰਸ ਅੰਬਾਲਾ ਵੱਲੋਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਦੇ ਸਹਿਯੋਗ ਨਾਲ 28 ਮਾਰਚ ਨੂੰ ਦੁਪਹਿਰ 12:00 ਵਜੇ ਤੋਂ 01.00 ਵਜੇ ਤੱਕ ਆਨਲਾਈਨ ਵੈੱਬੀਨਾਰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਰਵਿੰਦਰਪਾਲ ਸਿੰਘ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਨੇ ਦੱਸਿਆ ਕਿ ਇਸ ਵੈੱਬੀਨਾਰ ਦੇ ਮਾਧਿਅਮ ਨਾਲ ਪ੍ਰਾਰਥੀਆਂ ਨੂੰ ਫੌਜ ਦੀ ਭਰਤੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ ਜਾਵੇਗਾ ਤੇ ਅਗਨੀਵੀਰ ਵਾਯੂ ਸਕੀਮ ਬਾਰੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾ ਦੱਸਿਆ ਕਿ ਚਾਹਵਾਨ ਯੋਗ ਪ੍ਰਾਰਥੀ ਇਸ ਦਿੱਤੇ ਗਏ ਵੈੱਬੀਨਾਰ ਲਿੰਕ ://./3123 ਉੱਪਰ ਜੁਆਇੰਨ ਕਰ ਸਕਦੇ ਹਨ।

# ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਰਾਹੁਲ ਗਾਂਧੀ ਦੇ ਹੱਕ 'ਚ ਵਿਸ਼ਾਲ ਧਰਨਾ

■ ਕੇਂਦਰ ਸਰਕਾਰ ਖਿਲਾਫ ਕੀਤੀ ਜੰਮ ਕੇ ਨਾਅਰੇਬਾਜ਼ੀ



**ਮੋਗਾ (ਅਮਰਜੀਤ ਬੱਬਰੀ)**-ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਸੁਣਾਈ ਗਈ ਦੋ ਸਾਲ ਦੀ ਸਜ਼ਾ ਤੇ ਉਨ੍ਹਾਂ ਦੀ ਲੋਕ ਸਭਾ ਮੈਂਬਰੀ ਖਤਮ ਕਰਨ ਖ਼ਿਲਾਫ਼ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਤੇ ਵਾਈਸ ਪ੍ਰਧਾਨ ਮਲਵਿਕਾ ਸੂਦ ਦੀ ਅਗਵਾਈ ਹੇਠ ਮੋਗਾ ਦੇ ਮੇਨ ਚੌਕ ਵਿੱਚ ਕਾਂਗਰਸ ਦੇ ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਧਰਨਾ ਲਾਇਆ ਗਿਆ ਤੇ ਕੇਂਦਰ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਆਗੂਆਂ ਕੇਂਦਰ ਸਰਕਾਰ ਵਿਰੁੱਧ ਰੱਜ ਕੇ ਭੜਾਸ ਕੱਢੀ।

ਇਸ ਮੌਕੇ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਤੇ ਮਲਵਿਕਾ ਸੂਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਨਿੱਡਰ ਨੇਤਾ ਰਾਹੁਲ ਗਾਂਧੀ ਦੀ ਆਵਾਜ਼ ਨੂੰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਤੋਂ ਰਾਹੁਲ ਗਾਂਧੀ ਡਰਨ ਵਾਲੇ ਨਹੀਂ ਹਨ। ਰਾਹੁਲ ਸੱਚ ਬੋਲਦੇ ਹਨ 'ਤੇ ਦੇਸ਼ ਦੇ ਲੋਕਾਂ ਦੀ ਸੱਚਾਈ ਲਈ ਆਵਾਜ਼ ਬੁਲੰਦ ਕਰਦੇ ਰਹਿਣਗੇ। ਉਨ੍ਹਾ ਕਿਹਾ ਕਿ ਕਾਂਗਰਸ ਦਾ ਹਰ ਵਰਕਰ ਆਪਣੇ ਆਗੂ ਦੇ ਸਮਰਥਨ 'ਚ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਭਾਜਪਾ ਸਰਕਾਰ ਰਾਹੁਲ ਗਾਂਧੀ ਨਾਲ ਸੰਸਦ ਵਿੱਚ ਵਿਰੋਧੀ ਧਿਰ ਦੀ ਏਕਤਾ ਤੋਂ ਚਿੰਤਤ ਹੈ, ਕਿਉਂਕਿ ਰਾਹੁਲ ਮੋਦੀ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਕਾਲੇ ਕਾਰਨਾਮਿਆਂ ਦਾ ਲਗਾਤਾਰ ਪਰਦਾਫਾਸ਼ ਕਰ ਰਹੇ ਹਨ। ਸੰਸਦ ਵਿੱਚ ਅਡਾਨੀ ਮਾਮਲੇ ਵਿੱਚ ਜੇਪੀਸੀ ਬਣਾਉਣ ਦੀ ਮੰਗ ਉਠਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਸੱਚ ਬੋਲਣ ਦੀ ਜੋ ਸਜ਼ਾ ਮਿਲ ਹੈ। ਉਨ੍ਹਾਂ ਕਿਹਾ ਕਿ ਡਰੀ ਹੋਈ ਭਾਜਪਾ ਰਾਹੁਲ ਗਾਂਧੀ ਵਿਰੁੱਧ ਬੇਬੁਨਿਆਦ ਕੇਸ ਬਣਾ ਕੇ ਉਨ੍ਹਾਂ ਨੂੰ ਦਬਾਅ ਨਹੀਂ ਸਕਦੀ।

ਭਾਜਪਾ ਦੀ ਕੇਂਦਰ ਸਰਕਾਰ ਚਾਹੇ ਰਾਹੁਲ 'ਤੇ ਈ ਡੀ, ਸੀ ਬੀ ਆਈ ਜਾਂ ਪੁਲਸ ਐੱਫਆਈਆਰ ਦੇ ਕਿੰਨੇ ਵੀ ਕੇਸ ਲਗਾ ਲਵੇ, ਉਹ ਬੇਇਨਸਾਫ਼ੀ ਤੇ ਤਾਨਾਸ਼ਾਹੀ ਵਿਰੁੱਧ ਸੰਸਦ ਵਿੱਚ ਜਾਂ ਸੰਸਦ ਦੇ ਬਾਹਰ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਫਾਸ਼ੀਵਾਦੀ ਤਾਕਤਾਂ ਵਿਰੁੱਧ ਜ਼ੋਰਦਾਰ ਲੜਾਈ ਜਾਰੀ ਰੱਖਾਂਗੇ। ਕਾਂਗਰਸ ਪਾਰਟੀ ਅਦਾਲਤ ਦੇ ਹੁਕਮਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ 2024 ਤੋਂ ਦੇਸ਼ ਵਿਚ ਭਾਜਪਾ ਵੱਲੋਂ ਡਰ ਦਾ ਮਾਹੌਲ ਪੈਦਾ ਕੀਤਾ ਗਿਆ ਹੈ ਤਾਂ ਕਿ ਵਿਰੋਧੀ ਧਿਰ ਚੁੱਪ ਚਾਪ ਸਦਨ ਵਿੱਚ ਬੈਠ ਜਾਵੇ ਤੇ ਮੀਡੀਆ 'ਤੇ ਏਜੰਸੀਆਂ ਉਨ੍ਹਾਂ ਦੇ ਕਹਿਣ 'ਤੇ ਕੰਮ ਕਰਨ। ਮੋਦੀ ਅਜਿਹਾ ਭਾਰਤ ਚਾਹੁੰਦੇ ਹਨ, ਪਰ ਇਹ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਭਾਰਤ ਨੂੰ ਸੁੰਦਰ ਬਣਾਇਆ, ਜਿਸ ਨੂੰ ਤਬਾਹ ਨਹੀਂ ਹੋਣ ਦੇਵਾਂਗੇ। ਇਸ ਮੌਕੇ ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਹਰੀ ਸਿੰਘ ਖਾਈ, ਭੁਪਿੰਦਰ ਸਿੰਘ ਸਾਹੋਕੇ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ, ਸਵਰਨ ਸਿੰਘ ਆਦਿਵਾਲ, ਡਾ. ਪਵਨ ਥਾਪਰ, ਸਾਬਕਾ ਚੇਅਰਮੈਨ ਵਿਨੋਦ ਬਾਂਸਲ, ਸੀਨੀਅਰ ਆਗੂ ਮਨਜੀਤ ਸਿੰਘ ਮਾਨ, ਮਹਿਲਾ ਵਿੰਗ ਪ੍ਰਧਾਨ ਰਵਿੰਦਰ ਬਜਾਜ, ਬਲਾਕ ਪ੍ਰਧਾਨ ਜਸਪਾਲ ਸਿੰਘ ਡਰੋਲੀਭਾਈ, ਸ਼ਹਿਰੀ ਪ੍ਰਧਾਨ ਪਰਮਵਿਜੇ, ਮਿੱਕੀ ਹੁੰਦਲ, ਚੇਅਰਮੈਨ ਹਰਨੇਕ ਸਿੰਘ ਰਾਮੂੰਵਾਲਾ, ਗੋਗਾ ਸੰਗਲਾ, ਪਰਮਪਾਲ ਤਖਤੂਪੁਰਾ, ਸ਼ਿਵਰਾਜ ਭੋਲਾ, ਚਮਾਨਲਾਲ, ਜਸਮਤ ਸਿੰਘ ਮੱਤਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਅਸਥਾਨ ਧਰਮ ਪ੍ਰਚਾਰ 'ਚ ਅਹਿਮ ਰੋਲ ਨਿਭਾਅ ਰਿਹੈ : ਗਿਆਨੀ ਗੁਰਮਿੰਦਰ ਸਿੰਘ

**ਅਸਥਾਨ 'ਤੇ ਬਣਿਆ ਅਜਾਇਬ ਘਰ ਨੌਜਵਾਨ ਪੀੜ੍ਹੀ ਨੂੰ ਧਰਮ ਨਾਲ ਜੋੜਨ ਦੀ ਸੇਧ ਦੇ ਰਿਹਾ : ਬਾਬਾ ਗੁਰਦੀਪ ਸਿੰਘ**



ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੂੰ ਸਨਮਾਨਤ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ।

**ਬਾਘਾ ਪੁਰਾਣਾ (ਮਨੀ ਸਿਗਲਾ)**-ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਦੀਨ ਦੁਖੀਆਂ ਦਾ ਸਹਾਰਾ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਵਿਖੇ ਹੋਏ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਇਸ ਸਮੇਂ ਸੰਬੋਧਨ ਕਰਦਿਆਂ ਕਿਹਾ ਕਿ ਇਹ ਅਸਥਾਨ ਜਿੱਥੇ ਸਮਾਜ ਭਲਾਈ ਦੇ ਕੰਮਾਂ ਵਿੱਚ ਮੋਹਰੀ ਜਾਣਿਆ ਜਾਂਦਾ ਹੈ, ਉਥੇ ਇਹ ਅਸਥਾਨ ਧਰਮ ਪ੍ਰਚਾਰ ਵੀ ਆਪਣਾ ਅਹਿਮ ਰੋਲ ਅਦਾ ਕਰ ਰਿਹਾ ਹੈ, ਕਿਉਂਕਿ ਇੱਥੇ ਬਣੇ ਅਜਾਇਬ ਘਰ ਤੋਂ ਸਾਡੀ ਨੌਜਵਾਨ ਪੀੜ੍ਹੀ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ ਤੇ ਬਣੇ ਕੁਰਬਾਨੀਆਂ ਭਰੇ ਯੁੱਧ ਨੌਜਵਾਨਾਂ ਨੂੰ ਧਰਮ ਨਾਲ ਜੋੜਨ ਦਾ ਸੰਕੇਤ ਦਿੰਦੇ ਹਨ, ਜਿੱਥੇ ਇਸ ਅਸਥਾਨ ਦੇ ਬਾਨੀ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਇਹੋ ਜਿਹੇ ਕਾਰਜ ਕਰਕੇ ਇਸ ਅਸਥਾਨ ਦੇ ਨਾਂ ਨੂੰ ਦੁਨੀਆ ਦੇ ਕੋਨੇ ਕੋਨੇ ਤੱਕ ਪਹੁੰਚਾਇਆ। ਅੱਜ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਉਨ੍ਹਾਂ ਦੇ ਕਦਮਾਂ 'ਤੇ ਚੱਲਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਕਰਵਾ ਕੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਵਰਗੇ ਕਈ ਸਮਾਜ ਭਲਾਈ ਦੇ ਕਾਰਜ ਕਰ ਕੇ ਇਸ ਅਸਥਾਨ ਦਾ ਨਾ ਹੋਰ ਵੀ ਉੱਚਾ ਕਰ ਰਹੇ ਹਨ। ਸਾਡਾ ਵੀ ਇਨ੍ਹਾਂ ਨਾਲ ਬਹੁਤ ਪ੍ਰੇਮ ਹੈ। ਅੱਜ ਦੇ ਸਮੇਂ ਦੀ ਲੋੜ ਹੈ ਕਿ ਵੱਧ ਤੋਂ ਵੱਧ ਨੌਜਵਾਨ ਪੀੜ੍ਹੀ ਬਾਣੀ ਪੜ੍ਹੇ, ਸੁਣੇ ਤੇ ਅਮਲ ਕਰਕੇ ਜੀਵਨ ਬਤੀਤ ਕਰੇ। ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਤੇ ਸੰਤ ਬਾਬਾ ਗੁਰਮੀਤ ਸਿੰਘ ਖਸਿਆਂ ਵਾਲਿਆ ਨੇ ਉਨ੍ਹਾਂ ਦਾ ਲੋਈ ਤੇ ਸਿਰੀ ਸਾਹਿਬ ਨਾਲ ਵਿਸ਼ੇਸ਼ ਸਨਮਾਨ ਕੀਤਾ ਅਤੇ ਜੀ ਆਇਆਂ ਆਖਿਆ। ਇਸ ਮੌਕੇ ਬਾਬਾ ਹਰਭਜਨ ਸਿੰਘ ਜੰਡ ਸਾਹਿਬ ਵਾਲੇ, ਬਾਬਾ ਮਲਕੀਤ ਦਾਸ ਗਊਸ਼ਾਲਾ ਵਾਲੇ, ਇੰਦਰਜੀਤ ਸਿੰਘ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਮੋਗਾ, ਭਾਈ ਇਕਬਾਲ ਸਿੰਘ ਲੰਗੇਆਣਾ, ਸੁੱਖਾ ਸਿੰਘ ਮੋਗਾ, ਚਮਕੌਰ ਸਿੰਘ ਚੰਦ ਪੁਰਾਣਾ, ਭਾਈ ਬਲਦੇਵ ਸਿੰਘ ਮੋਗਾ, ਗਾਮਾ ਸਿੰਘ ਮੋਗਾ ਆਦਿ ਹਾਜ਼ਰ ਸਨ।

## ਪਾਥਵੇਜ਼ ਗਲੋਬਲ ਸਕੂਲ 'ਚ ਮਨਾਇਆ ਵਿਸ਼ਵ ਰੰਗਮੰਚ ਦਿਵਸ

**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ, ਜੋ ਇਲਾਕੇ ਦਾ ਨਾਮਵਰ ਆਈ ਸੀ ਐੱਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ "ਵਿਸ਼ਵ ਰੰਗਮੰਚ ਦਿਵਸ" ਮਨਾਇਆ ਗਿਆ। ਵਿਸ਼ਵ ਰੰਗਮੰਚ ਦਿਵਸ ਹਰ ਸਾਲ 27 ਮਾਰਚ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਉਨ੍ਹਾਂ ਲਈ ਜਸ਼ਨ ਹੈ, ਜੋ ਥੀਏਟਰ ਵਿੱਚ ਕਲਾ ਦੀ ਕੀਮਤ ਤੇ ਮਹੱਤਤਾ ਨੂੰ ਦੇਖ ਸਕਦੇ ਹਨ। ਸਕੂਲ ਵੱਲੋਂ ਇਸ ਦਿਵਸ ਨਾਲ ਸਬੰਧਤ ਇੱਕ ਸਪੈਸ਼ਲ ਸਵੇਰ ਦੀ ਸਭਾ ਦਾ ਪ੍ਰਬੰਧ ਕੀਤਾ ਗਿਆ। ਸਕੂਲ ਦੀ ਭਰਵੀਂ ਹਾਜ਼ਰੀ ਵਿੱਚ 10ਵੀਂ ਜਮਾਤ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵਿੱਚ ਭਾਸ਼ਣ ਦਿੱਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ, ਡੀਨ ਮੈਡਮ ਪਰਮਿੰਦਰ ਤੂਰ, ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੋਧ ਨੇ ਵਿਦਿਆਰਥੀਆਂ ਨੂੰ "ਵਿਸ਼ਵ ਰੰਗਮੰਚ ਦਿਵਸ" ਦੀਆਂ ਵਧਾਈਆਂ ਦਿੱਤੀਆਂ ਤੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ।



# ਭਾਕਿਯੂ ਕਾਦੀਆਂ ਇਕਾਈ ਗੰਗੋਹਰ ਦੇ ਅਹੁਦੇਦਾਰਾਂ ਦੀ ਚੋਣ

**ਦਲਜੀਤ ਸਿੰਘ ਗੰਗੋਹਰ ਪ੍ਰਧਾਨ ਚੁਣੇ**



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**

ਭਾਰਤੀ ਕਿਸਾਨ ਯੂਨੀਅਨ ਕਾਦੀਆਂ ਇਕਾਈ ਗੰਗੋਹਰ ਦੀ ਚੋਣ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਰਬਸੰਮਤੀ ਨਾਲ ਬਲਾਕ ਜਨਰਲ ਸਕੱਤਰ ਨੰਬਰਦਾਰ ਪਰਮਜੀਤ ਸਿੰਘ ਢੀਂਡਸਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ ਨੇ ਕਿਹਾ ਕਿ ਦੇਸ਼ ਸੱਤਾ 'ਤੇ ਕਾਬਜ਼ ਲੋਕਾਂ ਵੱਲੋਂ ਦੇਸ਼ ਨੂੰ ਚੰਦ ਕੁ ਸਰਮਾਏਦਾਰ ਘਰਾਣਿਆਂ ਕੋਲ ਵੇਚਿਆ ਜਾ ਰਿਹਾ ਹੈ। ਇਹ ਘਰਾਣੇ ਹੁਣ ਦੇਸ਼ ਦੀ ਖੇਤੀ ਨੂੰ ਆਪਣੇ ਕੰਟਰੋਲ ਹੇਠ ਕਰਨਾ ਚਾਹੁੰਦੇ ਹਨ। ਇਨ੍ਹਾਂ ਕਾਰਪੋਰੇਟ ਘਰਾਣਿਆਂ ਤੋਂ ਖੇਤੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਲਾਮਬੰਦ ਹੋਣ ਦੀ ਵੱਡੀ ਲੋੜ ਹੈ। ਇਸ ਮੌਕੇ ਕੀਤੀ ਗਈ ਚੋਣ 'ਚ ਪ੍ਰਧਾਨ ਦਲਜੀਤ ਸਿੰਘ, ਸੀਨੀ: ਮੀਤ ਪ੍ਰਧਾਨ ਰੁਪਿੰਦਰ ਸਿੰਘ, ਮੀਤ ਪ੍ਰਧਾਨ ਕੁਲਵਿੰਦਰ ਸਿੰਘ, ਖਜ਼ਾਨਚੀ ਕੇਸਰ ਸਿੰਘ, ਸਹਾ: ਖਜ਼ਾਨਚੀ ਸੁਖਵਿੰਦਰ ਸਿੰਘ ਪੱਪੀ, ਸਲਾਹਕਾਰ ਨਿਰਮਲ ਸਿੰਘ, ਕੁਲਦੀਪ ਸਿੰਘ, ਸਰਪ੍ਰਸਤ ਕਿੱਕਰ ਸਿੰਘ, ਜਨਰਲ ਸਕੱਤਰ ਸਰਬਜੀਤ ਸਿੰਘ ਸਰਬਾ, ਮੁੱਖ ਬੁਲਾਰਾ ਬੂਟਾ ਸਿੰਘ ਤੋਂ ਇਲਾਵਾ ਮਨਪ੍ਰੀਤ ਸਿੰਘ, ਮਨਜਿੰਦਰ ਸਿੰਘ, ਮਨਪ੍ਰੀਤ ਸਿੰਘ ਸੰਧੂ, ਕ੍ਰਿਪਾਲ ਸਿੰਘ, ਬਲਦੇਵ ਸਿੰਘ, ਅਮਨਦੀਪ ਸਿੰਘ, ਜਸਵੰਤ ਸਿੰਘ, ਸਮਸ਼ੇਰ ਸਿੰਘ, ਗੁਰਮੇਲ ਸਿੰਘ, ਰਘਵੀਰ ਸਿੰਘ, ਨਵਦੀਪ ਸਿੰਘ, ਰੁਪਿੰਦਰ ਸਿੰਘ, ਗੁਰਨਾਮ ਸਿੰਘ, ਬਲਜੀਤ ਸਿੰਘ ਭੀਮਾ, ਕਰਮਜੀਤ ਸਿੰਘ ਰਾਣਾ, ਗੁਰਜੰਟ ਸਿੰਘ, ਰੇਸ਼ਮ ਸਿੰਘ, ਅਮਰਜੀਤ ਸਿੰਘ, ਸਰਬਜੀਤ ਸਿੰਘ ਕਾਰਜਕਾਰੀ ਮੈਂਬਰ ਚੁਣੇ ਗਏ। ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਸਾਨ ਆਗੂ ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ, ਮਹਿੰਦਰ ਸਿੰਘ, ਅਮਰਜੀਤ ਸਿੰਘ ਭੋਲਾ, ਡਾ: ਸੁਖਦੀਪ ਸਿੰਘ ਕਲਾਲ ਮਾਜਰਾ, ਗੁਰਬਚਨ ਸਿੰਘ, ਕੇਸਰ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਇਸ ਚੋਣ ਨਾਲ ਜਥੇਬੰਦੀ ਦੀ ਜਥੇਬੰਦਕ ਸ਼ਕਤੀ 'ਚ ਵਾਧਾ ਹੋਵੇਗਾ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਦੀ ਨਿੰਦਾ

■ ਹਰਜੀਤ ਸਿੰਘ ਵਿਰਕ ਨੂੰ ਗ੍ਰਿਫਤਾਰ ਕਰਨਾ ਅਤਿ ਨਿੰਦਣਯੋਗ ਤੇ ਗੈਰ-ਕਾਨੂੰਨੀ ਕਾਰਵਾਈ : ਆਗੂ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਭਗਵੰਤ ਮਾਨ ਸਰਕਾਰ ਨੇ ਸੈਂਟਰ ਦੀ ਮੋਦੀ ਸਰਕਾਰ ਨਾਲ ਮਿਲ ਕੇ ਇਕ ਸਾਜ਼ਿਸ਼ ਤਹਿਤ ਜਾਣ-ਬੁੱਝ ਕੇ ਗੈਰ-ਕਾਨੂੰਨੀ ਢੰਗ ਨਾਲ ਪੰਜਾਬ ਅੰਦਰ ਪਾਰਟੀ ਵਰਕਰਾਂ ਤੇ ਨੌਜਵਾਨਾਂ ਦੀ ਫੜੋ-ਫੜੀ ਕਰਕੇ, ਜੇਲ੍ਹਾਂ ਵਿੱਚ ਡੱਕ ਕੇ ਤੇ ਘਰਾਂ ਉਤੇ ਛਾਪੇਮਾਰੀ ਕਰਕੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੀ ਹੈ ਭਗਵੰਤ ਮਾਨ ਸਰਕਾਰ ਤੇ ਸੈਂਟਰ ਸਰਕਾਰ ਦੀ ਇਹ ਪੰਜਾਬ ਮਾਰੂ ਨੀਤੀ ਕਦੇ ਵੀ ਸਫਲ ਨਹੀਂ ਹੋਵੇਗੀ, ਕਿਉਂਕਿ ਪੰਜਾਬ ਦੇ ਲੋਕ ਇਸ ਚਾਣਕੀਆ ਨੀਤੀ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ। ਇਸੇ ਤਰ੍ਹਾਂ ਹੀ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਲਈ ਮੇਰੇ (ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ), ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸੁਖਜੀਤ ਸਿੰਘ ਡਰੋਲੀ, ਲਖਵੀਰ ਸਿੰਘ ਸੋਟੀ, ਪ੍ਰਗਟ ਸਿੰਘ ਮੱਖੂ, ਸੁਖਚੈਨ ਸਿੰਘ ਅਤਲਾ ਆਦਿ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਅਤੇ ਕੀਤੀ ਜਾ ਰਹੀ ਹੈ। ਅੱਜ ਹੀ ਸਵੇਰੇ ਰਣਦੀਪ ਸਿੰਘ ਸੰਧੂ ਪੀ.ਏ. ਸ੍ਰ. ਸਿਮਰਨਜੀਤ ਸਿੰਘ ਮਾਨ ਦੇ ਘਰ ਦੀ ਨਜਾਇਜ਼ ਤੌਰ 'ਤੇ ਪੰਜਾਬ ਪੁਲਸ ਵੱਲੋਂ ਛਾਪੇਮਾਰੀ ਕੀਤੀ ਗਈ। ਉਨ੍ਹਾਂ ਦੇ ਘਰ ਦੇ ਹਰ ਕਮਰੇ ਦੀਆਂ ਫੋਟੋਆਂ ਖਿੱਚੀਆਂ ਗਈਆਂ, ਘਰ ਦੇ ਸਾਰੇ ਮੈਂਬਰਾਂ ਦੇ ਮੋਬਾਇਲ ਨੰਬਰ ਨੋਟ ਕੀਤੇ ਗਏ ਤੇ ਇਸ ਤੋਂ ਇਲਾਵਾ ਇਹ ਵੀ ਪਤਾ ਲੱਗਿਆ ਹੈ ਕਿ ਹਰਜੀਤ ਸਿੰਘ ਵਿਰਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗੈਰ-ਕਾਨੂੰਨੀ ਢੰਗ ਨਾਲ ਦਹਿਸ਼ਤ ਵਾਲਾ ਮਾਹੌਲ ਪੈਦਾ ਕੀਤਾ ਗਿਆ, ਜੋ ਅਤਿ ਨਿੰਦਣਯੋਗ ਤੇ ਗੈਰ-ਕਾਨੂੰਨੀ ਕਾਰਵਾਈ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਭਗਵੰਤ ਮਾਨ ਸਰਕਾਰ ਦੀ ਪੁਲਸ ਵੱਲੋਂ ਕਰਵਾਈ ਜਾ ਰਹੀ ਗੈਰ-ਜਮਹੂਰੀ ਛਾਪੇਮਾਰੀ ਨੂੰ ਬਰਦਾਸ਼ਤ ਨਹੀਂ ਕਰੇਗਾ ਤੇ ਨਾ ਹੀ ਸਿੱਖ ਨੌਜਵਾਨਾਂ 'ਤੇ ਕੀਤੇ ਜਾ ਰਹੇ ਜਬਰ ਨੂੰ ਸਹਿਣ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕੋਈ ਵੀ ਆਚ ਨਹੀਂ ਆਉਣ ਦਿੱਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਹੋ ਰਹੇ ਸਰਕਾਰੀ ਜਬਰ ਨੂੰ ਖਦੇੜਨ ਲਈ ਜਮਹੂਰੀ ਢੰਗ ਨਾਲ ਪਹਿਲਾਂ ਦੀ ਤਰ੍ਹਾਂ ਹੋਏ ਜਬਰ ਦੇ ਵਾਂਗ ਵੀ ਇਸ ਹੋ ਰਹੇ ਜਬਰ ਨੂੰ ਵੀ ਨੱਥ ਪਾ ਲਵੇਗਾ। ਪਾਰਟੀ ਵੱਲੋਂ ਹੋ ਰਹੇ ਇਸ ਸਰਕਾਰੀ ਜਬਰ ਉਤੇ ਕਰੜੀ ਨਜ਼ਰ ਰੱਖੀ ਹੋਈ ਹੈ। ਇਸ ਤੋਂ ਇਲਾਵਾ ਬੀਤੇ ਦਿਨੀਂ ਹਲਕਾ ਸੁਨਾਮ ਦੇ ਸਤਿਗੁਰ ਸਿੰਘ ਚੀਮਾ, ਕੁਲਵੰਤ ਸਿੰਘ ਕੋਟੜਾ, ਰੁਪਿੰਦਰ ਸਿੰਘ ਸੰਧੂ ਸੁਨਾਮ ਦੇ ਘਰਾਂ 'ਤੇ ਵੀ ਛਾਪੇਮਾਰੀ ਕੀਤੀ ਗਈ।

# ਮੀਂਹ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦੇਵੇ ਸਰਕਾਰ : ਪੁੰਨਾਵਾਲ



**ਸੰਗਰੂਰ (ਪ੍ਰਵੀਨ ਸਿੰਘ)**

ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਰਨੈਲ ਸਿੰਘ ਜਨਾਲ ਦੀ ਪ੍ਰਧਾਨਗੀ ਹੇਠ ਚਮਕ ਭਵਨ ਸੰਗਰੂਰ ਵਿਖੇ ਹੋਈ। ਇਸ ਮੀਟਿੰਗ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਮੇਜਰ ਸਿੰਘ ਪੁੰਨਾਵਾਲ ਨੇ ਸੰਬੋਧਨ ਕਰਦਿਆਂ ਕਿਹਾ ਪਿਛਲੇ ਦਿਨੀਂ ਪੰਜਾਬ ਵਿੱਚ ਹੋਈ ਭਾਰੀ ਬਾਰਸ਼ ਕਾਰਨ ਕਣਕ ਦੀ ਫਸਲ ਬਰਬਾਦ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਦੀ ਹਾਲਤ ਪਹਿਲਾਂ ਹੀ ਤਰਸਯੋਗ ਬਣੀ ਹੋਈ ਹੈ, ਹੁਣ ਪੱਕੀ ਕਣਕ 'ਤੇ ਹੋਈ ਭਾਰੀ ਗੜ੍ਹੇਮਾਰੀ ਤੇ ਮੀਂਹ ਨੇ ਕਿਸਾਨ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਭਾਰੀ ਬਾਰਿਸ਼ ਤੇ ਗੜ੍ਹੇਮਾਰੀ ਕਾਰਨ ਨੁਕਸਾਨੀਆਂ ਫਸਲਾਂ ਤੇ ਸਬਜ਼ੀਆਂ ਦੀ ਗਿਰਦਾਵਰੀ ਕਰਕੇ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਮੀਟਿੰਗ ਵਿੱਚ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਅਮਰੀਕ ਸਿੰਘ ਕਾਂਝਲਾ ਨੇ ਕਿਹਾ ਕਿ 5 ਅਪ੍ਰੈਲ ਨੂੰ ਕਿਸਾਨਾਂ ਮਜ਼ਦੂਰਾਂ ਦੀ ਦਿੱਲੀ ਰੈਲੀ ਵਿੱਚ ਜ਼ਿਲ੍ਹੇ ਸੰਗਰੂਰ ਵਿੱਚੋਂ ਕੁੱਲ ਹਿੰਦ ਕਿਸਾਨ ਸਭਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਲ ਹੋਣਗੇ। ਇਸ ਮੌਕੇ ਕਾ. ਬਾਬੂ ਸਿੰਘ ਪੇਧਨੀ, ਦਰਸ਼ਨ ਸਿੰਘ ਪੁੰਨਾਵਾਲ, ਦਰਬਾਰਾ ਸਿੰਘ ਬੇਨੜਾ, ਨਛੱਤਰ ਸਿੰਘ ਗੰਢੂਆਂ, ਰਾਮ ਸਿੰਘ ਸੋਹੀਆਂ, ਵਰਿੰਦਰ ਕੌਸ਼ਿਕ, ਨਿਰਮਲ ਸੁਨਾਮ, ਗਰਮੇਲ ਜਨਾਲ, ਸਤਵੀਰ ਤੁੰਗਾਂ, ਸੇਵਾ ਸਿੰਘ ਬੇਨੜਾ ਆਦਿ ਹਾਜ਼ਰ ਸਨ।

# ਹੁਕਮ ਰਾਜ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ 'ਚ ਸ਼ਾਮਲ



**ਮੋਗਾ (ਅਮਰਜੀਤ ਬੱਬਰੀ)**-ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਵੱਲੋਂ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਦੀ ਅਗਵਾਈ 'ਚ ਭੱਠਾ ਮਜ਼ਦੂਰਾਂ ਦੀ ਮੀਟਿੰਗ ਹੋਈ। ਇਸ ਮੀਟਿੰਗ 'ਚ ਭੱਠਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਨੂੰ ਅੱਜ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਹੁਕਮ ਰਾਜ ਨੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਇਸ ਮੌਕੇ ਹੁਕਮ ਰਾਜ ਨੇ ਕਿਹਾ ਕਿ ਭੱਠਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦਿਨ-ਰਾਤ ਕੰਮ ਕਰ ਰਹੀ ਹੈ ਤੇ ਭਵਿੱਖ ਵਿੱਚ ਭਵਿੱਖ 'ਚ ਸਮੂਹ ਭੱਠਾ ਮਜ਼ਦੂਰਾਂ ਦੇ ਉੱਜਵਲ ਭਵਿੱਖ ਲਈ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਵੱਲੋਂ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਭੱਠਾ ਮਜ਼ਦੂਰਾਂ ਨੇ ਜਾਣਕਾਰੀ ਦਿੱਤੀ ਕਿ ਕਈ ਭੱਠਿਆਂ 'ਤੇ ਮਜ਼ਦੂਰਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਤੇ ਹੁਕਮ ਰਾਜ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਭੱਠਾ ਮਾਲਕਾਂ ਤੋਂ ਮੰਗ ਕੀਤੀ ਕਿ ਭੱਠਾ ਮਜ਼ਦੂਰਾਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਵਾਈਆਂ ਜਾਣ ਤੇ ਹਰ ਭੱਠੇ ਤੇ ਸੁਖਾਵਾਂ ਮਾਹੌਲ ਹੋਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਚੜਿੱਕ, ਸੁਧੀਰ ਕੁਮਾਰ, ਗੁਰਮੇਲ ਸਿੰਘ, ਕੁਲਵੰਤ ਸਿੰਘ, ਗੁਰਦੀਪ ਸਿੰਘ, ਜੋਗਿੰਦਰ ਕੁਮਾਰ, ਮਿੰਟੂ, ਰਜਨੀਸ਼ ਕੁਮਾਰ, ਅਸ਼ੋਕ ਕੁਮਾਰ, ਹਿਰਤੇਸ਼, ਅਲੀ ਸ਼ੇਰ, ਕਾਮਿਲ ਹਾਜ਼ਰ ਸਨ।

# ਬਕੈਣ ਵਾਲਾ 'ਚ ਰਾਹਤ ਕਾਰਜ ਜਾਰੀ, ਗਿਰਦਾਵਰੀ ਦਾ ਕੰਮ ਆਖਰੀ ਪੜਾਅ 'ਚ

■ ਵਿਧਾਇਕ ਸਵਨਾ, ਡੀ ਸੀ ਤੇ ਐੱਸ ਐੱਸ ਪੀ ਨੇ ਕੀਤਾ ਪਿੰਡ ਦਾ ਦੌਰਾ



**ਫਾਜ਼ਿਲਕਾ (ਨਿਸ਼ਾ ਸ਼ਰਮਾ, ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਪਿੰਡ ਬਕੈਣ ਵਾਲਾ ਵਿੱਚ ਆਏ ਵਾ-ਵਰੋਲੇ ਤੋਂ ਬਾਅਦ ਰਾਹਤ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ। ਅੱਜ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਪਾਲ ਪਾਲ ਸਿੰਘ ਸਵਨਾ, ਡਿਪਟੀ ਕਮਿਸ਼ਨਰ ਡਾ: ਸੇਨੂੰ ਦੁੱਗਲ ਤੇ ਐੱਸ ਐੱਸ ਪੀ ਅਵਨੀਤ ਕੌਰ ਸਿੱਧੂ ਨੇ ਪਿੰਡ ਦਾ ਦੌਰਾ ਕਰਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਵਿਧਾਇਕ ਸਵਨਾ ਨੇ ਕਿਹਾ ਕਿ ਵਾ-ਵਰੋਲੇ ਨਾਲ, ਜਿਸ ਕਿਸੇ ਦਾ ਵੀ ਨੁਕਸਾਨ ਹੋਇਆ ਹੈ, ਉਸ ਨੂੰ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗਿਰਦਾਵਰੀ ਦੀ ਰਿਪੋਰਟ ਅਨੁਸਾਰ ਮਦਦ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਮੁਆਵਜ਼ਾ ਵੰਡ ਦਾ ਕੰਮ ਪੂਰੀ ਪਾਰਦਰਸ਼ਤਾ ਨਾਲ ਹੋਵੇਗਾ ਤੇ ਕੋਈ ਵੀ ਪੀੜਤ ਮਦਦ ਤੋਂ ਵਾਂਝਾ ਨਹੀਂ ਰਹੇਗਾ। ਉਨ੍ਹਾ ਦੱਸਿਆ ਕਿ ਪਿੰਡ ਵਿੱਚ ਪੀੜਤਾਂ ਲਈ ਟੈਂਟ ਲਗਾ ਦਿੱਤੇ ਗਏ ਹਨ ਤੇ ਜਿਨ੍ਹਾਂ ਦੇ ਘਰ ਡਿੱਗੇ ਹਨ, ਉਨ੍ਹਾਂ ਦੀ ਜਲਦ ਉਸਾਰੀ ਵੀ ਮਗਨਰੇਗਾ ਤਹਿਤ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ: ਸੇਨੂੰ ਦੁੱਗਲ ਨੇ ਦੱਸਿਆ ਕਿ ਪਿੰਡ ਵਿੱਚ ਗਿਰਦਾਵਰੀ ਦਾ ਕੰਮ ਆਖਰੀ ਪੜਾਅ 'ਤੇ ਹੈ ਤੇ ਮਕਾਨਾਂ ਦੇ ਹੋਏ ਨੁਕਸਾਨ ਦੇ ਸਰਵੇ ਦਾ ਕੰਮ ਹੋ ਗਿਆ ਹੈ ਅਤੇ ਪਿੰਡ ਵਿੱਚ 58 ਮਕਾਨਾਂ ਨੂੰ ਘੱਟ ਜਾਂ ਵੱਧ ਨੁਕਸਾਨ ਹੋਇਆ ਹੈ, ਜਦਕਿ ਕਣਕ ਤੇ ਕਿੰਨੂ ਦੇ ਬਾਗਾਂ ਸਮੇਤ ਫਸਲਾਂ ਨੂੰ ਹੋਏ ਨੁਕਸਾਨ ਦੀ ਰਿਪੋਰਟ ਵੀ ਭਲਕੇ ਸਵੇਰ ਤੱਕ ਤਿਆਰ ਹੋ ਜਾਵੇਗੀ। ਉਨ੍ਹਾ ਕਿਹਾ ਕਿ ਇਸ ਤੋਂ ਬਾਅਦ ਨੁਕਸਾਨ ਪ੍ਰਭਾਵਿਤਾਂ ਦੀਆਂ ਸੂਚੀਆਂ ਪਿੰਡ ਵਿੱਚ ਸਾਂਝੀ ਥਾਂ 'ਤੇ ਲਗਾਈਆਂ ਜਾਣਗੀਆਂ ਤਾਂ ਜੋ ਪਿੰਡ ਵਾਸੀ ਇਸ ਦੀ ਪਾਰਦਰਸ਼ੀ ਤਰੀਕੇ ਨਾਲ ਜਾਂਚ ਕਰ ਸਕਣ ਤੇ ਇਸ ਤੋਂ ਬਾਅਦ ਮੁਆਵਜ਼ੇ ਲਈ ਰਿਪੋਰਟ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ। ਉਨ੍ਹਾ ਪਿੰਡ ਵਾਸੀਆਂ ਨੂੰ ਰਾਸ਼ਨ ਦੇਣ ਦੇ ਹੁਕਮ ਵੀ ਸਬੰਧਤ ਵਿਭਾਗ ਨੂੰ ਦਿੱਤੇ। ਇਸ ਤੋਂ ਬਿਨਾਂ ਉਨ੍ਹਾ ਨੇ ਵਿਧਾਇਕ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਦੇ ਨਾਲ ਜਾ ਕੇ ਪਿੰਡ ਦੇ ਸਾਰੇ ਪ੍ਰਭਾਵਿਤ ਘਰਾਂ ਦਾ ਜਾਇਜ਼ਾ ਲਿਆ ਤੇ ਪੀੜਤਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ।

ਇਸ ਮੌਕੇ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਵੱਲੋਂ ਕੀਤੇ ਇੰਤਜ਼ਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੋ ਰਿਹਾ ਹੈ ਕਿ ਜਿਨ੍ਹਾਂ ਦੇ ਨੁਕਸਾਨ ਹੋਏ ਹਨ ਉਨ੍ਹਾਂ ਦੀ ਗਿਰਦਾਵਰੀ ਦਾ ਕਾਰਜ ਸਿਰਫ ਦੋ ਦਿਨ ਵਿੱਚ ਹੋ ਰਿਹਾ ਹੈ ਤੇ ਪ੍ਰਭਾਵਿਤ ਲੋਕਾਂ ਦੀਆਂ ਸੂਚੀਆਂ ਜਨਤਕ ਕਰਕੇ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਤਰਾਜ਼ ਮੰਗੇ ਹਨ। ਦੂਜੇ ਪਾਸੇ ਪਿੰਡ ਵਿੱਚ ਬਿਜਲੀ ਮਹਿਕਮਾ ਵੀ ਬਿਜਲੀ ਸਪਲਾਈ ਦਰੁਸਤ ਕਰਨ ਲਈ ਤਨਦੇਹੀ ਨਾਲ ਕੰਮ ਕਰ ਰਿਹਾ ਹੈ। ਪਿੰਡ ਦੇ ਸਰਪੰਚ ਹਰਜਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਪ੍ਰਭਾਵਿਤਾਂ ਨੂੰ ਟੈਂਟ ਦੇਣ ਦੇ ਨਾਲ ਨਾਲ ਮੰਜੇ ਆਦਿ ਵੀ ਦਿੱਤੇ ਜਾ ਰਹੇ ਹਨ ਤੇ ਹੋਰ ਸਾਰੇ ਇੰਤਜ਼ਾਮ ਵੀ ਪ੍ਰਸ਼ਾਸਨ ਨੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਮਗਨਰੇਗਾ ਕਰਮੀਆਂ ਦੇ ਸਹਿਯੋਗ ਨਾਲ ਜਿਨ੍ਹਾਂ ਦੇ ਮਕਾਨ ਡਿੱਗੇ ਹਨ, ਉਨ੍ਹਾਂ ਦੇ ਮਕਾਨ ਬਣਾਉਣ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਦੇ ਆਦੇਸ਼ਾਂ ਅਨੁਸਾਰ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਪਿੰਡ ਵਿੱਚ ਗੁਰਦੁਆਰਾ ਸ੍ਰੀ ਬੱਡ ਤੀਰਥ ਸਾਹਿਬ ਹਰੀ ਪੁਰਾ ਵੱਲੋਂ ਗੁਰੂ ਕਾ ਲੰਗਰ ਵੀ ਲਗਾਇਆ ਗਿਆ ਹੈ। ਐੱਸ ਡੀ ਐੱਮ ਸ੍ਰੀ ਨਿਕਾਸ ਖੀਂਚੜ ਖੁਦ ਗਿਰਦਾਵਰੀ ਤੇ ਹੋਰ ਰਾਹਤ ਕਾਰਜਾਂ ਦੀ ਪਿੰਡ 'ਚ ਨਿਗਰਾਨੀ ਕਰ ਰਹੇ ਹਨ।

ਇਸ ਮੌਕੇ ਤਹਿਸੀਲਦਾਰ ਸੁਖਦੇਵ ਸਿੰਘ, ਮੁੱਖ ਖੇਤੀਬਾੜੀ ਅਫਸਰ ਸਰਵਨ ਸਿੰਘ, ਖੇਤੀਬਾੜੀ ਬਲਾਕ ਅਫਸਰ ਬਲਦੇਵ ਸਿੰਘ, ਬਾਗਬਾਨੀ ਵਿਕਾਸ ਅਫਸਰ ਪਵਨ ਕੰਬੋਜ ਆਦਿ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਕੁਦਰਤ ਨੇ ਕਿਸਾਨਾਂ ਦੇ ਨਾਲ ਮਜ਼ਦੂਰਾਂ 'ਤੇ ਵੀ ਵਰਤਾਇਆ ਕਹਿਰ : ਸੰਦੀਪ ਲੂੰਬਾ

**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ 'ਚ ਪਿਛਲੇ ਦਿਨੀਂ ਕੁਦਰਤ ਨੇ ਮੋਟੀ ਗੜ੍ਹੇਮਾਰੀ ਤੇ ਭਾਰੀ ਬਾਰਸ਼ ਨੇ ਕੀਤੀ ਫਸਲਾਂ ਦੀ ਭਾਰੀ ਤਬਾਹੀ। ਹੋਈ ਬੇਮੌਸਮੀ ਬਾਰਸ਼ ਤੇ ਗੜ੍ਹੇਮਾਰੀ ਨੇ ਖੜ੍ਹੀ ਕਣਕ ਪੂਰੀ ਤਰ੍ਹਾਂ ਨੁਕਸਾਨ ਦਿੱਤੀ ਹੈ, ਜਿਸ ਕਾਰਨ ਜਿੱਥੇ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਇਆ, ਉਥੇ ਖੇਤ ਮਜ਼ਦੂਰਾਂ ਦੀ ਮਜ਼ਦੂਰੀ ਦਾ ਵੀ ਡਾਢਾ ਨੁਕਸਾਨ ਹੋਇਆ, ਜਿਸ ਕਰਕੇ ਖੇਤ ਮਜ਼ਦੂਰਾਂ ਤੇ ਮੰਡੀ ਮਜ਼ਦੂਰਾਂ 'ਚ ਨਿਰਾਸਤਾ ਦਾ ਆਲਮ ਪਸਰ ਗਿਆ ਹੈ। ਫਰੀਦਕੋਟ ਮੋਗਾ ਮਲੋਟ ਅਬੋਹਰ ਮੁਕਤਸਰ ਤੇ ਬਠਿੰਡਾ ਵਿੱਚ ਫਸਲਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਉਕਤ ਸ਼ਬਦ ਜੈਤੋ ਸਹਾਰਾ ਕਲੱਬ ਦੇ ਪ੍ਰਧਾਨ ਸੰਦੀਪ ਲੂੰਬਾ ਤੇ ਉਨ੍ਹਾਂ ਦੇ ਸਾਥੀਆਂ ਨੇ ਅੱਜ ਜੈਤੋ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪੁੱਤਾਂ ਵਾਂਗ ਪਾਲੀ ਹੋਈ ਕਣਕ ਦੀ ਫਸਲ ਨੂੰ ਬੇਮੌਸਮੀ ਬਾਰਸ਼ ਨੇ ਰੋਲ ਕੇ ਰੱਖ ਦਿੱਤਾ ਹੈ, ਜਿਸ ਨਾਲ ਝਾੜ ਘੱਟ ਨਿਕਲਣ ਦੀ ਸੰਭਾਵਨਾ ਬਣ ਗਈ ਹੈ ਤੇ ਕਿਤੇ ਕਿਤੇ ਫ਼ਸਲ ਪੂਰੀ ਤਰ੍ਹਾਂ ਨਾਲ ਤਬਾਹ ਹੋ ਗਈ ਹੈ, ਜਿਸ ਨਾਲ ਕਿਸਾਨ ਵਰਗ ਦੇ ਨਾਲ ਨਾਲ ਖੇਤ ਮਜ਼ਦੂਰ, ਮੰਡੀ ਮਜ਼ਦੂਰ ਵੀ ਬੇਰੁਜ਼ਗਾਰੀ ਦੇ ਡਰੋਂ ਸਹਿਮ ਦੇ ਮਾਹੌਲ ਵਿੱਚ ਹਨ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਬਿਨਾਂ ਕਿਸੇ ਭੇਦਭਾਵ ਤੇ ਰਾਜਨੀਤੀ ਤੋਂ ਉਪਰ ਉੱਠ ਕੇ ਕਿਸਾਨਾਂ ਦੇ ਨਾਲ ਨਾਲ ਖੇਤ ਮਜ਼ਦੂਰਾਂ ਤੇ ਮੰਡੀ ਮਜ਼ਦੂਰਾਂ ਦਾ ਵੀ ਹੱਥ ਫੜੇ ਤੇ ਇਨ੍ਹਾਂ ਨੂੰ ਬਣਦਾ ਮੁਆਵਜ਼ਾ ਜਲਦ ਤੋਂ ਜਲਦ ਦੇਵੇ, ਜਿਸ ਨਾਲ ਸਾਡਾ ਅੰਨਦਾਤਾ ਤੇ ਮਜ਼ਦੂਰ ਵਰਗ ਖੁਸ਼ਹਾਲੀ ਨਾਲ ਰੋਟੀ ਖਾ ਸਕੇ। ਇਸ ਪ੍ਰਤੀ ਸੰਦੀਪ ਲੂੰਬਾ ਦੀ ਕੁਝ ਕਿਸਾਨ ਜਥੇਬੰਦੀਆਂ ਨਾਲ ਵੀ ਗੱਲਬਾਤ ਚੱਲ ਰਹੀ ਹੈ, ਜੇਕਰ ਕੋਈ ਸੁੱਖ ਸਹੂਲਤ ਸਰਕਾਰ ਵੱਲੋਂ ਇਨ੍ਹਾਂ ਗਰੀਬ ਮਜ਼ਦੂਰਾਂ ਨੂੰ ਤੇ ਨੁਕਸਾਨ ਹੋਈ ਫਸਲ ਦੇ ਕਿਸਾਨ ਮਾਲਕਾਂ ਨੂੰ ਜਲਦੀ ਜਾਰੀ ਨਹੀਂ ਹੁੰਦੀ ਤਾਂ ਮਜਬੂਰਨ ਸਾਨੂੰ ਸਰਕਾਰ ਖਿਲਾਫ ਮੋਰਚਾ ਲਾਉਣ ਲਈ ਮਜਬੂਰ ਹੋਣਾ ਪਵੇਗਾ।

28-MAR-PAGE-7.qxd 3/27/2023 10:13 PM Page 1



# ਵਿਧਾਇਕ ਸਵਨਾ ਨੇ ਇੱਕ ਮਹੀਨੇ ਦੀ ਤਨਖਾਹ ਬਕੈਣ ਵਾਲਾ ਦੇ ਤੂਫਾਨ ਪੀੜਤਾਂ ਦੀ ਮਦਦ ਲਈ ਦਿੱਤੀ

## ਡੀ ਸੀ ਨੇ ਵੀ 25 ਹਜ਼ਾਰ ਦੀ ਮਦਦ ਦਿੱਤੀ



**ਫਾਜ਼ਿਲਕਾ (ਨਿਸ਼ਾ ਸ਼ਰਮਾ, ਕ੍ਰਿਸ਼ਨ ਸਿੰਘ)**-ਫਾਜ਼ਿਲਕਾ ਦੇ ਪਿੰਡ ਬਕੈਣ ਵਾਲਾ ਵਿੱਚ ਆਏ ਵਾ-ਵਰੋਲੇ ਤੋਂ ਬਾਅਦ ਨਿਵੇਕਲੀ ਪਹਿਲ ਕਰਦਿਆਂ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਆਪਣੀ ਇੱਕ ਮਹੀਨੇ ਦੀ ਤਨਖਾਹ ਦਾ ਚੈੱਕ ਪਿੰਡ ਦੇ ਸਰਪੰਚ ਹਰਿੰਦਰ ਸਿੰਘ ਨੂੰ ਭੇਟ ਕੀਤਾ ਤੇ ਕਿਹਾ ਕਿ ਪੰਚਾਇਤ ਇਸ ਰਕਮ ਦੀ ਵਰਤੋਂ ਪਿੰਡ ਦੇ ਲੋਕਾਂ ਨੂੰ ਰਾਹਤ ਦੇਣ ਲਈ ਜਿਵੇਂ ਚਾਹੇ ਕਰ ਸਕਦੀ ਹੈ। ਉਨ੍ਹਾ 83000 ਰੁਪਏ ਦਾ ਚੈੱਕ ਪੰਚਾਇਤ ਨੂੰ ਸੌਂਪਿਆ ਤੇ ਕਿਹਾ ਕਿ ਸਰਕਾਰ ਦੇ ਪੱਧਰ 'ਤੇ ਜੋ ਕੁਝ ਕੀਤਾ ਜਾ ਰਿਹਾ ਹੈ, ਉਹ ਤਾਂ ਕੀਤਾ ਹੀ ਜਾ ਰਿਹਾ ਹੈ, ਪਰ ਉਹ ਆਪਣੀ ਇੱਕ ਮਹੀਨੇ ਦੀ ਤਨਖਾਹ ਵੀ ਪਿੰਡ ਵਾਸੀਆਂ ਨੂੰ ਦੇ ਰਹੇ ਹਨ। ਉਨ੍ਹਾ ਕਿਹਾ ਕਿ ਇਹ ਵੱਡੀ ਕੁਦਰਤੀ ਆਫਤ ਹੈ ਤੇ ਇਸ ਵਿੱਚ ਸਭ ਨੂੰ ਮਿਲ- ਜੁਲ ਕੇ ਇਸ ਦਾ ਟਾਕਰਾ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸਾਰੇ ਲੋਕ ਸਹਿਯੋਗ ਕਰਨਗੇ ਤਾਂ ਭਾਈਚਾਰਕ ਸਹਿਯੋਗ ਨਾਲ ਅਸੀਂ ਪੀੜਤਾਂ ਦਾ ਦਰਦ ਕੁਝ ਘੱਟ ਕਰਨ ਵਿੱਚ ਸਹਾਈ ਸਿੱਧ ਹੋ ਸਕਦੇ ਹਾਂ। ਇਸ ਮੌਕੇ ਡਿਪਟੀ ਕਮਿਸ਼ਨਰ ਡਾ: ਸੇਨੂੰ ਦੁੱਗਲ ਨੇ ਵੀ ਆਪਣੀ ਤਨਖਾਹ ਵਿੱਚੋਂ 25 ਹਜ਼ਾਰ ਰੁਪਏ ਦੀ ਮਦਦ ਪਿੰਡ ਦੇ ਤੂਫਾਨ ਪੀੜਤਾਂ ਲਈ ਕਰਨ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਪ੍ਰਸ਼ਾਸਨਕ ਪੱਧਰ 'ਤੇ ਵੀ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਹੀ ਉਹ ਖੁਦ ਵੀ ਆਪਣੀ ਤਰਫੋਂ ਪਿੰਡ ਵਾਸੀਆਂ ਦੀ ਮਦਦ ਕਰ ਰਹੇ ਹਨ।

ਇਸੇ ਤਰਾਂ ਪਹਿਲੇ ਦਿਨ ਤੋਂ ਪਿੰਡ ਵਿੱਚ ਰਹਿ ਕੇ ਰਾਹਤ ਕਾਰਜਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰ ਰਹੇ ਤਹਿਸੀਲਦਾਰ ਸੁਖਦੇਵ ਸਿੰਘ ਨੇ ਵੀ ਪਿੰਡ ਵਿੱਚ ਰਾਹਤ ਕਾਰਜਾਂ ਲਈ 50 ਹਜ਼ਾਰ ਰੁਪਏ ਦੀ ਮਦਦ ਦਾ ਐਲਾਨ ਕੀਤਾ ਹੈ। ਇਸ ਦੌਰਾਨ ਮੌਕੇ 'ਤੇ ਕੁਝ ਹੋਰ ਦਾਨਵੀਰ ਸੱਜਣਾਂ ਨੇ ਵੀ ਪਿੰਡ ਦੇ ਪੀੜਤਾਂ ਲਈ ਆਰਥਿਕ ਮਦਦ ਦਾ ਐਲਾਨ ਕੀਤਾ। ਪਿੰਡ ਵਾਸੀਆਂ ਨੇ ਇਸ ਮਦਦ ਲਈ ਦਾਨਵੀਰਾਂ ਦਾ ਧੰਨਵਾਦ ਕੀਤਾ।

# ਭਗਤ ਸਿੰਘ ਤੇ ਸਾਥੀਆਂ ਦੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ



**ਕੋਟਕਪੂਰਾ (ਰਛਪਾਲ ਭੁੱਲਰ)**

ਪੀ.ਬੀ.ਜੀ. ਵੈੱਲਫੇਅਰ ਕਲੱਬ ਵੱਲੋਂ ਖ਼ੂਨਦਾਨ ਦੇ ਖੇਤਰ ਵਿੱਚ ਵੱਡਮੁੱਲੀਆਂ ਸੇਵਾਵਾਂ ਨਿਭਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਅੱਜ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਨੂੰ ਸਮਰਪਤ ਲਾਏ ਗਏ ਸਵੈਇੱਛਕ ਖ਼ੂਨਦਾਨ ਕੈਂਪ ਦੌਰਾਨ 170 ਯੂਨਿਟ ਖ਼ੂਨ ਇਕੱਤਰ ਹੋਇਆ। ਕਲੱਬ ਦੇ ਪ੍ਰਧਾਨ ਰਾਜੀਵ ਮਲਿਕ ਤੇ ਚੇਅਰਮੈਨ ਬਲਜੀਤ ਸਿੰਘ ਖੀਵਾ ਦੀ ਅਗਵਾਈ ਵਿੱਚ ਲਾਏ ਗਏ ਉਕਤ ਖ਼ੂਨਦਾਨ ਕੈਂਪ ਦੌਰਾਨ ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਦੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਵੀ 51ਵੀਂ ਵਾਰ ਖ਼ੂਨ ਦਾਨ ਕੀਤਾ। ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਪੀ.ਬੀ.ਜੀ. ਵੈੱਲਫੇਅਰ ਕਲੱਬ ਵੱਲੋਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਯਾਦ ਨੂੰ ਸਮਰਪਤ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਕੋਟਕਪੂਰਾ ਤੇ ਆਸ਼ੀਰਵਾਦ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਗੁਰਦਵਾਰਾ ਸਾਹਿਬ ਠੱਠੀ ਭਾਈ ਵਿਖੇ ਅਰਥਾਤ ਦੋ ਥਾਵਾਂ 'ਤੇ ਇੱਕੋ ਸਮੇਂ ਖ਼ੂਨਦਾਨ ਕੈਂਪ ਲਾਏ ਗਏ। ਉਦੇ ਰੰਦੇਵ, ਗੌਰਵ ਗਲਹੋਤਰਾ, ਰਵੀ ਅਰੋੜਾ, ਜਸਬੀਰ ਸਿੰਘ ਜਸ਼ਨ, ਮਨਜੀਤ ਨੰਗਲ ਤੇ ਮੰਜੂ ਬਾਲਾ ਨੇ ਦੱਸਿਆ ਕਿ ਕੋਟਕਪੂਰਾ ਵਿਖੇ 100 ਯੂਨਿਟ, ਜਦਕਿ ਠੱਠੀ ਭਾਈ ਵਿਖੇ 70 ਯੂਨਿਟ ਇਕੱਤਰ ਹੋਇਆ, ਜੋ ਵੱਖ-ਵੱਖ ਬਲੱਡ ਬੈਂਕਾਂ ਵਿੱਚ ਜਮ੍ਹਾਂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਖ਼ੂਨਦਾਨੀਆਂ ਲਈ ਦੁੱਧ, ਕੇਲੇ, ਬਿਸਕੁਟ ਆਦਿਕ ਰਿਫਰੈਸ਼ਮੈਂਟ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਰਜਿੰਦਰ ਸਿੰਘ ਸਰਾਂ, ਗੁਰਦੀਪ ਸਿੰਘ ਮੈਨੇਜਰ, ਸੁਰਜੀਤ ਸਿੰਘ ਘੁਲਿਆਣੀ, ਅਮਨਦੀਪ ਸਿੰਘ ਘੋਲੀਆ, ਤੇਜ ਸਿੰਘ ਢਾਬ, ਜਗਤਾਰ ਸਿੰਘ ਕਲੇਰ, ਪਵਨ ਕੁਮਾਰ, ਜਤਿੰਦਰ ਸਿੰਘ ਤੇ ਵੀ.ਪੀ. ਸਿੰਘ ਆਦਿ ਹਾਜ਼ਰ ਸਨ।

# ਰਾਹੁਲ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਕਰਨ ਦੇ ਫੈਸਲੇ ਵਿਰੁੱਧ ਕਾਂਗਰਸ ਵੱਲੋਂ ਸੱਤਿਆਗ੍ਰਹਿ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**- ਜ਼ਿਲ੍ਹਾ ਕਾਂਗਰਸ ਕਮੇਟੀ ਫਾਜ਼ਿਲਕਾ ਵੱਲੋਂ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੀ ਅਗਵਾਈ ਹੇਠ ਜ਼ਿਲ੍ਹਾ ਕਾਂਗਰਸ ਦੇ ਮੁੱਖ ਦਫਤਰ ਵਿਖੇ ਸੱਤਿਆ ਗ੍ਰਹਿ ਅੰਦੋਲਨ ਕੀਤਾ ਗਿਆ, ਜਿਸ ਵਿੱਚ ਕਾਂਗਰਸ ਦੇ ਕੌਮੀ ਨੇਤਾ ਸ੍ਰੀ ਰਾਹੁਲ ਗਾਂਧੀ ਦੀ ਕੇਂਦਰ ਦੀ ਭਾਜਪਾ ਮੋਦੀ ਸਰਕਾਰ ਵੱਲੋਂ ਲੋਕ ਸਭਾ ਮੈਂਬਰਸ਼ਿਪ ਰੱਦ ਕਰਨ ਦੇ ਫੈਸਲੇ ਨੂੰ ਬੇਇਨਸਾਫੀ ਤੇ ਗੈਰ-ਜਮਹੂਰੀ ਕਰਾਰ ਦਿੰਦਿਆਂ ਜਿੱਥੇ ਇਸ ਦਾ ਸਖਤ ਵਿਰੋਧ ਕੀਤਾ, ਉੱਥੇ ਹੀ ਕੇਂਦਰ ਸਰਕਾਰ ਤੋਂ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਅਤੇ ਸਮੂਹ ਪਾਰਟੀ ਆਗੂਆਂ ਨੇ ਮੋਦੀ ਸਰਕਾਰ ਦੀ ਇਸ ਗੈਰ-ਜਮਹੂਰੀ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਤੋਂ ਮੋਦੀ ਸਰਕਾਰ ਡਰੀ ਹੋਈ ਹੈ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਦੀ ਮੈਂਬਰਸ਼ਿਪ ਰੱਦ ਕਰਨਾ ਅਣਐਲਾਨੇ ਐਮਰਜੈਂਸੀ ਵਰਗਾ ਕਦਮ ਹੈ। ਇਸ ਦੌਰਾਨ ਰਾਹੁਲ ਗਾਂਧੀ ਦੇ ਹੱਕ 'ਚ ਤੇ ਮੋਦੀ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ।

ਇਸ ਅੰਦੋਲਨ ਵਿੱਚ ਸਾਬਕਾ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ, ਮੋਹਨ ਸਿੰਘ ਫਲੀਆਂਵਾਲਾ ਤੋਂ ਇਲਾਵਾ ਓਬੀਸੀ ਸੈੱਲ ਦੇ ਸੂਬਾ ਚੇਅਰਮੈਨ ਰਾਜ ਬਖਸ਼ ਕੰਬੋਜ, ਯੂਥ ਕਾਂਗਰਸ ਦੇ ਸੂਬਾ ਸਕੱਤਰ ਰਜਤ ਖੁੰਗਰ, ਨਗਰ ਕੌਂਸਲ ਫਾਜ਼ਿਲਕਾ ਦੇ ਪ੍ਰਧਾਨ ਐਡਵੋਕੇਟ ਸੁਰਿੰਦਰ ਸਚਦੇਵਾ, ਪੀਏਡੀਬੀ ਦੇ ਚੇਅਰਮੈਨ ਗੁਰਜੀਤ ਸਿੰਘ ਗਿੱਲ, ਸਾਬਕਾ ਚੇਅਰਮੈਨ ਪਰਮਜੀਤ ਸਿੰਘ ਤੇ ਹੋਰ ਸ਼ਾਮਲ ਸਨ।

## ਕਾਤਰਾਂ

### ਜੈਨੇਸਿਸ ਡੈਂਟਲ ਕਾਲਜ ਤੇ ਨਰਸਿੰਗ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਮੋਗਾ ਰੋਡ 'ਤੇ ਸਥਿਤ ਜੈਨੇਸਿਸ ਡੈਂਟਲ ਕਾਲਜ ਜੈਨੇਸਿਸ ਕਾਲਜ ਆਫ ਨਰਸਿੰਗ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਮੌਕੇ ਹਵਨ ਕੀਤਾ ਗਿਆ। ਪੰਡਿਤ ਨੇ ਸਨਾਤਨ ਧਰਮ ਦਾ ਜਾਪ ਕਰਕੇ ਕਾਲਜ ਦੇ ਚੇਅਰਮੈਨ ਸੀ ਏ ਵਰਿੰਦਰ ਮੋਹਨ ਸਿੰਗਲਾ, ਜੁਆਇੰਟ ਚੇਅਰਮੈਨ ਗਗਨਦੀਪ ਸਿੰਗਲਾ, ਮੀਨਾਕਸ਼ੀ ਸਿੰਗਲਾ, ਪ੍ਰਿੰਸੀਪਲ ਪਰਸ਼ੋਤਮ ਜਸੂਜਾ, ਮੇਜਰ ਬੀ ਐੱਸ ਰੰਧਾਵਾ, ਸੀ ਏ ਸ਼ਿਵਾਨੀ ਖੰਨਾ, ਨਰਸਿੰਗ ਕਾਲਜ ਦੀ ਪ੍ਰਿੰਸੀਪਲ ਰਵਿੰਦਰ ਕੌਰ, ਸ਼ਿਵਾਨੀ ਸ਼ਰਮਾ, ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਕੀਤਾ।ਕਾਲਜ ਦੇ ਚੇਅਰਮੈਨ ਸੀ ਏ ਵਰਿੰਦਰ ਮੋਹਨ ਸਿੰਗਲਾ ਨੇ ਦੱਸਿਆ ਕਿ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਲਈ ਹਵਨ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਸਾਡੇ ਧਰਮ ਗ੍ਰੰਥਾਂ ਵਿੱਚ ਵੀ ਵਾਤਾਵਰਨ ਦੀ ਸ਼ੁੱਧਤਾ ਲਈ ਹਵਨ ਨੂੰ ਸਹੀ ਮੰਨਿਆ ਗਿਆ ਹੈ।

### ਉਦਯੋਗਪਤੀ ਅਸ਼ੋਕ ਬਾਂਸਲ ਨੂੰ ਸਦਮਾ, ਮਾਤਾ ਦਾ ਦਿਹਾਂਤ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਤੇ ਉੱਘੇ ਉਦਯੋਗਪਤੀ ਅਸ਼ੋਕ ਬਾਂਸਲ ਤੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸ਼੍ਰੀਮਤੀ ਮੂਰਤੀ ਦੇਵੀ ਜੀ (ਧਰਮਪਤਨੀ ਸਵ. ਮੁੰਨਾ ਲਾਲ) ਦਾ ਦਿਹਾਂਤ ਹੋ ਗਿਆ। ਉਨ੍ਹਾ ਦਾ ਅੰਤਿਮ ਸੰਸਕਾਰ ਬੂਹੀ ਰੋਡ ਸਵਰਗਧਾਮ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮੇਸ਼ ਸਿੰਗਲਾ, ਸਾਬਕਾ ਡੀ. ਆਈ. ਜੀ. ਗੁਰਪ੍ਰੀਤ ਸਿੰਘ ਗਿੱਲ, ਹਰੀ ਸਿੰਘ ਐੱਮ ਡੀ ਪ੍ਰੀਤ ਗਰੁੱਪ, ਡੀ.ਐੱਸ.ਪੀ ਗੁਰਿੰਦਰ ਸਿੰਘ ਬੱਲ, ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ, ਆਮ ਆਦਮੀ ਪਾਰਟੀ ਸ਼ਹਿਰੀ ਬਲਾਕ ਪ੍ਰਧਾਨ ਅਸ਼ੋਕ ਅਰੋੜਾ, ਜ਼ਿਲ੍ਹਾ ਵਪਾਰ ਮੰਡਲ ਪ੍ਰਧਾਨ ਅਜੇ ਜਿੰਦਲ, ਸੀਨੀਅਰ ਕੌਂਸਲਰ ਅਸ਼ੋਕ ਬਿੱਟੂ, ਸਾਬਕਾ ਨਗਰ ਕੌਂਸਲ ਪ੍ਰਧਾਨ ਰਜਨੀਸ਼ ਮਿੱਤਲ ਸ਼ੈਟੀ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਹਿਰ ਦੇ ਪਤਵੰਤੇ ਸੱਜਣ, ਧਾਰਮਿਕ, ਸਮਾਜਿਕ, ਸਿਆਸੀ ਆਗੂ, ਰਾਈਸ ਮਿੱਲਰਜ਼ ਐਸੋਸੀਏਸ਼ਨ, ਪੱਤਰਕਾਰ ਭਾਈਚਾਰੇ ਦੇ ਨੁਮਾਇੰਦੇ ਮੌਜੂਦ ਸਨ।

### ਚਿੱਪ ਵਾਲੇ ਮੀਟਰਾਂ ਖਿਲਾਫ਼ ਦਿੱਤਾ ਮੰਗ ਪੱਤਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਲੋਂ ਸਥਾਨਕ ਪਾਵਰਕਾਮ ਦੇ ਮੰਡਲ ਦਫ਼ਤਰ ਵਿਖੇ ਪਾਵਰਕਾਮ ਦੇ ਐਕਸੀਅਨ ਦੇ ਨਾਮ ਇੱਕ ਮੰਗ ਪੱਤਰ ਸੌਂਪਦਿਆਂ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਦਿਆਂ ਚਿੱਪ ਵਾਲੇ ਮੀਟਰ ਨਾ ਲਗਾਉਣ ਦੀ ਮੰਗ ਕੀਤੀ ਗਈ। ਦਿੱਤੇ ਗਏ ਮੰਗ ਪੱਤਰ ਮੁਤਾਬਿਕ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕਰ ਪਾਵਰਕਾਮ ਨੇ ਪਿੰਡਾਂ ਵਿੱਚ ਇਹ ਮੀਟਰ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਜਥੇਬੰਦੀ ਇਸ ਦਾ ਵਿਰੋਧ ਕਰੇਗੀ। ਇਸ ਮੌਕੇ ਜਰਨੈਲ ਸਿੰਘ ਜਹਾਂਗੀਰ, ਸੁਖਦੇਵ ਸਿੰਘ, ਅਮਰੀਕ ਸਿੰਘ ਕਾਂਝਲਾ, ਸੁਖਵੰਤ ਸਿੰਘ ਭਸੌੜ, ਰਛਪਾਲ ਸਿੰਘ ਦੋਹਲਾ, ਬਲਵਿੰਦਰ ਸਿੰਘ ਜਖਲਾਂ, ਸੁਖਪਾਲ ਸਿੰਘ ਕਾਂਝਲਾ, ਨਿਰਮਲ ਸਿੰਘ ਘਨੌਰ, ਵਰਿੰਦਰਪਾਲ ਸਿੰਘ ਬਰੜਵਾਲ, ਰਣਜੀਤ ਸਿੰਘ ਹਰਚੰਦਪੁਰ, ਪਰਗਟ ਸਿੰਘ ਰਾਜੋਮਾਜਰਾ ਨੇ ਵੀ ਸੰਬੋਧਨ ਕੀਤਾ।

# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬ ਵਿੱਚ ਪਿਛਲੇ ਦਿਨਾਂ ਵਿੱਚ ਪਏ ਭਾਰੀ ਮੀਂਹ ਤੇ ਝੱਖੜ ਨਾਲ ਖੇਤੀ ਦੇ ਹੋਏ ਭਾਰੀ ਨੁਕਸਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਕੁੱਲ ਹਿੰਦ ਕਿਸਾਨ ਸਭਾ ਦੀ ਸੂਬਾ ਕਾਰਜਕਾਰਨੀ ਦੀ ਐਮਰਜੈਂਸੀ ਜ਼ੂਮ ਮੀਟਿੰਗ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਜਰਨਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਤੋਂ ਇਲਾਵਾ ਲਖਵੀਰ ਸਿੰਘ ਨਿਜਾਮਪੁਰ, ਸੂਰਤ ਸਿੰਘ ਧਰਮਕੋਟ, ਕੁਲਵੰਤ ਸਿੰਘ ਮੌਲਵੀਵਾਲਾ, ਹਰਦੇਵ ਸਿੰਘ ਬਖਸ਼ੀਵਾਲਾ, ਗੁਲਜਾਰ ਸਿੰਘ ਗੁਰਦਾਸਪੁਰ, ਕਸ਼ਮੀਰ ਸਿੰਘ ਫਿਰੋਜ਼ਪੁਰ, ਸੁਰਿੰਦਰ ਸਿੰਘ ਦੰਡੀਆਂ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਸ਼ਾਮਲ ਸਾਥੀਆਂ ਵੱਲੋਂ ਇਸ ਗੱਲ 'ਤੇ ਦੁੱਖ ਜ਼ਾਹਰ ਕੀਤਾ ਗਿਆ ਕਿ ਬੇਮੌਸਮੀ ਬਾਰਸ਼ ਤੇ ਗੜੇਮਾਰੀ ਨਾਲ ਪੰਜਾਬ ਤੇ ਦੇਸ਼ ਦੇ ਕਈ ਰਾਜਾਂ ਵਿੱਚ ਕਣਕ, ਸਰ੍ਹੋਂ, ਚਾਰਾ, ਸਬਜ਼ੀਆਂ ਤੇ ਨਵੀਂ ਬਿਜਾਈ ਕੀਤੀ ਗਈ ਮੂੰਗੀ ਤੇ ਮੱਕੀ ਆਦਿ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਮੀਤ ਪ੍ਰਧਾਨ ਲਖਵੀਰ ਸਿੰਘ ਨਿਜਾਮਪੁਰਾ ਨੇ ਦੱਸਿਆ ਕਿ ਜਥੇਬੰਦੀ ਮੰਗ ਕਰਦੀ ਹੈ ਕਿ ਜੋ ਫਸਲਾਂ ਦੀ ਗਿਰਦਾਵਰੀ ਦੇ ਹੁਕਮ ਮੁੱਖ ਮੰਤਰੀ ਵੱਲੋਂ ਬੀਤੇ ਦਿਨੀਂ ਦਿੱਤੇ ਗਏ ਹਨ, ਨੂੰ ਜਲਦੀ ਸ਼ੁਰੂ ਕੀਤਾ ਜਾਵੇ। ਫਸਲਾਂ ਦੇ ਹੋਏ ਨੁਕਸਾਨ ਲਈ ਏਕੜ ਨੂੰ ਇਕਾਈ ਮੰਨ ਕੇ 50% ਨੁਕਸਾਨ ਲਈ ਤੀਹ ਹਜ਼ਾਰ ਤੇ 50% ਤੋਂ ਉਪਰ ਨੁਕਸਾਨ ਲਈ ਸੱਠ ਹਜ਼ਾਰ ਰੁਪੈ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ, ਝੱਖੜ 'ਚ ਢਹਿ ਗਏ ਘਰਾਂ ਤੇ ਬਾਗਾਂ ਦਾ ਉਨ੍ਹਾਂ ਦੀ ਪੂਰੀ ਕੀਮਤ ਅਨੁਸਾਰ ਮੁਆਵਜ਼ਾ ਜਾਰੀ ਕੀਤਾ ਜਾਵੇ। ਹਰ ਸਾਲ ਵਾਰ ਵਾਰ ਆਉਂਦੀਆਂ ਕੁਦਰਤੀ ਆਫ਼ਤਾਂ, ਫਸਲੀ ਮਹਾਂਮਾਰੀਆਂ, ਨਕਲੀ ਬੀਜਾਂ ਤੇ ਦਵਾਈਆਂ ਆਦਿ ਤੋਂ ਕਿਸਾਨਾਂ ਦੇ ਵਾਰ ਵਾਰ ਹੁੰਦੇ ਭਾਰੀ ਨੁਕਸਾਨ ਦੇ ਸਥਾਈ ਹੱਲ ਲਈ ਪੰਜਾਬ ਸਰਕਾਰ ਪੱਕੀ ਫਸਲੀ ਬੀਮਾ ਸਕੀਮ ਬਣਾਵੇ, ਜਿਸ ਦਾ ਪ੍ਰੀਮੀਅਮ ਖਰਚਾ ਸਰਕਾਰ ਖੁਦ ਆਪਣੇ ਸਿਰ ਲਵੇ ਤੇ ਇਸ ਬੀਮਾ ਸਕੀਮ ਨੂੰ ਪੰਜਾਬ ਸਰਕਾਰ ਦੀ ਆ ਰਹੀ ਨਵੀਂ ਖੇਤੀ ਨੀਤੀ ਵਿੱਚ ਸ਼ਾਮਲ ਕੀਤਾ ਜਾਵੇ।

# ਮਾਤਾ ਸਾਹਿਬ ਕੌਰ ਖਾਲਸਾ ਕਾਲਜ ਵਿਖੇ ਵਿਸ਼ਵ ਰੰਗਮੰਚ ਦਿਵਸ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸੁਹਿਰਦ ਪ੍ਰਬੰਧ ਤੇ ਪ੍ਰਿੰਸੀਪਲ ਡਾ. ਗੁਰਵੀਰ ਸਿੰਘ ਦੀ ਅਗਵਾਈ ਵਾਲੀ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਕਾਲਜ, ਤਲਵੰਡੀ ਭਾਈ ਵਿਖੇ ਰੈੱਡ ਰੀਬਨ ਕਲੱਬ ਅਤੇ ਐੱਨ ਐੱਸ ਐੱਸ ਯੂਨਿਟ ਤੇ ਭਾਸ਼ਾ ਮੰਚ ਵੱਲੋਂ ਵਿਸ਼ਵ ਰੰਗ ਮੰਚ ਦਿਵਸ ਨੂੰ ਸਮਰਪਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਿੰਸੀਪਲ ਨੇ ਦੱਸਿਆ ਕਿ ਵਿਸ਼ਵ ਰੰਗਮੰਚ ਦਿਵਸ ਨੂੰ ਸਮਰਪਤ ਫਿਰੋਜ਼ਪੁਰ- ਮੋਗਾ- ਤਰਨਤਾਰਨ ਜ਼ਿਲ੍ਹਿਆਂ ਦੇ ਭਾਸ਼ਾ ਵਿਭਾਗ ਵੱਲੋਂ ਸਾਂਝੇ ਯਤਨਾਂ ਸਦਕਾ ਵੱਖ-ਵੱਖ ਥਾਵਾਂ 'ਤੇ ਕਈ ਵੰਨਗੀਆਂ ਦੇ ਪ੍ਰੋਗਰਾਮ ਉਲੀਕੇ ਗਏ ਸਨ, ਜਿਸ ਦੇ ਤਹਿਤ ਸੰਸਥਾ ਵਿਖੇ ਕ੍ਰਾਂਤੀ ਕਲਾ ਮੰਚ ਮੋਗਾ ਵੱਲੋਂ ਵਹਿਣ ਦਰਿਆਵਾਂ ਦੇ ਸਿਰਲੇਖ ਹੇਠ ਨੁੱਕੜ ਨਾਟਕ ਖੇਡਿਆ ਗਿਆ।ਸੰਸਥਾ ਵਿਖੇ ਇਹ ਪ੍ਰੋਗਰਾਮ ਜ਼ਿਲ੍ਹਾ ਭਾਸ਼ਾ ਅਫਸਰ ਡਾ. ਜਗਦੀਪ ਸਿੰਘ ਸੰਧੂ ਦੇ ਯਤਨਾਂ ਸਦਕਾ ਕਰਵਾਇਆ ਗਿਆ, ਜਿਸ ਵਿੱਚ ਡਾ. ਅਜੀਤਪਾਲ ਸਿੰਘ, ਜ਼ਿਲ੍ਹਾ ਭਾਸ਼ਾ ਅਫਸਰ ਮੋਗਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।ਇਸ ਮੌਕੇ ਬਲਜੀਤ ਅਟਵਾਲ ਦੀ ਨਾਟਕ ਮੰਡਲੀ ਵੱਲੋਂ ਨਸ਼ਿਆਂ ਦੀ ਲਾਹਨਤ ਵਾਲੇ ਵਿਸ਼ੇ ਨਾਲ ਸਬੰਧਤ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਵਰਤਮਾਨ ਸਮੇਂ ਅਜਿਹੇ ਸਾਰਥਕ ਯਤਨਾਂ ਦੀ ਲੋੜ ਹੈ ਤੇ ਉਨ੍ਹਾ ਨੇ ਭਾਸ਼ਾ ਵਿਭਾਗ ਫਿਰੋਜ਼ਪੁਰ ਤੇ ਭਾਸ਼ਾ ਵਿਭਾਗ ਮੋਗਾ ਦਾ ਅਜਿਹੇ ਸਾਰਥਕ ਯਤਨਾਂ ਲਈ ਖਾਸ ਧੰਨਵਾਦ ਕੀਤਾ।ਡਾ. ਅਜੀਤਪਾਲ ਸਿੰਘ, ਜ਼ਿਲ੍ਹਾ ਭਾਸ਼ਾ ਅਫਸਰ ਮੋਗਾ ਨੇ ਪ੍ਰਿੰਸੀਪਲ, ਸਟਾਫ ਤੇ ਸਮੁੱਚੀ ਪ੍ਰਬੰਧਕੀ ਕਮੇਟੀ ਦਾ ਸੰਸਥਾ ਦਾ ਮੰਚ ਉਨ੍ਹਾਂ ਨੂੰ ਦੇਣ ਲਈ ਧੰਨਵਾਦ ਕੀਤਾ।ਇਸ ਮੌਕੇ ਪ੍ਰੋਫੈਸਰ ਬਿਕਰਮ ਰਾਈ, ਪ੍ਰੋਫੈਸਰ ਅਰਸ਼ਦੀਪ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋਫੈਸਰ ਸਿਮਰਨਜੀਤ ਸਿੰਘ, ਪ੍ਰੋ. ਰਮਨਦੀਪ ਕੌਰ, ਪ੍ਰੋ. ਨਵਦੀਪ ਕੌਰ, ਪ੍ਰੋ. ਸਤਵੀਰ ਕੌਰ, ਪ੍ਰੋ. ਗੁਰਮਨਬੀਰ ਕੌਰ ਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

ਅਖੀਰ ਵਿੱਚ ਜਥੇਦਾਰ ਸਤਪਾਲ ਸਿੰਘ ਤਲਵੰਡੀ ਪ੍ਰਿੰਸੀਪਲ ਤੇ ਸਟਾਫ ਨੂੰ ਅਜਿਹੇ ਸ਼ਲਾਘਾਯੋਗ ਉਪਰਾਲਿਆਂ ਲਈ ਵਧਾਈ ਦਿੱਤੀ।ਸਟੇਜ ਸੈਕਟਰੀ ਦੀ ਭੂਮਿਕਾ ਪ੍ਰੋ. ਰਾਜਵਿੰਦਰ ਕੌਰ (ਪੰਜਾਬੀ ਵਿਭਾਗ) ਵੱਲੋਂ ਨਿਭਾਈ ਗਈ।

# 14 ਅਪ੍ਰੈਲ ਤੋਂ ਪਹਿਲਾਂ ਅੰਬੇਡਕਰ ਚੌਕ ਦਾ ਪੁਨਰ ਨਿਰਮਾਣ ਕਰਵਾਇਆ ਜਾਵੇ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਕੁਝ ਮਹੀਨੇ ਪਹਿਲਾਂ ਆਪਣੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਆਈ.ਏ.ਐੱਸ. ਨਾਲ ਮੁਲਾਕਾਤ ਕੀਤੀ ਸੀ। ਮੁਲਾਕਾਤ ਦੌਰਾਨ ਸ਼ਹਿਰ ਦੇ ਅੰਬੇਡਕਰ ਪਾਰਕ, ਮਾਤਾ ਭਾਗ ਕੌਰ ਹੈਰੀਟੇਜ ਕੰਪਲੈਕਸ, ਰੈੱਡ ਕਰਾਸ ਹਦੂਦ ਅੰਦਰ ਬਣੇ ਹੋਏ ਯਾਦਗਾਰੀ ਸਤੰਭ ਤੇ ਮਲੋਟ ਰੋਡ ਸਥਿਤ ਅੰਬੇਡਕਰ ਚੌਕ ਦੀ ਸੇਵਾ ਸੰਭਾਲ ਤੇ ਮਾੜੀ ਹਾਲਤ ਬਾਰੇ ਗੱਲਬਾਤ ਕੀਤੀ ਸੀ। ਮੁਲਾਕਾਤ ਦੌਰਾਨ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਮਿਸ਼ਨ ਦੀਆਂ ਦਲੀਲਾਂ ਨੂੰ ਗੰਭੀਰਤਾ ਤੇ ਹਮਦਰਦੀ ਪੂਰਵਕ ਸੁਣਿਆ। ਮੌਕੇ 'ਤੇ ਹੀ ਕਾਰਵਾਈ ਕਰਦੇ ਹੋਏ ਇਨ੍ਹਾਂ ਸਥਾਨਾਂ ਦੀ ਹਾਲਤ ਸੁਧਾਰਨ ਲਈ ਇੱਕ ਕਮੇਟੀ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਇਸ ਕਮੇਟੀ ਨੇ ਆਪਣੇ ਯਤਨਾਂ ਰਾਹੀਂ ਇਨ੍ਹਾਂ ਸਥਾਨਾਂ ਦੀ ਦੇਖ ਰੇਖ ਤੇ ਸੇਵਾ ਸੰਭਾਲ ਦਾ ਜ਼ਿੰਮਾ ਦੇਸ਼ ਭਗਤ ਯੂਨੀਵਰਸਿਟੀ ਨੂੰ ਦੇ ਦਿੱਤਾ ਸੀ। ਅੰਬੇਡਕਰ ਪਾਰਕ ਤੇ ਮਾਤਾ ਭਾਗ ਕੌਰ ਹੈਰੀਟੇਜ ਕੰਪਲੈਕਸ ਤੇ ਯਾਦਗਾਰੀ ਸਤੰਭ ਦੀ ਹਾਲਤ ਸੁਧਾਰ ਦਿੱਤੀ ਗਈ ਹੈ, ਪਰ ਮਲੋਟ ਰੋਡ ਸਥਿਤ ਮੇਨ ਬੱਸ ਸਟੈਂਡ ਦੇ ਸਾਹਮਣੇ ਢਹਿ ਢੇਰੀ ਹੋ ਚੁੱਕੇ ਅੰਬੇਡਕਰ ਚੌਕ ਦੇ ਪੁਨਰ ਨਿਰਮਾਣ ਬਾਰੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਮਿਸ਼ਨ ਪ੍ਰਧਾਨ ਸ੍ਰੀ ਢੋਸੀਵਾਲ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਉਕਤ ਅੰਬੇਡਕਰ ਚੌਕ ਦਾ 14 ਅਪ੍ਰੈਲ ਤੋਂ ਪਹਿਲਾਂ ਮੁੜ ਨਿਰਮਾਣ ਕਰਵਾਇਆ ਜਾਵੇ ਤੇ ਇੱਥੇ ਡਿਸਪਲੇ ਬੋਰਡ ਲਗਵਾਏ ਜਾਣ। ਇਸ ਦੇ ਨਾਲ ਹੀ ਸਥਾਨਕ ਰੈੱਡ ਕਰਾਸ ਦੀ ਹਦੂਦ ਅੰਦਰ ਬਣੇ ਯਾਦਗਾਰੀ ਸਤੰਭ ਉੱਪਰ ਲਿਖੀ ਇਬਾਰਤ ਨੂੰ ਵੀ ਸੁਨਹਿਰੀ ਅੱਖਰਾਂ 'ਚ ਲਿਖਵਾਇਆ ਜਾਵੇ ਤੇ ਇਸ ਦੀ ਦਿੱਖ ਨੂੰ ਸੁੰਦਰ ਬਣਾਇਆ ਜਾਵੇ।

# ਨਵੀਂ ਸਿੱਖਿਆ ਨੀਤੀ ਗਰੀਬ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਵਾਂਝੇ ਕਰੇਗੀ : ਗੁਰਦੀਪ ਹੀਰਾ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**

ਸਕੂਲ ਆਫ ਐਮੀਨੈਂਸ ਵਰਗੀਆਂ ਸਕੀਮਾਂ ਸਿਰਫ਼ ਸ਼ੋਅ ਪੀਸ ਖੜੇ ਕਰਕੇ ਫੇਲ੍ਹ ਹੋ ਚੁੱਕੇ ਗੁਜਰਾਤ ਮਾਡਲ ਵਾਂਗ ਲੋਕਾਂ ਨੂੰ ਸ਼ੋਅ ਪੀਸ ਵਿਖਾ ਕੇ ਵੋਟਾਂ ਬਟੋਰਨ ਤੱਕ ਸੀਮਤ ਹਨ। ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਇਥੇ ਹੋਈ ਇੱਕ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਪ੍ਰੈੱਸ ਨੋਟ 'ਚ ਭਾਰਤ ਮੁਕਤੀ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਤੇ ਰਾਸ਼ਟਰੀਆ ਕ੍ਰਿਸਚਨ ਮੋਰਚਾ ਪੰਜਾਬ ਦੇ ਕਨਵੀਨਰ ਮਾ. ਗੁਰਦੀਪ ਹੀਰਾ ਨੇ ਕੀਤਾ। ਉਨ੍ਹਾਂ ਕਿਹਾ ਪੰਜਾਬ ਦੀ ਭਗਵੰਤ ਮਾਨ ਆਰ ਐੱਸ ਐੱਸ ਦੇ ਏਜੰਡੇ 'ਤੇ ਕੰਮ ਕਰ ਰਹੀ ਹੈ ਤੇ ਇਸ ਸਰਕਾਰ ਦੁਆਰਾ ਕੇਂਦਰ ਨਾਲ ਮਿਲੀਭੁਗਤ ਕਰਕੇ ਲਿਆਂਦੀ ਜਾ ਰਹੀ ਨਵੀਂ ਸਿੱਖਿਆ ਨੀਤੀ 2020 ਗਰੀਬ ਵਿਦਿਆਰਥੀਆਂ ਨੂੰ ਸਿੱਖਿਆ ਤੇ ਰੁਜ਼ਗਾਰ ਤੋਂ ਵਾਂਝੇ ਕਰੇਗੀ।

ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨਵੀਂ ਸਿੱਖਿਆ ਨੀਤੀ 2020 ਵਿੱਚ ਅੰਗਰੇਜ਼ ਹਕੂਮਤ ਦੇ ਸਮੇਂ ਤੋਂ ਲੈ ਕੇ ਅਜ਼ਾਦੀ ਤੋਂ ਬਾਅਦ ਬਣੇ ਵੱਖ ਵੱਖ ਕਮਿਸ਼ਨਾਂ ਦੀਆਂ ਸੁਝਾਈਆਂ ਸਮਾਜਿਕ ਤੇ ਵਿਦਿਆਰਥੀ ਪੱਖੀ ਲੋੜਾਂ ਨੂੰ ਇੱਕ ਪਾਸੇ ਰੱਖ ਕੇ ਆਪਣੇ ਹੀ ਹਿਸਾਬ ਨਾਲ ਪੇਸ਼ ਕਰਕੇ ਸਿੱਖਿਆ ਤੋਂ ਆਮ ਲੋਕਾਂ ਨੂੰ ਵਾਂਝਿਆ ਕਰਨ ਦਾ ਰਾਹ ਖੋਲ੍ਹਿਆ ਗਿਆ ਹੈ।

ਮਾ. ਗੁਰਦੀਪ ਹੀਰਾ ਨੇ ਕਿਹਾ ਕਿ 'ਸਕੂਲ ਆਫ਼ ਐਮੀਨੈਂਸ' ਦੇ ਨਾਂਅ 'ਤੇ ਵਿਤਕਰੇਬਾਜ਼ੀ ਵਾਲੀ ਸਿੱਖਿਆ ਤੇ 40 ਕਿਲੋਮੀਟਰ ਦੇ ਘੇਰੇ ਵਿੱਚ ਇੱਕ 'ਸਕੂਲੀ ਟਾਪੂ' ਖੜੇ ਕਰਕੇ ਹਰ ਵਿਦਿਆਰਥੀ ਤੱਕ ਸਕੂਲ ਦੀ ਥਾਂ ਸਕੂਲ ਤੱਕ ਵਿਦਿਆਰਥੀ ਦੇ ਸੰਕਲਪ ਨੂੰ ਲਿਆਂਦਾ ਜਾ ਰਿਹਾ ਹੈ, ਜੋ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਤੋਂ ਸਿੱਖਿਆ ਖੋਹਣ ਦੀ ਸਾਜ਼ਿਸ਼ ਹੈ। ਪੀ ਐੱਮ ਸ੍ਰੀ ਤੇ ਸਕੂਲ ਆਫ਼ ਐਮੀਨੈਂਸ ਸਕੀਮਾਂ ਰਾਹੀਂ ਕੰਪਲੈਕਸ ਸਕੂਲ ਸਿਸਟਮ ਬਣਾ ਕੇ ਛੋਟੇ ਸਕੂਲਾਂ ਨੂੰ ਬੰਦ ਕਰਨ ਦਾ ਰਾਹ ਖੋਲ੍ਹਿਆ ਜਾ ਰਿਹਾ ਹੈ।

ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸ਼ਕਤੀਆਂ ਦਾ ਕੇਂਦਰੀਕਰਨ ਕਰਦਿਆਂ ਸਿੱਖਿਆ ਨੂੰ ਮੰਡੀ ਦੀ ਵਸਤੂ ਬਣਾਇਆ ਜਾ ਰਿਹਾ ਹੈ, ਵਿਦਿਆਰਥੀਆਂ ਦੇ ਵਜ਼ੀਫ਼ੇ ਬੰਦ ਕੀਤੇ ਜਾ ਰਹੇ ਹਨ, ਕਲਸਟਰ ਸਿਸਟਮ ਦੇ ਨਾਂ 'ਤੇ ਛੋਟੇ ਸਕੂਲਾਂ ਨੂੰ ਖਤਮ ਕਰਕੇ ਅਸਾਮੀਆਂ ਨੂੰ ਬਚਾਉਣ ਦੇ ਨਾਂ 'ਤੇ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਵਾਂਝੇ ਕੀਤਾ ਜਾ ਰਿਹਾ ਹੈ।

ਇਸ ਮੌਕੇ ਉਨ੍ਹਾ ਨਾਲ ਮਾਲਵਾ ਜ਼ੋਨ-1 ਦੇ ਇੰਚਾਰਜ ਡਾ. ਸੁਰਿੰਦਰ ਸਿੰਘ, ਭਾਰਤ ਮੁਕਤੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਡਾ. ਸੁਖਜਿੰਦਰ ਗਾਗੋਵਾਲੀਆ ਸੰਗਰੂਰ, ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਦਲਵਿੰਦਰ ਸਿੰਘ, ਜਨਰਲ ਸਕੱਤਰ ਕ੍ਰਿਸ਼ਨ ਝੁਨੀਰ, ਸਕੱਤਰ ਸਿਉਪਾਲ ਵਿੱਕੀ ਦਾਨੇਵਾਲਾ ਆਦਿ ਸ਼ਾਮਲ ਸਨ।

# ਸਰਵਹਿੱਤਕਾਰੀ ਸਕੂਲ ਦਾ ਨਤੀਜਾ ਐਲਾਨਿਆ

**ਜਗਰਾਓਂ (ਅਮਿਤ ਖੰਨਾ)**

ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਿਰ ਸੀ. ਸੈ. ਸਕੂਲ ਜਗਰਾਓਂ ਵਿਖੇ ਸਾਲਾਨਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਜਮਾਤ ਨਰਸਰੀ ਤੋਂ ਚੌਥੀ, ਛੇਵੀਂ ਤੇ ਸੱਤਵੀਂ ਜਮਾਤਾਂ ਦਾ ਨਤੀਜਾ ਘੋਸ਼ਿਤ ਕੀਤਾ ਗਿਆ।

ਨਤੀਜੇ ਵਿੱਚ ਪਹਿਲਾ, ਦੂਜਾ ਤੇ ਤੀਜਾ ਦਰਜਾ ਰੱਖਣ ਵਾਲੇ ਵਿਦਿਆਰਥੀ ਤੋਂ ਇਲਾਵਾ ਸਰਵੋਤਮ ਹਾਜ਼ਰੀ, ਸਰਵੋਤਮ ਵਿਦਿਆਰਥੀਆਂ ਦੇ ਨਾਂ ਵੀ ਐਲਾਨੇ ਗਏ। ਸਰਵੋਤਮ ਵਿਦਿਆਰਥੀਆਂ ਵਿੱਚੋਂ ਸ਼ਿਸ਼ੂ ਵਰਗ ਦੇ ਆਦਿਤਿਆ ਯਾਦਵ (ਦੂਜੀ), ਬਾਲ ਵਰਗ 'ਚੋਂ ਹੀਨਾ (ਤੀਸਰੀ) ਤੇ ਕਿਸ਼ੋਰ ਵਰਗ 'ਚੋਂ ਨਵਜੋਤ ਕੌਰ (ਦਸਵੀਂ) ਨੂੰ ਚੁਣਿਆ ਗਿਆ। ਇਸ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਨੇ ਜੇਤੂ ਬੱਚਿਆਂ ਨੂੰ ਵਧਾਈਆਂ ਦਿੰਦਿਆਂ ਅੱਗੇ ਵੀ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਲੋਕ ਸੇਵਾ ਸੁਸਾਇਟੀ ਵੱਲੋਂ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ



**ਜਗਰਾਉ (ਅਮਿਤ ਖੰਨਾ)**

ਲੋਕ ਸੇਵਾ ਸੁਸਾਇਟੀ ਜਗਰਾਓਂ ਵੱਲੋਂ 36ਵਾਂ ਅੱਖਾਂ ਦਾ ਚੈੱਕਅੱਪ ਤੇ ਆਪ੍ਰੇਸ਼ਨ ਕੈਂਪ ਅਸ਼ੀਸ਼ ਕਟਾਰੀਆ ਦੇ ਸਹਿਯੋਗ ਤੇ ਯੋਗਦਾਨ ਸਦਕਾ ਲੰਮਿਆਂ ਵਾਲਾ ਬਾਗ਼ ਨੇੜੇ ਡੀ ਏ ਵੀ ਕਾਲਜ ਜਗਰਾਓਂ ਵਿਖੇ ਲਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਕੈਂਪ ਦਾ ਐੱਸ ਐੱਚ ਓ ਸਿਟੀ ਹੀਰਾ ਸਿੰਘ ਨੇ ਉਦਘਾਟਨ ਕਰਦਿਆਂ ਕਿਹਾ ਕਿ ਇਨਸਾਨੀਅਤ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਉਨ੍ਹਾਂ ਕਿਹਾ ਕਿ ਥਾਣਾ ਸਿਟੀ ਦੀ ਪੁਲਸ ਵੱਲੋਂ ਹਮੇਸ਼ਾ ਸੁਸਾਇਟੀ ਨੂੰ ਬਣਦਾ ਸਹਿਯੋਗ ਤੇ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ ਤੇ ਸਰਪ੍ਰਸਤ ਰਾਜਿੰਦਰ ਜੈਨ ਨੇ ਕਿਹਾ ਕਿ ਸੁਸਾਇਟੀ ਨੇ ਜਗਰਾਓਂ ਇਲਾਕੇ ਚੋਂ ਚਿੱਟੇ ਮੋਤੀਏ ਦੀ ਬਿਮਾਰੀ ਦੇ ਖ਼ਾਤਮੇ ਦਾ ਤਹੱਈਆ ਕੀਤਾ ਹੋਇਆ ਹੈ ਤੇ ਸੁਸਾਇਟੀ ਵੱਲੋਂ ਹਰੇਕ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਹਰੇਕ ਮਹੀਨੇ ਕੈਂਪ ਲਗਾਇਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਇਸ ਵਾਰ ਦਾ ਕੈਂਪ ਅਸ਼ੀਸ਼ ਕਟਾਰੀਆ ਦੇ ਪਰਿਵਾਰ ਦੇ ਸਹਿਯੋਗ ਨਾਲ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਮੁੱਲਾਂਪੁਰ ਦੇ ਡਾਕਟਰ ਸੁਨੀਤਾ, ਅਮਰਿੰਦਰ ਸਿੰਘ, ਅਵਤਾਰ ਸਿੰਘ, ਸਾਹਿਲ ਯਾਦਵ, ਜਸਕਿਰਨਪ੍ਰੀਤ ਸਿੰਘ, ਕੰਵਲਜੀਤ ਕੌਰ, ਕਰਮਜੀਤ ਕੌਰ ਤੇ ਨਵਨੀਤ ਕੌਰ ਦੀ ਟੀਮ ਵੱਲੋਂ 254 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅੱਪ ਕਰਦਿਆਂ 56 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੀਆਂ ਅੱਖਾਂ ਦੇ ਚਿੱਟੇ ਮੋਤੀਏ ਦੇ ਆਪ੍ਰੇਸ਼ਨ ਕੀਤੇ ਜਾਣਗੇ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਮਨੋਹਰ ਸਿੰਘ ਟੱਕਰ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਪੀ ਆਰ ਓ ਸੁਖਦੇਵ ਗਰਗ, ਰਾਜਿੰਦਰ ਜੈਨ ਕਾਕਾ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਵਿਨੋਦ ਬਾਂਸਲ, ਮੁਕੇਸ਼ ਗੁਪਤਾ, ਪ੍ਰਸ਼ੋਤਮ ਅਗਰਵਾਲ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਆਰ ਕੇ ਗੋਇਲ, ਸੰਜੂ ਬਾਂਸਲ, ਮਦਨ ਲਾਲ ਅਰੋੜਾ, ਕਪਿਲ ਸ਼ਰਮਾ, ਜਸਵੰਤ ਸਿੰਘ, ਅਨਿਲ ਮਲਹੋਤਰਾ, ਪ੍ਰਵੀਨ ਮਿੱਤਲ, ਲਾਕੇਸ਼ ਟੰਡਨ, ਵਿਸ਼ਾਲ ਗੋਇਲ, ਕੈਪਟਨ ਨਰੇਸ਼ ਵਰਮਾ ਆਦਿ ਹਾਜ਼ਰ ਸਨ।

# ਅੱਖਾਂ ਦਾ ਮੁਫਤ ਜਾਂਚ ਤੇ ਅਪ੍ਰੇਸ਼ਨ ਕੈਂਪ ਲਗਾਇਆ



**ਮੋਗਾ (ਅਮਰਜੀਤ ਬੱਬਰੀ)**

ਰੂਰਲ ਐੱਨ ਜੀ ਓ ਮੋਗਾ ਵੱਲੋਂ ਮਾਨਵਤਾ ਭਲਾਈ ਕਲੱਬ ਭਾਗਪੁਰ ਗਗੜਾ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਤੇ ਮਾਤਾ ਚੰਦ ਕੌਰ ਢੇਸੀ ਦੀ ਮਿੱਠੀ ਯਾਦ 'ਚ ਪਿੰਡ ਭਾਗਪੁਰ ਗਗੜਾ ਵਿਖੇ 111ਵਾਂ ਮੁਫਤ ਅੱਖਾਂ ਦਾ ਜਾਂਚ ਤੇ ਆਪ੍ਰੇਸ਼ਨ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਬਾਬਾ ਮਹਿੰਦਰ ਸਿੰਘ ਜਨੇਰ ਵਾਲਿਆਂ ਨੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਜਗਦੰਬੇ ਆਈ ਹਸਪਤਾਲ ਬਾਘਾਪੁਰਾਣਾ ਦੇ ਡਾਕਟਰਾਂ ਦੀ ਟੀਮ ਵੱਲੋਂ 450 ਵਿਅਕਤੀਆਂ ਦਾ ਚੈੱਕਅੱਪ ਕੀਤਾ ਗਿਆ ਤੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਦਵਾਈਆਂ ਤੇ ਐਨਕਾਂ ਦਿੱਤੀਆਂ ਗਈਆਂ। ਇਸ ਕੈਂਪ ਵਿੱਚ 150 ਦੇ ਕਰੀਬ ਮਰੀਜ਼ਾਂ ਨੂੰ ਨੇੜੇ ਦੀ ਨਿਗਾਹ ਦੀਆਂ ਮੁਫਤ ਐਨਕਾਂ ਦਿੱਤੀਆਂ ਗਈਆਂ ਤੇ 57 ਮਰੀਜ਼ ਮੋਤੀਆਬਿੰਦ ਆਪ੍ਰੇਸ਼ਨ ਲਈ ਚੁਣੇ ਗਏ, ਜਿਨ੍ਹਾਂ ਦੇ ਆਪ੍ਰੇਸ਼ਨ ਜਗਦੰਬਾ ਆਈ ਹਸਪਤਾਲ ਬਾਘਾ ਪੁਰਾਣਾ ਵਿਖੇ ਕੀਤੇ ਜਾਣਗੇ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਬਾਬਾ ਮਹਿੰਦਰ ਸਿੰਘ ਜੀ ਨੇ ਕਿਹਾ ਕਿ ਰੂਰਲ ਐੱਨ ਜੀ ਓ ਮੋਗਾ ਸਮਾਜ ਦੀ ਭਲਾਈ ਲਈ ਅਨੇਕਾਂ ਕੰਮ ਕਰ ਰਹੀ ਹੈ, ਪਰ ਲੋੜਵੰਦਾਂ ਨੂੰ ਰੌਸ਼ਨੀ ਪ੍ਰਦਾਨ ਕਰਨਾ ਇਸ ਦਾ ਸਭ ਤੋਂ ਮਹੱਤਵਪੂਰਨ ਕਾਰਜ ਹੈ, ਜਿਸ ਲਈ ਸਮੂਹ ਐੱਨ ਜੀ ਓ ਮੈਂਬਰ ਵਧਾਈ ਦੇ ਪਾਤਰ ਹਨ। ਇਸ ਮੌਕੇ ਰੂਰਲ ਐੱਨ ਜੀ ਓ ਮੋਗਾ ਦੇ ਪ੍ਰਧਾਨ ਹਰਬਿੰਦਰ ਸਿੰਘ ਜਾਨੀਆਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸੰਸਥਾ ਦੇ ਸੀਨੀਅਰ ਅਹੁਦੇਦਾਰ ਗੁਰਬਚਨ ਸਿੰਘ ਗਗੜਾ ਦੇ ਮਾਤਾ ਚੰਦ ਕੌਰ ਢੇਸੀ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਸ. ਗੁਰਬਚਨ ਸਿੰਘ ਗਗੜਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕੈਂਪ ਨੂੰ ਕਾਮਯਾਬ ਬਣਾਉਣ ਲਈ ਸਹਿਯੋਗ ਦੇਣ ਵਾਲੇ ਸਾਰੇ ਸੱਜਣਾਂ ਤੇ ਗੁਰਦੁਆਰਾ ਕਮੇਟੀ ਦਾ ਵੀ ਧੰਨਵਾਦ ਕੀਤਾ।

# ਆਪ ਸਰਕਾਰ ਨੇ ਸਾਲ 'ਚ ਹੀ ਰਿਕਾਰਡਤੋੜ ਕੰਮ ਕੀਤੇ : ਚੇਅਰਮੈਨ ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**- ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਪਿੰਡ ਭੜੀ ਪਨੈਚਾਂ ਵਿਖੇ ਹਰਿੰਦਰ ਸਿੰਘ ਤੇ ਰਾਜਿੰਦਰ ਸਿੰਘ ਰਾਜੂ ਇੰਗਲੈਂਡ ਦੇ ਗ੍ਰਹਿ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ 'ਚ ਸ਼ਮੂਲੀਅਤ ਕਰਨ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ 'ਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਇੱਕ ਸਾਲ ਦੇ ਕਾਰਜਕਾਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਰਿਕਾਰਡਤੋੜ ਕੰਮ ਕਰਕੇ ਲੋਕਾਂ ਦਾ ਦਿਲ ਜਿੱਤਿਆ ਹੈ।

ਉਨ੍ਹਾ ਕਿਹਾ ਕਿ ਸਰਕਾਰ ਨੇ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ 26 ਹਜ਼ਾਰ ਤੋਂ ਵਧੇਰੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਅਤੇ ਕੱਚੇ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਅਤੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮਹਿੰਗੀ ਬਿਜਲੀ ਤੋਂ ਰਾਹਤ ਦਿਵਾਉਣ ਲਈ ਹਰ ਵਰਗ ਦੇ ਲੋਕਾਂ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਗਈ ਹੈ ਤੇ ਸਰਕਾਰੀ ਹਸਪਤਾਲਾਂ ਵਿੱਚ ਚੰਗੀਆਂ ਸਿਹਤ ਸੇਵਾਵਾਂ, ਮੁਫਤ ਇਲਾਜ ਤੇ ਦਵਾਈਆਂ ਦਿੱਤੀਆ ਜਾ ਰਹੀਆਂ ਹਨ ਅਤੇ ਸਿੱਖਿਆ ਦੇ ਖੇਤਰ 'ਚ ਵੱਡਾ ਸੁਧਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਸਰਕਾਰ ਵੱਡੀ ਪੱਧਰ 'ਤੇ ਉਪਰਾਲੇ ਕਰ ਰਹੀ ਹੈ। ਇਸ ਮੌਕੇ ਹਰਿੰਦਰ ਸਿੰਘ ਭੜੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਸਨਮਾਨ ਵੀ ਕੀਤਾ ਗਿਆ।

# ਕਾਂਗਰਸ ਵੱਲੋਂ ਦੀਪਾ ਅਰੋੜਾ ਬਾਘਾ ਪੁਰਾਣਾ ਦਾ ਸ਼ਹਿਰੀ ਪ੍ਰਧਾਨ ਨਿਯੁਕਤ

## ਸਾਬਕਾ ਚੇਅਰਮੈਨ ਨੇ ਮੂੰਹ ਮਿੱਠਾ ਕਰਵਾ ਦਿੱਤੀ ਵਧਾਈ



**ਬਾਘਾ ਪੁਰਾਣਾ (ਮਨੀ ਸਿਗਲਾ)**-ਕਾਂਗਰਸ ਪਾਰਟੀ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਦੇ ਮਿਹਨਤੀ ਆਗੂਆਂ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ। ਇਸੇ ਤਹਿਤ ਹੀ ਪਾਰਟੀ ਹਾਈ ਕਮਾਂਡ ਵੱਲੋਂ ਕਾਂਗਰਸ ਪਾਰਟੀ ਦੇ ਮਿਹਨਤੀ ਆਗੂ ਦੀਪਾ ਅਰੋੜਾ ਨੂੰ ਕਾਂਗਰਸ ਪਾਰਟੀ ਵੱਲੋਂ ਬਾਘਾ ਪੁਰਾਣਾ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਦੀਪਾ ਅਰੋੜਾ ਨੂੰ ਕਾਂਗਰਸ ਪਾਰਟੀ ਵੱਲੋਂ ਸ਼ਹਿਰੀ ਪ੍ਰਧਾਨ ਨਿਯੁਕਤ ਕਰਨ ਮਾਰਕੀਟ ਕਮੇਟੀ ਬਾਘਾ ਪੁਰਾਣਾ ਦੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਵੱਲੋਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਜਗਸੀਰ ਸਿੰਘ ਕਾਲੇਕੇ ਨੇ ਕਿਹਾ ਪੰਜਾਬ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਪਾਰਟੀ ਦੇ ਵਫ਼ਾਦਾਰ ਤੇ ਮਿਹਨਤੀ ਆਗੂ ਸ਼ਹਿਰੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪ ਕੇ ਇਹ ਦੱਸ ਦਿੱਤਾ ਹੈ ਕਿ ਪਾਰਟੀ ਆਪਣੇ ਵਫਾਦਾਰ ਆਗੂਆਂ ਦੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦਿੰਦੀ ਤੇ ਉਨ੍ਹਾਂ ਦੀ ਮਿਹਨਤ ਦਾ ਮੁੱਲ ਜ਼ਰੂਰ ਪਾਉਂਦੀ ਹੈ ਅਤੇ ਸਾਨੂੰ ਆਸ ਹੈ ਕਿ ਜੋ ਪਾਰਟੀ ਨੇ ਦੀਪਾ ਅਰੋੜਾ ਨੂੰ ਜ਼ਿੰਮੇਵਾਰੀ ਸੌਂਪੀ ਹੈ, ਉਹ ਉਸ 'ਤੇ ਖਰਾ ਉਤਰਦੇ ਹੋਏ ਪਾਰਟੀ ਦੀਆਂ ਗਤੀਵਿਧੀਆਂ ਨੂੰ ਪਹਿਲਾਂ ਦੀ ਤਰ੍ਹਾਂ ਘਰ-ਘਰ ਪਹੁੰਚਾਉਣਗੇ। ਇਸ ਮੌਕੇ ਦੀਪਾ ਅਰੋੜਾ ਨੇ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਇਲਾਵਾ ਸਮੁੱਚੀ ਸੀਨੀਅਰ ਲੀਡਰਸ਼ਿਪ ਤੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਉਸ ਨੂੰ ਜ਼ਿੰਮੇਵਾਰੀ ਸੌਂਪੀ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਨਿਭਾਉਂਦਾ ਹੋਇਆ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇਕ ਕਰ ਦੇਵੇਗਾ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਬਿੱਟੂ ਮਿੱਤਲ, ਕਾਂਗਰਸੀ ਆਗੂ ਸੁਰਿੰਦਰ ਸਿੰਘ ਛਿੰਦਾ, ਗੁਰਮੁੱਖ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਬਿੱਟੂ ਮਿੱਤਲ, ਐੱਮ ਸੀ ਸ਼ਸ਼ੀ ਗਰਗ, ਸਰਪੰਚ ਗਗਨ ਨਿਗਾਹਾਂ, ਸੀਪਾ ਰਾਜੇਆਣਾ ਚੇਅਰਮੈਨ, ਮਨਜੀਤ ਸਿੰਘ, ਸੁੱਖਾ ਲੰਗੇਆਣੀਆ, ਸੁਰਿੰਦਰ ਸਿੰਘ, ਜਗਸੀਰ ਸਿੰਘ ਜੱਗਾ, ਸੰਦੀਪ ਸਿੰਘ, ਸੀਪਾ ਰਾਜੇਆਣਾ, ਹਰਦੀਸ਼ ਸੇਖਾ, ਤੇਜਪਾਲ ਕੌਰ, ਗੁਰਮੁੱਖ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

# ਸੰਨੀ ਦੂਆ ਬਲਾਕ ਕਾਂਗਰਸ ਸ਼ਹਿਰੀ ਪ੍ਰਧਾਨ ਨਿਯੁਕਤ



**ਸਮਰਾਲਾ (ਸੁਰਜੀਤ ਸਿੰਘ)**- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਬਲਾਕ ਪ੍ਰਧਾਨਾਂ ਦੀ ਲਿਸਟ ਜਾਰੀ ਕੀਤੀ ਗਈ, ਜਿਸ ਵਿੱਚ ਸਮਰਾਲਾ ਤੋਂ ਕੌਂਸਲਰ ਸੰਜੀਵ ਕੁਮਾਰ ਸੰਨੀ ਦੂਆ ਨੂੰ ਬਲਾਕ ਸਮਰਾਲਾ ਸ਼ਹਿਰ ਦਾ ਪ੍ਰਧਾਨ ਲਾਇਆ ਗਿਆ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਸੰਨੀ ਦੂਆ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਦਿੱਤੀ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਸਮਰਾਲਾ ਹਲਕੇ 'ਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨਗੇ। ਦੂਆ ਨੇ ਪ੍ਰਧਾਨ ਬਣਨ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਗੁਰਕੀਰਤ ਸਿੰਘ ਕੋਟਲੀ, ਹਲਕਾ ਇੰਚਾਰਜ ਕਾਂਗਰਸ ਸਮਰਾਲਾ ਰੁਪਿੰਦਰ ਸਿੰਘ ਰਾਜਾ ਗਿੱਲ, ਮੈਂਬਰ ਪਾਰਲੀਮੈਂਟ ਫਤਹਿਗੜ੍ਹ ਸਾਹਿਬ ਡਾਕਟਰ ਅਮਰ ਸਿੰਘ ਤੇ ਪੁਲਸ ਜ਼ਿਲ੍ਹਾ ਖੰਨਾ ਕਾਂਗਰਸ ਪ੍ਰਧਾਨ ਸਾਬਕਾ ਵਿਧਾਇਕ ਲਖਵੀਰ ਲੱਖਾ ਪਾਇਲ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਅਮਰ ਨਾਥ ਤਾਗਰਾ ਵਾਇਸ ਚੇਅਰਮੈਨ ਪੰਜਾਬ ਕਾਂਗਰਸ ਗ੍ਰਿਵਿਏਸ ਸੈੱਲ, ਹਰੀ ਕ੍ਰਿਸ਼ਨ ਗੰਭੀਰ, ਤਰਸੇਮ ਸ਼ਰਮਾ, ਕਸਤੂਰੀ ਲਾਲ ਮਿੰਟੂ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ, ਅਜਮੇਰ ਪੁਰਬਾ ਪ੍ਰਧਾਨ ਬਲਾਕ ਸਮਰਾਲਾ, ਪਰਮਿੰਦਰ ਤਿਵਾੜੀ ਪ੍ਰਧਾਨ ਬਲਾਕ ਮਾਛੀਵਾੜਾ ਸਾਹਿਬ, ਐਡਵੋਕੇਟ ਜਸਪ੍ਰੀਤ ਕਲਾਲਮਾਜਰਾ ਸਪੋਕਸਮੈਨ ਪੰਜਾਬ ਕਾਂਗਰਸ, ਜਤਿੰਦਰ ਜੋਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮਿੱਤਰਪਾਲ ਲਵਲੀ ਸਾਬਕਾ ਪ੍ਰਧਾਨ ਨਗਰ ਕੌਂਸਲ ਸਮਰਾਲਾ, ਮਿੰਟੂ ਖੁੱਲਰ, ਵਿਸ਼ਾਲ ਭਾਰਤੀ, ਰਣਵਿਜੈ ਰਾਣਾ, ਰਣਧੀਰ ਸਿੰਘ ਧੀਰਾ ਕੌਂਸਲਰ, ਦਲਜੀਤ ਕੌਰ ਕੌਂਸਲਰ ਗੁਰਮੇਲ ਸਿੰਘ ਬੀਸੀ ਸੈੱਲ ਪ੍ਰਧਾਨ ਰਿੰਕੂ ਥਾਪਰ, ਰੂਪਮ ਗੰਭੀਰ, ਗੌਰਵ ਦੂਆ, ਬਲਵਿੰਦਰ ਬੰਬ ਚੇਅਰਮੈਨ ਐੱਸ ਸੀ ਸੈੱਲ ਜ਼ਿਲ੍ਹਾ ਖੰਨਾ, ਪਰਮਿੰਦਰ ਵਰਮਾ ਪ੍ਰਧਾਨ ਨੀਲਕੰਠ ਮਹਾਦੇਵ ਸੇਵਾ ਸਮਿਤੀ ਸਮਰਾਲਾ, ਸਤਵੀਰ ਸੇਖੋਂ ਸਰਪ੍ਰਸਤ ਨੀਲ ਕੰਠ ਮਹਾਦੇਵ ਸੇਵਾ ਸਮਿਤੀ, ਧੀਰਜ ਖੁੱਲਰ ਚੇਅਰਮੈਨ, ਹਰਚੰਦ ਸਿੰਘ ਪੀ ਏ ਰਾਜਾ ਗਿੱਲ, ਗੁਰਮੁੱਖ ਸਿੰਘ ਪੀ ਏ ਰਾਜਾ ਗਿੱਲ ਨੇ ਵਧਾਈ ਦਿੱਤੀ।

# 29 ਨੂੰ ਜਲ ਸਪਲਾਈ ਕਾਮੇ ਪਰਵਾਰਾਂ ਸਮੇਤ ਸੂਬਾ ਪੱਧਰੀ ਦੇਣਗੇ ਧਰਨਾ : ਜਿੰਦਵੜੀ

**ਨੰਗਲ (ਸੁਰਜੀਤ ਸਿੰਘ)**-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਜ਼ਿਲ੍ਹਾ ਰੋਪੜ ਬ੍ਰਾਂਚ ਨੰਗਲ ਕਮੇਟੀ ਵੱਲੋਂ ਬ੍ਰਾਂਚ ਪ੍ਰਧਾਨ ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ 'ਚ ਵੱਡੀ ਗਿਣਤੀ ਵਿਚ ਪੁੱਜੇ ਵਰਕਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਜਿੰਦਬੜੀ, ਬ੍ਰਾਂਚ ਪ੍ਰਧਾਨ ਸੁਰਿੰਦਰ ਕੁਮਾਰ, ਜਰਨਲ ਸਕੱਤਰ ਸੋਨੂੰ ਕੁਮਾਰ, ਸਰਕਲ ਜਰਨਲ ਸਕੱਤਰ ਸਤਨਾਮ ਸਿੰਘ ਆਗੂਆਂ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿਚ ਵੱਖ ਵੱਖ ਪੋਸਟਾਂ 'ਤੇ ਪਿਛਲੇ 10 ਤੋਂ 15 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸੰਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ ਯੂਨੀਅਨ ਦੇ 'ਮੰਗ-ਪੱਤਰ' 'ਚ ਦਰਜ ਮੰਗਾਂ ਸੰਬੰਧੀ ਪੰਜਾਬ ਸਰਕਾਰ ਦੀ ਕੈਬਨਿਟ 'ਸਬ-ਕਮੇਟੀ' ਮੈਂਬਰ -ਕਮ- ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਨਾਲ 13 ਫਰਵਰੀ ਨੂੰ ਚੰਡੀਗੜ੍ਹ ਸੈਕਟਰੀਏਟ 'ਚ ਜਥੇਬੰਦੀ ਦੇ ਸੂਬਾ ਆਗੂਆਂ ਦੇ ਨਾਲ ਪੈਨਲ ਮੀਟਿੰਗ ਹੋਈ ਸੀ, ਜਿਸ 'ਚ ਬਣੀ ਸਹਿਮਤੀ ਮੁਤਾਬਕ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਸ਼ਾਮਲ ਕਰਨ ਵਾਸਤੇ ਪਾਲਸੀ (ਤਜਵੀਜ਼) ਤਿਆਰ ਕਰਨ ਲਈ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਸੀ ਅਤੇ ਇਹ ਪਾਲਸੀ ਤਿਆਰ ਕਰਨ ਲਈ 15 ਮਾਰਚ ਤੱਕ ਸਮਾਂ ਲਿਆ ਗਿਆ ਸੀ ਪਰ ਤ੍ਰਾਸਦੀ ਇਹ ਹੈ ਕਿ ਅਜੇ ਤੱਕ ਜਿੱਥੇ ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਨੂੰ ਵਿਭਾਗ 'ਚ ਲੈਣ ਲਈ ਪ੍ਰਪੋਜ਼ਲ ਨਹੀਂ ਬਣਾਈ ਗਈ, ਉਥੇ ਇਸ ਪੈਨਲ ਮੀਟਿੰਗ 'ਚ ਬਣੀ ਸਹਿਮਤੀ ਮੁਤਾਬਿਕ ਪ੍ਰੋਸੀਡਿੰਗ ਤੱਕ ਨਹੀਂ ਜਾਰੀ ਕੀਤੀ ਗਈ। ਜਿਸ ਸੰਬੰਧੀ ਕੈਬਨਿਟ ਸਬ-ਕਮੇਟੀ-ਮੰਤਰੀਆਂ ਅਤੇ ਵਿਭਾਗੀ ਅਧਿਕਾਰੀਆਂ ਨੂੰ ਜਥੇਬੰਦੀ ਵੱਲੋਂ ਦੋ ਵਾਰ 'ਯਾਦ-ਪੱਤਰ' ਭੇਜੇ ਗਏ, ਜਿਸ 'ਤੇ ਵੀ ਕੋਈ ਗੌਰ ਨਹੀਂ ਕੀਤਾ ਗਿਆ,



ਜਿਸ ਤੋਂ ਸਾਬਤ ਹੁੰਦਾ ਹੈ ਕਿ ਕੈਬਨਿਟ ਮੰਤਰੀਆਂ ਦੁਆਰਾ ਜੋ ਵਾਅਦੇ ਪੈਨਲ ਮੀਟਿੰਗ ਵਿੱਚ ਯੂਨੀਅਨ ਦੇ ਨਾਲ ਕੀਤੇ ਗਏ ਸਨ, ਉਹ ਸਰਾਸਰ ਝੂਠੇ ਸਾਬਤ ਹੋ ਰਹੇ ਹਨ। ਜਿਸ ਦੇ ਚਲਦੇ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਯੂਨੀਅਨ ਵੱਲੋਂ ਭਵਿੱਖ ਵਿੱਚ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਕਰਕੇ ਹੁਣ ਮਜਬੂਰੀ ਵੱਸ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 29 ਮਾਰਚ ਨੂੰ ਸੰਗਰੂਰ ਵਿਖੇ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਦਾ ਘਿਰਾਓ ਕਰਕੇ ਪਰਵਾਰਾਂ ਅਤੇ ਬੱਚਿਆਂ ਸਮੇਤ ਪੁਰ ਅਮਨ ਸੂਬਾ ਪੱਧਰੀ ਧਰਨਾ ਅਣਮਿੱਥੇ ਸਮੇਂ ਲਈ ਦਿੱਤਾ ਜਾਵੇਗਾ। ਇਸ ਲਈ ਜੇਕਰ ਫਿਰ ਵੀ ਪੰਜਾਬ ਸਰਕਾਰ ਵੱਲੋਂ ਯੂਨੀਅਨ ਦੇ 'ਮੰਗ-ਪੱਤਰ' 'ਚ ਦਰਜ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਇਸ ਦੇ ਨਾਲ ਹੀ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੀ ਰਿਹਾਇਸ਼ ਦਾ ਵੀ ਘਿਰਾਓ ਕੀਤਾ ਜਾਵੇਗਾ। ਇਸ ਲਈ ਜਥੇਬੰਦੀ ਦੀ ਮੰਗ ਕੀਤੀ ਕਿ ਇੱਕ ਵਰਕਰ ਦੇ ਰੂਪ 'ਚ ਕੰਮ ਕਰਦੇ ਇਨਲਿਸਟਮੈਂਟ/ਆਊਟਰਸੋਰਸ ਵਰਕਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਲਈ ਤੁਰੰਤ ਫੈਸਲਾ ਲਿਆ ਜਾਵੇ। ਕਿਰਤ ਵਿਭਾਗ ਪੰਜਾਬ ਸਰਕਾਰ ਦੇ ਪੱਤਰ ਨੰਬਰ ਐਸਟੀ/10279 ਮਿਤੀ 11-10-2022 ਨੂੰ ਵਧੀਆਂ ਉਜਰਤਾਂ ਤਹਿਤ ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਦੀਆਂ ਉਜਰਤਾਂ 'ਚ ਵੀ ਉਪਰੋਕਤ 715 ਰੁਪਏ ਵਾਧਾ ਲਾਗੂ ਕੀਤਾ ਜਾਵੇ ਅਤੇ ਬਣਦਾ ਪਿਛਲਾ 2 ਸਾਲ ਦਾ ਬਕਾਇਆ ਮਿਹਨਤਾਨਾ ਅਤੇ ਈ ਪੀ ਐਫ ਅਤੇ ਈ ਐਸ ਆਈ ਦਾ ਬਕਾਇਆ ਏਰੀਅਰ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਮੰਗਾਂ ਦਾ ਹੱਲ ਕਰਨ 'ਚ ਅਣਦੇਖੀ ਕੀਤੀ ਜਾ ਰਹੀ ਹੈ ਉਥੇ ਹੀ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਸਾਲਾਂਬੱਧੀ ਅਰਸੇ ਤੋਂ ਕੰਮ ਕਰਦੇ ਇਨਲਿਸਟਮੈਂਟ ਅਤੇ ਆਊਟਸੋਰਸ ਕਾਮਿਆਂ ਨੂੰ ਬੇਰੁਜ਼ਗਾਰ ਕਰਨ ਵਾਲੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਵਰਕਰਾਂ ਦੇ ਕੱਚੇ-ਪਿੱਲੇ ਰੁਜ਼ਗਾਰ ਨੂੰ ਬਚਾਉਣ ਦੇ ਨਾਲ ਨਾਲ ਪੱਕਾ ਰੁਜ਼ਗਾਰ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਪਰੋਕਤ ਉਲੀਕੇ ਸੂਬਾ ਪੱਧਰੀ ਧਰਨੇ 'ਚ ਇਥੋਂ ਵਰਕਰ ਆਪਣੇ ਪਰਵਾਰਾਂ ਅਤੇ ਬੱਚਿਆਂ ਸਮੇਤ ਸ਼ਾਮਲ ਹੋਣਗੇ। ਇਸ ਮੌਕੇ ਵਿਨੋਦ ਕੁਮਾਰ, ਸੰਜੀਵ ਰਾਣਾ, ਸ਼ੰਕਰ ਦਾਸ, ਪੰਕਜ ਕੁਮਾਰ, ਵਰਿਆਮ, ਰਵੀ ਦੱਤ, ਅਮਰਦੀਪ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਤੇ ਦਿਹਾਤੀ ਨੇ ਕੀਤਾ ਸੱਤਿਆਗ੍ਰਹਿ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਵਿੱਚ ਵੱਡੇ ਪੱਧਰ 'ਤੇ ਸ਼ੁਰੂ ਕੀਤੀ ਅੱਜ ਆਲ ਇੰਡੀਆ ਕਾਂਗਰਸ ਕਮੇਟੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਹੁਕਮਾਂ ਅਨੁਸਾਰ ਕੰਪਨੀ ਬਾਗ ਅੰਦਰ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਪ੍ਰਤਿਮਾ ਦੇ ਅੱਗੇ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਵੱਲੋਂ ਸੱਤਿਆਗ੍ਰਹਿ ਕੀਤਾ ਗਿਆ। ਇਹ ਸੱਤਿਆਗ੍ਰਹਿ ਜੋ ਰਾਹੁਲ ਗਾਂਧੀ ਦੀ ਲੋਕ ਸਭਾ ਦੀ ਮੈਂਬਰਸ਼ਿਪ ਰੱਦ ਕੀਤੀ ਗਈ, ਉਸ ਦੇ ਸੰਬੰਧ ਵਿੱਚ ਕੀਤਾ ਗਿਆ। ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕਿਹਾ ਕਿ ਦੇਸ਼ ਵਿੱਚ ਸ਼ਰੇਆਮ ਲੋਕਤੰਤਰ ਦੀ ਹੱਤਿਆ ਕੀਤੀ ਗਈ ਹੈ। ਅੱਜ ਦੇਸ਼ ਵਿੱਚ ਤਾਨਾਸ਼ਾਹੀ ਰਾਜ ਹੈ। ਜਿਸ ਤਰ੍ਹਾਂ ਨਾਲ ਕੇਂਦਰ ਸਰਕਾਰ ਵੱਲੋਂ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਇਸ ਨੂੰ ਕਾਂਗਰਸ ਪਾਰਟੀ ਬਿਲਕੁਲ ਵੀ ਬਰਦਾਸ਼ਤ ਨਹੀ ਕਰੇਗੀ। ਦੇਸ਼ ਵਿੱਚ ਵੱਖ ਵੱਖ ਪਾਰਟੀਆਂ ਵੱਲੋਂ ਪਹਿਲਾਂ ਵੀ ਦੇਸ਼ ਵਿੱਚ ਰਾਜ ਕੀਤਾ ਹੈ ਪਰ ਇਹ ਜਿਹੀ ਤਾਨਾਸ਼ਾਹੀ ਨਹੀਂ ਕੀਤੀ। ਅੱਜ ਸਾਰਾ ਦੇਸ਼ ਡਾ. ਮਨਮੋਹਨ ਸਿੰਘ ਦੇ ਰਾਜ ਨੂੰ ਯਾਦ ਕਰ ਰਿਹਾ ਹੈ। ਉਸ ਸਮੇਂ ਇਹੋ ਜਿਹੀ ਕੋਈ ਤਾਨਾਸ਼ਾਹੀ ਅਤੇ ਧੱਕੇਸ਼ਾਹੀ ਕਦੀ ਕਿਸੇ ਵੀ ਵਿਰੋਧੀ ਪਾਰਟੀ ਦੇ ਲੀਡਰ ਨਾਲ ਨਹੀਂ ਕੀਤੀ ਗਈ। ਇਸ ਤੋਂ ਇਹ ਸਾਫ ਸਾਬਤ ਹੁੰਦਾ ਹੈ ਕਿ ਜੋ ਰਾਹੁਲ ਗਾਂਧੀ ਵੱਲੋਂ ਭਾਰਤ ਜੋੜੋ ਯਾਤਰਾ ਕੀਤੀ ਗਈ ਉਸ ਨੂੰ ਜੋ ਸਾਰੇ ਦੇਸ਼ ਵਿੱਚ ਚੰਗਾ ਹੁੰਗਾਰਾ ਮਿਲਿਆ। ਉਸ ਤੋਂ ਮੋਦੀ ਸਰਕਾਰ ਘਬਰਾ ਕੇ ਇਹੋ ਜਿਹੇ ਵਤੀਰੇ ਕਰ ਰਹੀ ਹੈ। ਇਸ ਮੌਕੇ ਕਰਮਜੀਤ ਕੌਰ ਚੌਧਰੀ, ਪ੍ਰਗਟ ਸਿੰਘ , ਸੁਖਵਿੰਦਰ ਸਿੰਘ ਕੋਟਲੀ , ਅਵਤਾਰ ਸਿੰਘ ਜੂਨੀਅਰ ਬਾਵਾ ਹੈਨਰੀ, ਸੁਸ਼ੀਲ ਰਿੰਕੂ, ਸੁਰਿੰਦਰ ਸਿੰਘ ਚੌਧਰੀ, ਡਾ. ਨਵਜੋਤ ਦਾਹੀਆ, ਪ੍ਰੇਮ ਨਾਥ ਦਕੋਹਾ, ਜਗਜੀਤ ਸਿੰਘ ਕੰਬੋਜ , ਦੀਪਕ ਸ਼ਰਮਾ ਮੋਨਾ, ਹਰੀਸ਼ ਢੱਲ, ਐਡਵੋਕੇਟ ਮਧੂ ਰਚਨਾ, ਰਵਿੰਦਰ ਸਿੰਘ ਲਾਡੀ, ਮੀਨੂ ਬੱਗਾ, ਗੁਰਪਾਲ ਸਿੰਘ, ਦਵਿੰਦਰ ਸਿੰਘ ਲਸਾੜਾ, ਰਕੇਸ਼ ਕੁਮਾਰ ਦੁੱਗਲ, ਬਲਜੀਤ ਸਿੰਘ ਜੌਹਲ, ਤਰਲੋਕ ਸਿੰਘ ਸੰਘਾ, ਪਰਮਿੰਦਰ ਸਿੰਘ ਮੱਲ੍ਹੀ, ਰਣਦੀਪ ਸਿੰਘ ਰਾਣਾ, ਮਹਿੰਦਰ ਪਾਲ ਸਿੰਘ ਟੁਰਨਾ, ਅਵਤਾਰ ਸਿੰਘ, ਰਵੀ ਸੈਣੀ, ਜਗਜੀਤ ਸਿੰਘ ਜੀਤਾ, ਮਨਮੋਹਨ ਸਿੰਘ ਰਾਜੂ, ਸੁਨੀਲ ਸ਼ਰਮਾ, ਸ਼ੈਰੀ ਚੱਢਾ, ਕਰਨ ਪਾਠਕ, ਪਲਣੀ ਸਵਾਮੀ, ਬੰਟੀ ਨੀਲਕੰਠ, ਸੁਰਿੰਦਰ ਭਾਪਾ, ਮਨਮੋਹਨ ਮੋਨਾ, ਨਰੇਸ਼ ਵਰਮਾ , ਸੰਜੂ ਅਰੋੜਾ, ਕੰਚਨ ਠਾਕੁਰ, ਵਿਨੋਦ ਖੰਨਾ, ਗੌਰਵ ਸ਼ਰਮਾ ਨੋਨੀ, ਨਿਸ਼ਾਂਤ ਘਈ, ਵਨਸ਼ਿਕਾ, ਸੁਨੀਲ ਦਕੋਹਾ, ਤਰਸੇਮ ਲਖੋਤਰਾ, ਪਰਮਜੀਤ ਸਿੰਘ ਪੰਮਾ, ਸੁੱਖਵਿੰਦਰ ਸੁੱਚੀ ਪਿੰਡ, ਹਰਜੋਧ ਜੋਧਾ, ਹਰਪਾਲ ਮਿੰਟੂ, ਅਮਨ ਧੰਨੋਵਾਲੀ, ਤਜਿੰਦਰ ਧੰਨੋਵਾਲੀ, ਰਾਣਾ ਹਰਸ਼ ਵਰਮਾ, ਪਾਸ਼ੀ ਦਕੋਹਾ, ਕਪਿਲ ਦੇਵ, ਗੋਲੀ ਹਾਂਡਾ ਮੌਜੂਦ ਸਨ।



# ਸਰਕਾਰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਵਚਨਬੱਧ : ਮਾਨ

**ਨੂਰਮਹਿਲ , ( ਬਾਲ ਕ੍ਰਿਸ਼ਨ ਬਾਲੀ)**
ਸੂਬੇ 'ਚ ਬੇਮੌਸਮੀ ਬਰਸਾਤ ਅਤੇ ਗੜੇਮਾਰੀ ਦਾ ਨੁਕਸਾਨ ਬਹੁਤ ਸਾਰੇ ਕਿਸਾਨਾਂ ਅਤੇ ਮਜਦੂਰਾਂ ਨੂੰ ਝੱਲਣਾ ਪਿਆ ਹੈ ਪਰ ਇਸ ਨੁਕਸਾਨ ਦੀ ਭਰਪਾਈ ਮਾਨ ਸਰਕਾਰ ਭਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ । ਇਹ ਵਿਚਾਰਾਂ ਦਾ ਪ੍ਰਗਟਾਵਾ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਨੇ ਹਲਕਾ ਨਕੋਦਰ ਦੇ ਵੱਖ-ਵੱਖ ਪਿੰਡਾਂ ਚ ਨੁਕਸਾਨੀਆਂ ਫਸਲਾਂ ਦੇਖਣ ਦੇ ਦੌਰੇ ਤੋਂ ਬਾਅਦ ਕੀਤਾ । ਮੈਡਮ ਮਾਨ ਤਰਫੋਂ ਉੱਗੀ , ਖੀਵਾ , ਨੂਰਪੁਰ, ਢੱਡਾ ਦਿਲਖਾਪੁਰ, ਕਾਂਗਣਾ, ਨਵਾਂ ਪਿੰਡ ਮੱਲੀਆਂ, ਲਿੱਤਰਾਂ , ਬੀਰ ਪਿੰਡ ,ਪੰਡੋਰੀ , ਸਿੱਧਵਾਂ, ਉੱਪਲ ਜਾਗੀਰ , ਮੀਰਪੁਰ ਮਾੜੀ , ਗਿੱਲਾਂ ਆਦਿ ਪਿੰਡਾਂ ਚ ਦੌਰਾ ਕਰ ਕਿਸਾਨਾਂ ਮਜਦੂਰਾਂ ਨਾਲ ਗੱਲਬਾਤ ਕੀਤੀ ਅਤੇ ਜਾਇਜ਼ਾ ਲਿਆ । ਕਈ ਕਿਸਾਨਾਂ ਨੇ ਇਹ ਵੀ ਕਿਹਾ ਕਿ ਜਦੋਂ ਨੁਕਸਾਨ ਦਾ ਮੁਆਵਜਾ ਮਿਲਣਾ ਹੈ ਇਹ ਧਿਆਨ 'ਚ ਰੱਖਿਆ ਜਾਵੇ ਕੇ ਉਹ ਸੰਬੰਧਿਤ ਠੇਕੇਦਾਰ ਨੂੰ ਹੀ ਮਿਲੇ ਨਾ ਕਿ ਮਾਲਕ ਨੂੰ ਕਿਉਂਕਿ ਪੁੱਤਾਂ ਵਾਂਗ ਪਾਲੀਆਂ ਫਸਲਾਂ ਦਾ ਜਦੋਂ ਨੁਕਸਾਨ ਹੁੰਦਾ ਹੈ ਤਾਂ ਉਹ ਅਸਹਿ ਹੁੰਦਾ ਹੈ । ਬੀਬੀ ਮਾਨ ਨੇ ਕਿਸਾਨਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕੇ ਅਫਸਰਾਂ ਨੂੰ ਸਪੈਸ਼ਲ ਗਿਰਦਾਵਰੀ ਕਰਕੇ ਜਲਦੀ ਤੋਂ ਜਲਦੀ ਰਿਪੋਰਟ ਤਿਆਰ ਕਰਨ ਲਈ ਹੁਕਮ ਕਰ ਦਿੱਤੇ ਗਏ ਹਨ ਅਤੇ ਜਲਦ ਹੀ ਸੰਬੰਧਿਤ ਐਸ ਡੀ ਐਮ , ਤਹਿਸੀਲਦਾਰ ਤੁਹਾਡੇ ਕੋਲ ਆਉਣਗੇ ਤਾਂ ਜੋ ਤੁਹਾਡੇ ਨੁਕਸਾਨ ਦੀ ਭਰਪਾਈ ਹੋ ਸਕੇ ।



# ਸਿੱਖਿਆ ਤੇ ਰੁਜ਼ਗਾਰ ਲਈ ਭਲਾਈ ਸਕੀਮਾਂ ਨੂੰ ਉਤਸ਼ਾਹਤ ਕਰਨ ਦੀ ਲੋੜ : ਰਿੰਚਨ ਲਾਮੋ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**- ਘੱਟ ਗਿਣਤੀ ਵਰਗਾਂ ਵਿੱਚ ਸਮਾਨਤਾ ਨੂੰ ਯਕੀਨੀ ਬਣਾਉਣ ਲਈ ਸਿੱਖਿਆ ਅਤੇ ਰੁਜ਼ਗਾਰ ਨਾਲ ਸੰਬੰਧਤ ਭਲਾਈ ਸਕੀਮਾਂ ਨੂੰ ਉਤਸ਼ਾਹਤ ਕਰਨ ਦੀ ਅਜੇ ਵੀ ਲੋੜ ਹੈ। ਇਹ ਪ੍ਰਗਟਾਵਾ ਕੌਮੀ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਰਿੰਚਨ ਲਾਮੋ ਨੇ ਅੱਜ ਇੱਥੇ ਪ੍ਰਬੰਧਕੀ ਕੰਪਲੈਕਸ ਵਿਖੇ ਵੱਖੋ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਰਿੰਚਨ ਲਾਮੋ ਨੇ ਕਿਹਾ ਕਿ ਵਿਤਕਰੇ ਦੇ ਮਾਮਲਿਆਂ ਨਾਲ ਨਜਿੱਠਣ ਦੇ ਨਾਲ-ਨਾਲ ਇਹ ਕੌਮੀ ਘੱਟ ਗਿਣਤੀ ਕਮਿਸ਼ਨ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਡੇ ਦੇਸ਼ ਦੇ ਘੱਟ ਗਿਣਤੀ ਵਰਗਾਂ ਲਈ ਚਲਾਏ ਜਾ ਰਹੇ ਸਾਰੇ ਪ੍ਰੋਗਰਾਮਾਂ ਅਤੇ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰੇ। ਵੱਖ-ਵੱਖ ਘੱਟ ਗਿਣਤੀ ਵਰਗਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾ ਭਰੋਸਾ ਦਿੱਤਾ ਕਿ ਘੱਟ ਗਿਣਤੀਆਂ ਨਾਲ ਸੰਬੰਧਤ ਸਾਰੇ ਮੁੱਦਿਆਂ ਨੂੰ ਨਿਸਚਤ ਸਮੇਂ ਵਿੱਚ ਹੱਲ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸਭ ਨੂੰ ਨਾਲ ਲੈ ਕੇ ਅੱਗੇ ਵਧਣਾ ਹੈ ਤੇ ਸਭ ਨੂੰ ਇਕਮੁੱਠ ਹੋ ਕੇ ਚੱਲਣਾ ਚਾਹੀਦਾ ਹੈ। ਭਾਰਤ ਵਿੱਚ ਹਰ ਧਰਮ ਨੂੰ ਅਜ਼ਾਦੀ ਹੈ ਤੇ ਇਸ ਪੱਖ ਨੂੰ ਕਾਇਮ ਰੱਖਣ ਲਈ ਹੀ ਕਮਿਸ਼ਨ ਬਣਾਏ ਗਏ ਹਨ। ਰਿੰਚਨ ਲਾਮੋ ਨੇ ਕਿਹਾ ਕਿ ਸਿੱਖਿਆ ਸੰਬੰਧੀ ਵੱਖੋ-ਵੱਖੋ ਸਕਾਲਰਸ਼ਿਪ ਸਕੀਮਾਂ ਤੇ ਵੱਖੋ ਵੱਖ ਯੋਜਨਾਵਾਂ ਹਨ। ਜ਼ਿਲ੍ਹਾ ਪ੍ਰਸ਼ਾਸਨ 'ਤੇ ਵੱਖੋ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਲੋਕਾਂ ਨੂੰ ਇਨ੍ਹਾਂ ਸਕੀਮਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕਰ ਕੇ ਲਾਭ ਪੁੱਜਦਾ ਕਰਨਾ ਯਕੀਨੀ ਬਣਾਉਣ। ਉਨ੍ਹਾ ਦੱਸਿਆ ਕਿ ਸਿਵਲ ਸੇਵਾਵਾਂ ਦੀਆਂ ਤਿਆਰੀਆਂ ਸੰਬੰਧੀ ਵੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਰੁਜ਼ਗਾਰ ਪ੍ਰਾਪਤੀ ਨੂੰ ਮੁੱਖ ਰੱਖਦੇ ਹੋਏ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਵੱਖੋ-ਵੱਖ ਸਕੀਮਾਂ ਹਨ। ਰਿੰਚਨ ਲਾਮੋ ਨੇ ਕਿਹਾ ਕਿ ਉਹ ਵੱਖੋ ਵੱਖ ਭਾਈਚਾਰਿਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਏਥੇ ਪੁੱਜੇ ਹਨ। ਉਨ੍ਹਾ ਨੇ ਵੱਖੋ ਵੱਖ ਭਾਈਚਾਰਿਆਂ ਤੋਂ ਉਨ੍ਹਾਂ ਦੀਆਂ ਦਿੱਕਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਨ੍ਹਾਂ ਵਿੱਚ ਜ਼ਮੀਨਾਂ ਉੱਤੇ ਕਬਜ਼ੇ ਸੰਬੰਧੀ ਮਸਲੇ, ਬੱਚਿਆਂ ਦੇ ਦਾਖਲੇ ਸੰਬੰਧੀ ਦਿੱਕਤਾਂ ਸਮੇਤ ਵੱਖੋ ਵੱਖ ਦਿੱਕਤਾਂ ਤੇ ਮਸਲੇ ਸ਼ਾਮਲ ਸਨ। ਰਿੰਚਨ ਲਾਮੋ ਨੇ ਮੁਸ਼ਕਲਾਂ ਤੇ ਮਸਲਿਆਂ ਦੇ ਹੱਲ ਦਾ ਭਰੋਸਾ ਦਿੱਤਾ। ਉਨ੍ਹਾ ਕਿਹਾ ਕਿ ਆਹਮੋ ਸਾਹਮਣੇ ਬੈਠ ਕੇ ਗੱਲ ਕਰਨ ਨਾਲ ਕਈ ਮਸਲੇ ਸਾਹਮਣੇ ਆ ਜਾਂਦੇ ਹਨ। ਜਦੋਂ ਫਾਸਲਾ ਵਧ ਜਾਂਦਾ ਹੈ ਤਾਂ ਕਈ ਤਰ੍ਹਾਂ ਦੇ ਮਸਲੇ ਖੜ੍ਹੇ ਹੋ ਜਾਂਦੇ ਹਨ। ਰਲ ਕੇ ਬੈਠਣ ਨਾਲ ਤੇ ਗੱਲਬਾਤ ਕਰਨ ਨਾਲ ਮਸਲੇ ਹੱਲ ਹੋ ਜਾਂਦੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੱਧਰ ਦੀਆਂ ਮੁਸ਼ਕਲਾਂ ਤੇ ਮਸਲੇ ਹਰ ਹਾਲ ਹੱਲ ਕੀਤੀਆਂ ਜਾਣਗੀਆਂ। ਇਸ ਮੌਕੇ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਇੰਦਰਪਾਲ, ਜ਼ਿਲ੍ਹਾ ਸਮਾਜਕ ਨਿਆਂ ਤੇ ਅਧਿਕਾਰਤਾ ਅਫਸਰ ਰਵਿੰਦਰਪਾਲ ਸਿੰਘ, ਤਹਿਸੀਲ ਭਲਾਈ ਅਫਸਰ ਅਤਿੰਦਰਪਾਲ ਸਿੰਘ, ਸਮੇਤ ਵੱਖੋ ਵੱਖ ਭਾਈਚਾਰਿਆਂ ਦੇ ਨੁਮਾਇੰਦੇ ਤੇ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ।

# ਸ਼ਹੀਦ ਬਾਬਾ ਦੀਪ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਦਿਹਾਣਾ ਵਿਖੇ ਬਸਤੀ ਕਰਮ ਸਿੰਘਪੁਰਾ ਦੇ ਅਸਥਾਨ 'ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਯਾਦ ਵਿਚ ਮਹਾਨ ਗੁਰਮਿਤ ਸਮਾਗਮ ਜਥੇਬੰਦੀ ਦੇ ਮੁੱਖੀ ਜਥੇਦਾਰ ਬਾਬਾ ਅਜੀਤ ਸਿੰਘ ਬਾਸੀ ਮੁੱਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਮਿਸਲ ਸ਼ਹੀਦਾਂ ਤਰਨਾ ਦਲ ਦਿਹਾਣਾ ਦੀ ਅਗਵਾਈ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸ੍ਰੀ ਸੁਖਮਨੀ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਜਥੇਦਾਰ ਬਾਸੀ ਦਿਹਾਣਾ, ਭਾਈ ਮਨਜੀਤ ਸਿੰਘ ਮੌਜੀ ਭੁੰਗਰਨੀ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਦਵਾਈ ਦਿੰਦਿਆਂ ਉਨਾਂ ਕਿਹਾ ਕਿ ਦੇਸੀ ਦਵਾਈ ਨਾਲ ਹਜ਼ਾਰਾਂ ਮਰੀਜ ਠੀਕ ਹੋ ਚੁੱਕੇ ਹਨ। ਇਸ ਮੌਕੇ ਬੀਬੀ ਤਰਸੇਮ ਕੌਰ ਬਾਸੀ, ਬਾਬਾ ਬਲਰਾਜ ਸਿੰਘ ਗਿੱਲ ਰਹੌਲੀ, ਬਾਬਾ ਮੱਖਣ ਸਿੰਘ, ਕਮਲਜੀਤ ਸਿੰਘ ਫੁਗਲਾਣਾ, ਹਰਭਗਤ ਸਿੰਘ ਬਾਸੀ, ਬਲਦੇਵ ਸਿੰਘ ਬਾਸੀ, ਹਰਭਜਨ ਸਿੰਘ ਗਿੱਲ ਰਹੌਲੀ, ਹਰਗੋਬਿੰਦ ਸਿੰਘ ਬਾਸੀ, ਜੋਰਾਵਰ ਸਿੰਘ ਬਾਸੀ ਆਦਿ ਹਾਜ਼ਰ ਸਨ।

# ਬਿਜਲੀ ਵਿਭਾਗ 'ਚ ਨਵੀਂ ਭਰਤੀ ਦੀ ਪ੍ਰਕਿਰਿਆ ਮੁਕੰਮਲ, ਨਿਯੁਕਤੀ ਪੱਤਰ ਛੇਤੀ ਜਾਰੀ : ਈ ਟੀ ਓ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਲਗਾਤਾਰ ਰੁਜ਼ਗਾਰ ਮੁਹੱਈਆ ਕਰਵਾ ਰਹੀ ਹੈ ਅਤੇ ਬਿਜਲੀ ਵਿਭਾਗ ਵੱਲੋਂ ਛੇਤੀ ਹੀ 2424 ਖਾਲੀ ਅਸਾਮੀਆਂ 'ਤੇ ਯੋਗ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣਗੇ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਦੱਸਿਆ ਕਿ ਪੀ ਐਸ ਪੀ ਸੀ ਐਲ ਵਿੱਚ ਗਰੁੱਪ ਏ, ਬੀ ਅਤੇ ਸੀ ਵੱਖ-ਵੱਖ 2424 ਅਸਾਮੀਆਂ ਵਿਰੁੱਧ ਭਰਤੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਹੈ ਅਤੇ ਨੇੜ ਭਵਿੱਖ 'ਚ ਯੋਗ ਉਮੀਦਵਾਰਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਬੀਤੇ ਇੱਕ ਸਾਲ ਦੌਰਾਨ ਬਿਜਲੀ ਵਿਭਾਗ ਵਿੱਚ 1397 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਕੈਬਨਿਟ ਮੰਤਰੀ ਨੇ ਨਵੀਆਂ 2424 ਅਸਾਮੀਆਂ ਸੰਬੰਧੀ ਵੇਰਵੇ ਦਿੰਦਿਆਂ ਦੱਸਿਆ ਕਿ ਇਨ੍ਹਾਂ ਵਿੱਚ 2 ਅਸਿਸਟੈਂਟ ਮੈਨੇਜਰ (ਆਈ ਟੀ, ਗਰੁੱਪ ਏ), 36 ਜੂਨੀਅਰ ਇੰਜੀਨੀਅਰ (ਗਰੁੱਪ ਬੀ) ਅਤੇ 2386 ਅਸਿਸਟੈਂਟ ਲਾਈਨਮੈਨ, ਐਲ ਡੀ ਸੀ, ਕਲਰਕ (ਗਰੁੱਪ ਬੀ) ਆਦਿ ਸ਼ਾਮਲ ਹਨ, ਜਿਨ੍ਹਾਂ ਨੂੰ ਛੇਤੀ ਹੀ ਨਿਯੁਕਤੀ ਪੱਤਰ ਜਾਰੀ ਕੀਤੇ ਜਾਣਗੇ। ਬਿਜਲੀ ਮੰਤਰੀ ਨੇ ਬੀਤੇ ਸਾਲ ਦੌਰਾਨ ਮੁਹੱਈਆ ਕਰਵਾਈਆਂ ਗਈਆਂ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ 26 ਅਸਿਸਟੈਂਟ ਇੰਜੀਨੀਅਰ (ਇਲੈਕਟ੍ਰੀਕਲ), 5 ਅਸਿਸਟੈਂਟ ਮੈਨੇਜਰ (ਆਈ ਟੀ), 85 ਜੂਨੀਅਰ ਇੰਜੀਨੀਅਰ (ਇਲੈਕਟ੍ਰੀਕਲ), 59 ਜੂਨੀਅਰ ਇੰਜੀਨੀਅਰ (ਸਬ-ਸਟੇਸ਼ਨ), 14 ਜੂਨੀਅਰ ਇੰਜੀਨੀਅਰ (ਸਿਵਲ), 294 ਏ ਐਸ ਐਸ ਏ, 8 ਇਲੈਕਟ੍ਰੀਸ਼ਨ (ਗਰੇਡ-2), 8 ਅਸਿਸਟੈਂਟ ਲਾਈਨਮੈਨ, 3 ਸੁਪਰਡੰਟ (ਡਵੀਜ਼ਨਲ ਅਕਾਊਂਟਸ), 25 ਰੈਵੇਨਿਊ ਅਕਾਊਂਟੈਂਟ, 677 ਐਲ ਡੀ ਸੀ/ਕਲਰਕ, 60 ਸੇਵਾਦਾਰ/ਚੌਕੀਦਾਰ (ਤਰਸ ਦੇ ਅਧਾਰ 'ਤੇ) 38 ਐਲ ਡੀ ਸੀ (ਤਰਸ ਦੇ ਅਧਾਰ 'ਤੇ) ਅਤੇ 95 ਆਰ ਟੀ ਐਮ ਆਦਿ ਨੂੰ ਭਰਤੀ ਕੀਤਾ ਗਿਆ ਹੈ। ਹਰਭਜਨ ਸਿੰਘ ਈ ਟੀ ਓ ਨੇ ਅੱਗੇ ਦੱਸਿਆ ਕਿ ਬੀਤੇ ਇੱਕ ਸਾਲ ਦੌਰਾਨ ਸੂਬੇ ਦੇ ਲਗਭੱਗ 27 ਹਜ਼ਾਰ ਯੋਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਉਨ੍ਹਾ ਕਿਹਾ ਕਿ ਇਹ ਨੌਕਰੀਆਂ ਯੋਗਤਾ ਅਤੇ ਨਿਰੋਲ ਮੈਰਿਟ ਦੇ ਅਧਾਰ 'ਤੇ ਮੁਹੱਈਆ ਕਰਵਾਈਆਂ ਗਈਆਂ ਹਨ।



# ਧਾਰਮਕ ਸਥਾਨ 'ਤੇ ਰਾਜਨੀਤੀ ਕਰਕੇ ਕੇਜਰੀਵਾਲ ਨੇ ਕੀਤਾ ਬੱਜਰ ਗੁਨਾਹ : ਅਰਵਿੰਦ ਖੰਨਾ

**ਜਲੰਧਰ, (ਸ਼ੈਲੀ ਐਲਬਰਟ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਰਵਿੰਦ ਖੰਨਾ ਨੇ ਕਿਹਾ ਕਿ ਡੇਰਾ ਬੱਲਾਂ ਵਿਖੇ ਗੁਰੂ ਰਵਿਦਾਸ ਅਧਿਐਨ ਕੇਂਦਰ ਦੇ ਨੀਂਹ ਪੱਥਰ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਤੋਂ ਉੱਪਰ ਆਪਣਾ ਨਾਂਅ ਲਿਖਾ ਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਦੇ ਸੰਵਿਧਾਨਕ ਅਹੁਦੇ ਦਾ ਨਿਰਾਦਰ ਕੀਤਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਖੰਨਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਚੁਣੇ ਮੁੱਖ ਮੰਤਰੀ ਦਾ ਨਾਂਅ ਇੱਕ ਬਾਹਰਲੇ ਸੂਬੇ ਦੇ ਆਗੂ ਜਾਂ ਪਾਰਟੀ ਪ੍ਰਧਾਨ ਦੇ ਨਾਂਅ ਹੇਠਾਂ ਲਿਖਣਾ ਸਮੁੱਚੇ ਪੰਜਾਬੀਆਂ ਦਾ ਨਿਰਾਦਰ ਹੈ। ਉਨ੍ਹਾ ਕਿਹਾ ਕਿ ਦਰਅਸਲ ਕੇਜਰੀਵਾਲ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਭਗਵੰਤ ਮਾਨ ਤਾਂ ਸਿਰਫ ਇੱਕ ਕਲਾਸ ਦਾ ਮੋਨੀਟਰ ਹੈ ਜਦਕਿ ਪ੍ਰਿੰਸੀਪਲ ਉਹ ਖੁਦ ਹਨ। ਇਸ ਲਈ ਉਹ ਜੋ ਕੁਝ ਚਾਹੁੰਦੇ ਹਨ ਭਗਵੰਤ ਮਾਨ ਉਹੀ ਪਾਠ ਕਲਾਸ ਦੇ ਸਹਿਪਾਠੀਆਂ ਨੂੰ ਪੜ੍ਹਾ ਦਿੰਦੇ ਹਨ। ਉਨ੍ਹਾ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਦਲਾਅ ਦੀ ਉਮੀਦ ਰੱਖ ਕੇ ਉਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਜੇਤੂ ਬਣਾਇਆ ਹੈ। ਜਿਸ ਸਦਕਾ ਆਮ ਆਦਮੀ ਪਾਰਟੀ ਦੀ ਸਮੁੱਚੇ ਦੇਸ਼ ਵਿੱਚ ਪਹਿਚਾਣ ਬਣਨ ਦੀ ਸ਼ੁਰੂਆਤ ਹੋਈ ਸੀ, ਪਰ ਕੇਜਰੀਵਾਲ ਨੇ ਇੱਕ ਗਲਤ ਰਿਵਾਜ ਸ਼ੁਰੂ ਕਰਕੇ ਇਸ ਪਾਰਟੀ ਦੇ ਪਤਨ ਦੀ ਸ਼ੁਰੂਆਤ ਕਰ ਦਿੱਤੀ ਹੈ। ਉਨ੍ਹਾ ਕਿਹਾ ਕਿ ਕੇਜਰੀਵਾਲ ਵੱਲੋਂ ਰਿਮੋਟ ਨਾਲ ਚਲਾਈ ਜਾ ਰਹੀ ਪੰਜਾਬ ਸਰਕਾਰ ਕਾਰਨ ਪੰਜਾਬ ਦਾ ਵੱਡਾ ਪੱਧਰ 'ਤੇ ਨੁਕਸਾਨ ਹੋ ਰਿਹਾ ਹੈ। ਇਹ ਹੀ ਕਾਰਨ ਹੈ ਕਿ ਪੰਜਾਬ ਵਿੱਚ ਇਸ ਸਮੇਂ ਨਾ ਤਾਂ ਕੋਈ ਕਾਨੂੰਨ ਹੈ ਅਤੇ ਨਾ ਹੀ ਸੂਬੇ ਦੇ ਲੋਕਾਂ ਦੀ ਜਾਨਮਾਲ ਦੀ ਰਾਖੀ ਦੀ ਕੋਈ ਉਮੀਦ। ਉਨ੍ਹਾ ਕਿਹਾ ਕਿ ਕੇਜਰੀਵਾਲਾ ਖੁਦ ਪੰਜਾਬ ਦੇ ਮੋਹਾਲੀ ਸ਼ਹਿਰ ਜਿੱਡੇ ਸੂਬੇ ਦੀ ਨੁਮਾਇੰਦਗੀ ਕਰ ਰਹੇ ਹਨ ਜਦਕਿ ਪੰਜਾਬ ਰਕਬੇ ਅਤੇ ਸਿਆਸਤ ਵਿੱਚ ਦਿੱਲੀ ਨਾਲੋਂ ਬਹੁਤ ਵੱਡਾ ਹੈ। ਇਸ ਲਈ ਮੁੱਖ ਮੰਤਰੀ ਮਾਨ ਨੂੰ ਚਾਹੀਦਾ ਹੈ ਕਿ ਉਹ ਦਿੱਲੀ ਮਾਡਲ ਜਾਂ ਦਿੱਲੀ ਦਰਬਾਰ ਦੇ ਦਬਾਅ ਹੇਠ ਆ ਕੇ ਕੋਈ ਅਜਿਹਾ ਕਦਮ ਨਾ ਚੁੱਕਣ ਜਿਸ ਨਾਲ ਸੂਬੇ ਦੇ ਹਿੱਤਾਂ ਦਾ ਨੁਕਸਾਨ ਹੋਵੇ। ਉਨ੍ਹਾ ਕਿਹਾ ਕਿ ਇੱਕ ਧਾਰਮਿਕ ਸਥਾਨ 'ਤੇ ਰਾਜਨੀਤੀ ਕਰਕੇ ਕੇਜਰੀਵਾਲ ਨੇ ਬੱਜਰ ਗੁਨਾਹ ਕੀਤਾ ਹੈ। ਜਿਸ ਲਈ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ।

# ਅੱਜ ਦੇ ਯੁੱਗ 'ਚ ਖ਼ੂਨ ਦਾ ਕੋਈ ਬਦਲ ਨਹੀਂ : ਹਲਕਾ ਵਿਧਾਇਕ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਬਲਾਕ ਨੂਰਪੁਰ ਬੇਦੀ ਦੇ ਨਜ਼ਦੀਕ ਪਿੰਡ ਚੋਤਾਂ ਵਿਖੇ ਸ੍ਰੀ ਗੁਰੂ ਰਾਮ ਰਾਏ ਸਪੋਰਟਸ ਕਲੱਬ ਵੱਲੋਂ ਸਵ : ਸਰਨਜੀਤ ਸਿੰਘ ਲਾਡੀ, ਹਰਵਿੰਦਰ ਸਿੰਘ ਓਰਫ ਬੁੱਧ ਰਾਮ ਅਤੇ ਹਰਮਨਦੀਪ ਦੀ ਯਾਦ ਵਿੱਚ ਪਹਿਲਾ ਖ਼ੂਨਦਾਨ ਕੈਂਪ ਲਗਾਇਆ ਗਿਆ । ਇਸ ਦੌਰਾਨ ਬਲੱਡ ਬੈਂਕ ਸ੍ਰੀ ਅਨੰਦਪੁਰ ਸਾਹਿਬ ਦੀ ਟੀਮ ਨੇ ਬਖਤਾਵਰ ਸਿੰਘ ਰਾਣਾ ਦੀ ਅਗਵਾਈ ਹੇਠ ਖ਼ੂਨਦਾਨ ਕੈਂਪ ਦੌਰਾਨ ਖ਼ੂਨ ਇਕੱਤਰ ਕੀਤਾ । ਇਸ ਕੈਂਪ 'ਚ 55 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ । ਇਸ ਕੈਂਪ ਵਿੱਚ ਨੌਜਵਾਨ ਹਲਕਾ ਵਿਧਾਇਕ ਦਿਨੇਸ਼ ਚੱਢਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ । ਇਸ ਕੈਂਪ ਵਿੱਚ ਹਲਕਾ ਵਿਧਾਇਕ ਨੇ ਖ਼ੂਨਦਾਨੀਆਂ ਨੂੰ ਬੈਜ ਲਾ ਕੇ ਸਨਮਾਨਤ ਕੀਤਾ । ਹਲਕਾ ਵਿਧਾਇਕ ਨੇ ਸੰਬੋਧਨ ਦੌਰਾਨ ਕਿਹਾ ਕਿ ਖ਼ੂਨ ਦਾਨ ਮਹਾਂ ਦਾਨ ਹੈ । ਅੱਜ ਦੇ ਆਧੁਨਿਕ ਯੁੱਗ ਵਿੱਚ ਵੀ ਖ਼ੂਨ ਦਾ ਕੋਈ ਬਦਲ ਨਹੀਂ ਹੈ। ਇਸ ਲਈ ਉਨ੍ਹਾਂ ਨੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੀਰਥ ਸਿੰਘ ਚੇਅਰਮੈਨ, ਸਤਨਾਮ ਸਿੰਘ ਨਾਗਰਾ, ਰਾਮ ਪ੍ਰਤਾਪ ਸਰਥਲੀ ਸਰਕਲ ਪ੍ਰਧਾਨ, ਸਾਹਿਬਜੀਤ ਸਿੰਘ ਪ੍ਰਧਾਨ, ਸਰਪੰਚ ਵਿਜੇ ਕੁਮਾਰ, ਦਲੇਰ ਸਿੰਘ, ਰਾਹੁਲ ਸੈਣੀ, ਜਸਨ ਸੈਣੀ, ਅਜੀਤ ਸਿੰਘ, ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ ਫੌਜੀ, ਕੇਵਲ ਸਿੰਘ ਲੰਬੜਦਾਰ ਅਤੇ ਪਿੰਡ ਵਾਸੀ ਹਾਜ਼ਰ ਸਨ ।



# ਗਿਰਦਾਵਰੀ ਦੇ ਹੁਕਮ

**ਜਲੰਧਰ (ਸੁਰਿੰਦਰ ਕੁਮਾਰ)**-ਸਥਾਨਕ ਜਲੰਧਰ ਵਿੱਚ ਸਾਰੇ ਸਮੂਹ ਉਪ ਮੰਡਲ ਮੈਜਿਸਟ੍ਰੇਟਾਂ ਨੂੰ ਹਾੜ੍ਹੀ-2023 ਮਾਰਚ ਦੌਰਾਨ ਭਾਰੀ ਬਾਰਸ਼, ਗੜੇਮਾਰੀ ਕਾਰਨ ਜ਼ਿਲ੍ਹੇ 'ਚ ਫ਼ਸਲਾਂ ਦੇ ਹੋਏ ਖ਼ਰਾਬੇ ਦੀ ਵਿਸ਼ੇਸ਼ ਗਿਰਦਾਵਰੀ ਕਰਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਸਮੁੱਚੇ ਜ਼ਿਲ੍ਹੇ ਦੀ ਨਿਯਮਾਂ ਅਨੁਸਾਰ ਵਿਸ਼ੇਸ਼ ਗਿਰਦਾਵਰੀ ਕਰਕੇ ਇੱਕ ਹਫਤੇ ਦੇ ਅੰਦਰ ਡੀ ਸੀ ਦਫਤਰ ਨੂੰ ਰਿਪੋਰਟ ਭੇਜੀ ਜਾਵੇ ਤਾਂ ਜੋ ਕਿਸਾਨਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਸਮੇਂ ਸਿਰ ਦੇਣ ਲਈ ਅਗਲੇਰੀ ਕਾਰਵਾਈ ਜਲਦ ਅਮਲ ਵਿੱਚ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੇ ਨਾਲ ਖੜ੍ਹਾ ਹੈ ਅਤੇ ਕਿਸਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੇ ਉਨ੍ਹਾਂ ਨੂੰ ਸਮੇਂ ਸਿਰ ਉਚਿਤ ਮੁਆਵਜ਼ਾ ਦਿਵਾਉਣ ਲਈ ਵਚਨਬੱਧ ਹੈ।

## ਬਰਾੜ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਲ

**ਜਲੰਧਰ (ਸੁਰਿੰਦਰ ਕੁਮਾਰ)**-ਸਥਾਨਕ ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਜਗਬੀਰ ਸਿੰਘ ਬਰਾੜ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੀਤਲ ਅੰਗੁਰਾਲ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਰਾਜਵਿੰਦਰ ਕੌਰ ਥਿਆੜਾ ਤੋਂ ਇਲਾਵਾ ਪਾਰਟੀ ਦੇ ਹੋਰ ਵੀ ਸੀਨੀਅਰ ਲੀਡਰ ਹਾਜ਼ਰ ਸਨ।

# ਫਸਲਾਂ ਦੇ ਹੋਏ ਨੁਕਸਾਨ ਦੀ ਤੁਰੰਤ ਗਿਰਦਾਵਰੀ ਤੇ ਮੁਆਵਜ਼ੇ ਦੀ ਮੰਗ



**ਰੋਪੜ (ਬਿੰਦਰਾ)**- ਝੋਨੇ ਦੀ ਫਸਲ ਵਿੱਚ ਕਿਸਾਨਾਂ ਨੂੰ ਮਾਰ ਪਈ ਸੀ। ਅੰਨਦਾਤੇ ਨੂੰ ਆਸ ਸੀ ਕਿ ਕਣਕ ਦੀ ਫਸਲ ਉਨ੍ਹਾਂ ਦੇ ਘਾਟੇ ਨੂੰ ਪੂਰਾ ਕਰ ਦੇਵੇਗੀ ਪਰ ਬੇਮੌਸਮੀ ਬਰਸਾਤ ਅਤੇ ਹਨੇਰੀਆਂ ਨੇ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਖੇਤੀ ਮਾਹਰਾਂ ਦਾ ਕਹਿਣਾ ਸੀ ਕਿ ਕਣਕ ਦੀ ਬੰਪਰ ਫਸਲ ਕਿਸਾਨਾਂ ਦੀ ਆਰਥਕਤਾ ਨੂੰ ਮਜ਼ਬੂਤ ਕਰੇਗੀ। ਪਰ ਬੇਮੌਸਮੀ ਬਰਸਾਤ ਨੇ ਇਸ 'ਤੇ ਪਾਣੀ ਫੇਰ ਦਿੱਤਾ ਹੈ। ਮੌਸਮ ਵਿਭਾਗ ਅਨੁਸਾਰ 25 ਮਾਰਚ ਨੂੰ ਰੋਪੜ ਵਿੱਚ 37 ਐਮ ਐਮ ਅਤੇ ਅਨੰਦਪੁਰ ਸਾਹਿਬ ਦੇ ਏਰੀਏ ਵਿੱਚ 22 ਐਮ ਐਮ ਬਾਰਸ਼ ਹੋਈ । ਜਿਸ ਨਾਲ ਦਾਨਿਆਂ ਨਾਲ ਭਰੇ ਸਿੱਟਿਆਂ ਵਾਲੀ ਕਣਕ ਜ਼ਮੀਨ 'ਤੇ ਵਿਛ ਗਈ। ਇੱਕ ਕਿਸਾਨ ਦੇ ਦੱਸਣ ਅਨੁਸਾਰ ਧਰਤੀ 'ਤੇ ਡਿੱਗੀ ਕਣਕ ਨੂੰ ਕੱਟਣ ਲਈ ਭਾਰੀ ਖਰਚਾ ਆਵੇਗਾ ਕਿਉਂਕਿ ਇਸ ਦੀ ਕਟਾਈ ਕੰਬਾਈਨ ਨਾਲ ਨਹੀਂ ਹੋ ਸਕਦੀ ਅਤੇ ਲੇਬਰ ਰਾਹੀਂ ਕਟਾਉਣ 'ਤੇ ਜ਼ਿਆਦਾ ਪੈਸੇ ਖਰਚਣੇ ਪੈਣਗੇ। ਇਸ ਕਣਕ ਦਾ ਦਾਣਾ ਬਰੀਕ ਤੇ ਬਦਰੰਗ ਹੋ ਜਾਂਦਾ ਹੈ। ਇਸ ਦੀ ਤੂੜੀ ਵੀ ਸਹੀ ਨਹੀਂ ਬਣਦੀ। ਜਿਸ ਕਾਰਨ ਇਹ ਫਸਲ ਵੀ ਘਾਟੇਵੰਦ ਰਹੇਗੀ। ਖੇਤੀਬਾੜੀ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ ਅਨੁਸਾਰ ਜ਼ਿਲ੍ਹੇ ਵਿੱਚ 40 ਫੀਸਦ ਕਣਕ ਧਰਤੀ 'ਤੇ ਡਿਗ ਗਈ ਹੈ ਅਤੇ ਝਾੜ 8 ਤੋਂ 10 ਫੀਸਦੀ ਘਟ ਜਾਵੇਗਾ। ਕੁੱਲ ਹਿੰਦ ਕਿਸਾਨ ਸਭਾ ਵੱਲੋਂ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਤਰਲੋਚਨ ਸਿੰਘ ਹੁਸੈਨਪੁਰ, ਤਹਿਸੀਲ ਸਕੱਤਰ ਕਾਮਰੇਡ ਪਵਨ ਕੁਮਾਰ ਚੱਕ ਕਰਮਾਂ,ਕਿਸਾਨ ਆਗੂ ਸੁਖਦੇਵ ਸਿੰਘ ਸੁੱਖਾ ਨੇ ਕਿਹਾ ਹੈ ਕਿ ਕਿਸਾਨ ਪਹਿਲਾਂ ਹੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਰਜ਼ੇ ਦੇ ਭਾਰ ਹੇਠ ਦੱਬੇ ਹੋਏ ਹਨ, ਕੁਦਰਤੀ ਕਹਿਰ ਨੇ ਕਿਸਾਨਾਂ ਦੀਆਂ ਮੁਸੀਬਤਾਂ ਵੱਧਾ ਦਿੱਤੀਆਂ ਹਨ। ਉਨ੍ਹਾਂ ਮੰਗ ਕੀਤੀ ਫਸਲਾਂ ਦੇ ਹੋਏ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾਈ ਜਾਵੇ ਅਤੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

# ਜਨਤਾ ਕਾਲਜ ਦੇ ਰੈੱਡ ਰਿਬਨ ਕਲੱਬ ਨੇ ਏਡਜ਼ ਤੇ ਟੀ ਬੀ ਨੂੰ ਸਮਰਪਤ ਕੀਤਾ

**ਕਰਤਾਰਪੁਰ (ਹਰਮੇਸ਼ ਦੱਤ)**-ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਦੇ ਰੈਡ ਰਿਬਨ ਕਲੱਬ ਵੱਲੋਂ ਏਡਜ਼ ਅਤੇ ਟੀ ਬੀ ਨਾਲ ਸੰਬੰਧਤ ਇੱਕ ਲੈਕਚਰ ਤੇ ਨੁੱਕੜ ਨਾਟਕ ਪ੍ਰਿੰਸੀਪਲ ਡਾ. ਸੋਢੀ ਦੀ ਅਗਵਾਈ ਵਿੱਚ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਐਨ.ਐਨ.ਐਸ ਪ੍ਰੋਗਰਾਮ ਅਫਸਰ ਡਾ. ਗੁਲਜ਼ਾਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕਰਕੇ ਕੀਤੀ। ਨਰਸਿੰਗ ਕਾਲਜ ਦੀ ਟੀਮ ਨੇ ਨੁੱਕੜ ਨਾਟਕ ਦੀ ਪੇਸ਼ਕਾਰੀ ਕਰਕੇ ਟੀ ਬੀ ਦੀ ਬਿਮਾਰੀ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਨਾਟਕ ਰਾਹੀਂ ਵਿਦਿਆਰਥੀਆਂ ਕਲਾਕਾਰਾਂ ਨੇ ਦੱਸਿਆ ਕਿ ਟੀ ਬੀ ਦੀ ਬਿਮਾਰੀ ਬਾਰੇ 'ਅਗਿਆਨਤਾ ਤੇ ਅਣਗਹਿਲੀ' ਕਾਰਨ ਇਸ ਬਿਮਾਰੀ ਦਾ ਪਾਸਾਰ ਹੋ ਰਿਹਾ ਹੈ। ਪ੍ਰੋਗਰਾਮ ਦਾ ਮੁੱਖ ਕੇਂਦਰ ਰਾਕੇਸ਼ ਸਿੰਘ ਦਾ ਏਡਜ਼ ਤੇ ਟੀ ਬੀ ਬਾਰੇ ਗਿਆਨਵਰਧਕ ਲੈਕਚਰ ਸੀ ਜਿਸ ਵਿੱਚ ਉਨ੍ਹਾਂ ਨੇ ਏਡਜ਼ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਕਿ ਏਡਜ਼ ਬਾਰੇ ਜਾਗਰੂਕਤਾ ਨਾਲ ਹੀ ਇਸ ਬਿਮਾਰੀ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਲੈਕਚਰ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਦੇ ਕਈ ਵਹਿਮ ਭਰਮ ਦੂਰ ਕੀਤੇ। ਇਸੇ ਪ੍ਰੋਗਰਾਮ ਦੇ ਆਖਰ ਵਿੱਚ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਕਿਹਾ ਕਿ ਕਈ ਲੋਕ ਅਣਜਾਣੇ ਵਿੱਚ ਖਤਰਨਾਕ ਬਿਮਾਰੀ ਦਾ ਹਿੱਸਾ ਬਣ ਜਾਂਦੇ ਹਨ। ਇਸ ਲਈ ਅਜਿਹੇ ਲੈਕਚਰ ਸਾਡੀ ਜਾਣਕਾਰੀ ਵਿੱਚ ਵਾਧਾ ਕਰਕੇ ਬਿਮਾਰੀਆਂ ਤੋਂ ਸੁਚੇਤ ਕਰਦੇ ਹਨ। ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਚੌਧਰੀ ਸੁਰਿੰਦਰ ਸਿੰਘ ਤੇ ਸਕੱਤਰ ਹਰੀ ਪਾਲ ਨੇ ਆਪਣੇ ਸੰਦੇਸ਼ ਵਿੱਚ ਕਾਲਜ ਦੇ ਰੈੱਡ ਰਿਬਨ ਕਲੱਬ ਦੇ ਯਤਨਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਸਦਕਾ ਇਹ ਲੈਕਚਰ ਤੇ ਨੁੱਕੜ ਨਾਟਕ ਦੀ ਪੇਸ਼ਕਾਰੀ ਹੋ ਸਕੀ। ਇਸ ਮੌਕੇ ਐਸ.ਐਮ.ਓ ਡਾ. ਜਸਵਿੰਦਰ ਸਿੰਘ, ਨਰਸਿੰਗ ਕਾਲਜ ਦੇ ਸਹਾਇਕ ਪ੍ਰੋਫੈਸਰ ਹਰਵਿੰਦਰ ਕੌਰ, ਅਲੈਜਾਬੈਥ, ਨੇਹਾ ਸ਼ਰਮਾ, ਐਨ ਐਸ ਐਸ ਪ੍ਰੋਗਰਾਮ ਅਫਸਰ ਡਾ. ਸਾਕਸ਼ੀ ਕਸ਼ਅਪ, ਪ੍ਰੋਫੈਸਰ ਪ੍ਰੋਮਿਲਾ ਤੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

# ਸਾਲਾਨਾ ਸਮਾਗਮ ਸ਼ਰਧਾ ਪੂਰਵਕ ਮਨਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਬਾਬਾ ਸ਼ਾਮ ਦਾਸ ਬਸੀ ਮਰੂਫ ਵਾਲਿਆਂ ਦੇ ਅਸਥਾਨਾਂ 'ਤੇ ਸਾਲਾਨਾ ਸਮਗਾਮ ਬੜੀ ਸ਼ਰਧਾ ਪੂਰਵਕ ਮਨਾਏ ਗਏ। ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਭਾਈ ਸਾਹਿਬ ਸਿੰਘ ਹੁਸ਼ਿਆਰਪੁਰ ਦੇ ਜਥੇ ਵਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ। ਪ੍ਰਬੰਧਕ ਕਮੇਟੀ ਪ੍ਰਧਾਨ ਜਸਵੀਰ ਸਿੰਘ ਦੀ ਅਗਵਾਈ ਹੇਠ ਸੰਤ ਕੁਲਦੀਪ ਦਾਸ ਬਸੀ ਮਰੂਫ,ਕ੍ਰਿਪਾਲ ਸਿੰਘ,ਸੁਰਿੰਦਰ ਸਿੰਘ,ਗੁਰਦਿਆਲ ਸਿੰਘ,ਦਵਿੰਦਰ ਸਿੰਘ, ਬਲਵੀਰ ਸਿੰਘ, ਹੰਸ ਰਾਜ, ਬਲਵਿੰਦਰ ਸਿੰਘ, ਅਵਤਾਰ ਸਿੰਘ, ਪਰਦੀਪ ਸਿੰਘ,ਦੀਪਕ ਨੇ ਆਈਆਂ ਹੋਈਆਂ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖਸ਼ੀਅਤਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ। ਜਸਵੀਰ ਸਿੰਘ ਨੇ ਕਿਹਾ ਕਿ ਬਾਬਾ ਸ਼ਾਮ ਦਾਸ ਨੇ ਇਸ ਨਗਰ ਵਿੱਚ ਪ੍ਰਭੂ ਭਗਤੀ ਤੇ ਬੰਦਗੀ ਕੀਤੀ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਿਆ। ਉਨਾਂ ਕਿਹਾ ਆਪਸੀ ਪਿਆਰ,ਭਾਈਚਾਰਕ ਸਾਂਝ ਮਜਬੂਤ ਕਰਨ,ਪੰਜਾਬ ਵਿੱਚ ਅਮਨ ਸ਼ਾਂਤੀ ਲਈ ਸਾਰਿਆਂ ਨੂੰ ਰਲ ਮਿਲਕੇ ਰਹਿਣਾ ਚਾਹੀਦਾ ਹੈ ਅਤੇ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸੰਗਤਾਂ ਲਈ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।

# ਗ੍ਰਿਫਤਾਰ ਕੀਤੇ ਗਏ 353 ਵਿਅਕਤੀਆਂ 'ਚੋਂ 197 ਨੂੰ ਕੀਤਾ ਰਿਹਾਅ

## ਮੁੱਖ ਮੰਤਰੀ ਵੱਲੋਂ ਪੰਜਾਬ ਪੁਲਸ ਨੂੰ ਸਕਾਰਾਤਮਕ ਪਹੁੰਚ ਅਪਣਾਉਣ ਦੇ ਨਿਰਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਪੁਲਸ ਵੱਲੋਂ 18 ਮਾਰਚ, 2023 ਤੋਂ ਅਮਨ-ਕਾਨੂੰਨ ਦੀ ਉਲੰਘਣਾ ਅਤੇ ਅਮਨ-ਕਾਨੂੰਨ ਵਿੱਚ ਵਿਘਨ ਪਾਉਣ ਦੇ ਖਦਸ਼ੇ ਤਹਿਤ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕੇਸਾਂ ਦੀ ਜਾਂਚ ਅਤੇ ਨਿਰਦੋਸ਼ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਰਿਹਾਅ ਕਰਨ ਦੀ ਮੁਹਿੰਮ ਜਾਰੀ ਹੈ। ਇਸ ਮੁਹਿੰਮ ਤਹਿਤ ਪੁਲਸ ਵੱਲੋਂ ਰੋਕਥਾਮ ਦੀਆਂ ਧਾਰਾਵਾਂ ਤਹਿਤ ਗ੍ਰਿਫਤਾਰ ਕੀਤੇ ਗਏ ਕੁੱਲ 353 ਵਿਅਕਤੀਆਂ ਵਿੱਚੋਂ 197 ਵਿਅਕਤੀਆਂ ਨੂੰ ਹੁਣ ਤੱਕ ਰਿਹਾਅ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਪੰਜਾਬ ਪੁਲਸ ਵੱਲੋਂ ਅਮਨ-ਸ਼ਾਂਤੀ ਭੰਗ ਕਰਨ ਦੇ ਖਦਸ਼ੇ ਤਹਿਤ ਜਾਂ ਗੰਭੀਰ ਅਪਰਾਧਕ ਗਤੀਵਿਧੀਆਂ ਵਿੱਚ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕੇਸਾਂ ਦੀ ਜਾਂਚ ਦੌਰਾਨ ਸਕਾਰਾਤਮਕ ਪਹੁੰਚ ਅਪਣਾਈ ਜਾਵੇ।

ਡਾਇਰੈਕਟਰ ਜਨਰਲ ਆਫ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਸੂਬੇ ਦੇ ਸਾਰੇ ਐਸ ਐਸ ਪੀਜ਼ ਅਤੇ ਸੀ ਪੀਜ਼ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਕਿਸੇ ਵੀ ਬੇਕਸੂਰ ਵਿਅਕਤੀ ਨੂੰ ਤੰਗ-ਪ੍ਰੇਸ਼ਾਨ ਜਾਂ ਗ੍ਰਿਫਤਾਰ ਨਾ ਕੀਤਾ ਜਾਵੇ। ਉਨ੍ਹਾ ਕਿਹਾ ਕਿ ਤਫਤੀਸ਼ ਕਰ ਰਹੇ ਅਫਸਰ ਅਤੇ ਉਨ੍ਹਾਂ ਦੇ ਨਿਗਰਾਨ ਅਫਸਰ ਪਹਿਲਾਂ ਉਪਲਬਧ ਸਬੂਤਾਂ ਦੀ ਜਾਂਚ ਕਰਨ ਅਤੇ ਠੋਸ ਅਪਰਾਧਾਂ ਵਿੱਚ ਜਾਂ ਹੋਰ ਕਿਸ ਵੀ ਤਰ੍ਹਾਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਆਪਣੇ ਪੱਧਰ 'ਤੇ ਢੁੱਕਵੀਂ ਜਾਂਚ ਕਰ ਲੈਣ। ਡੀ ਜੀ ਪੀ ਨੇ ਅੱਗੇ ਕਿਹਾ ਕਿ ਰੋਕਥਾਮ ਦੀਆਂ ਧਾਰਾਵਾਂ ਤਹਿਤ ਗ੍ਰਿਫਤਾਰ ਕੀਤੇ ਗਏ 353 ਵਿਅਕਤੀਆਂ ਤੋਂ ਇਲਾਵਾ 40 ਵਿਅਕਤੀਆਂ ਨੂੰ ਠੋਸ ਅਪਰਾਧਕ ਗਤੀਵਿਧੀਆਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਸੱਤ ਵਿਅਕਤੀਆਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਹਿਰਾਸਤ ਵਿੱਚ ਲਿਆ ਗਿਆ ਹੈ। ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਸ ਅਧਿਕਾਰੀ ਉਪਲਬਧ ਸਬੂਤਾਂ ਦੀ ਜਾਂਚ ਕਰਕੇ ਸਕਾਰਾਤਮਕ ਪਹੁੰਚ ਅਪਣਾਉਂਦਿਆਂ ਠੋਸ ਅਪਰਾਧਕ ਗਤੀਵਿਧੀਆਂ ਅਧੀਨ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਸਥਿਤੀ ਦੀ ਸਮੀਖਿਆ ਕਰਨਗੇ।

ਡੀ ਜੀ ਪੀ ਗੌਰਵ ਯਾਦਵ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਅਤੇ ਝੂਠੀਆਂ ਖਬਰਾਂ ਅਤੇ ਅਫਵਾਹਾਂ ਵੱਲ ਕੋਈ ਧਿਆਨ ਨਾ ਦੇਣ। ਡੀ ਜੀ ਪੀ ਨੇ ਜ਼ੋਰ ਦੇ ਕੇ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਅਤੇ ਸਥਿਰ ਹੈ। ਉਨ੍ਹਾ ਚੇਤਾਵਨੀ ਦਿੱਤੀ ਕਿ ਅਫਵਾਹਾਂ ਅਤੇ ਝੂਠੀਆਂ ਖਬਰਾਂ ਫੈਲਾਉਣ ਵਾਲੇ ਵਿਅਕਤੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੰਜਾਬ ਪੁਲਸ ਵੱਲੋਂ ਅੱਜ ਫਲੈਗ ਮਾਰਚ, ਨਾਕਾਬੰਦੀ ਅਤੇ ਗਸ਼ਤ ਕਰਦਿਆਂ ਸੂਬੇ ਦੇ ਬਜ਼ਾਰਾਂ ਅਤੇ ਹੋਰ ਮਹੱਤਵਪੂਰਨ ਥਾਵਾਂ 'ਤੇ ਪੁਲਸ ਦੀ ਮੌਜੂਦਗੀ ਕਾਇਮ ਰੱਖੀ। ਪੰਜਾਬ ਪੁਲਸ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵਚਨਬੱਧ ਹੈ।

# ਪੋਸਟ ਗ੍ਰੈਜੂਏਟ ਸਰਕਾਰੀ ਕਾਲਜ ਸੈਕਟਰ 46 'ਚ ਸਾਲਾਨਾ ਅਲੂਮਨੀ ਮੀਟ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੋਸਟ ਗ੍ਰੈਜੂਏਟ ਸਰਕਾਰੀ ਕਾਲਜ ਸੈਕਟਰ 46, ਚੰਡੀਗੜ੍ਹ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਅਲੂਮਨੀ ਮੀਟ ਕਰਵਾਈ ਗਈ, ਜਿਸ ਵਿੱਚ 30-35 ਸਾਲਾਂ ਤੋਂ ਹੁਣ ਤੱਕ ਪੜ੍ਹ ਕੇ ਗਏ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਆਭਾ ਸੁਦਰਸ਼ਨ ਨੇ ਪੁਰਾਣੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਅਲੂਮਨੀ ਐਸੋਸੀਏਸ਼ਨ ਦੇ ਮੁੱਖ ਏਜੰਡੇ ਬਾਰੇ ਰੌਸ਼ਨੀ ਪਾਈ। ਇਸ ਮੌਕੇ ਪੁਰਾਣੇ ਵਿਦਿਆਰਥੀਆਂ ਨੇ ਸਮੇਂ ਦੇ ਬਦਲਦੇ ਰੁਝਾਨਾਂ ਬਾਰੇ ਅਤੇ ਨਵੀਂ ਪੀੜ੍ਹੀ ਦੇ ਬਦਲ ਰਹੇ ਨਜ਼ਰੀਏ ਦੀ ਤਸਵੀਰ ਪੇਸ਼ ਕਰਦੇ ਹੋਏ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਾਲਜ ਦੀਆਂ ਯਾਦਾਂ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਗਾਜ਼ ਸ਼ਮ੍ਹਾ ਰੌਸ਼ਨ ਕਰਕੇ ਗੁਰਬਾਣੀ ਸ਼ਬਦ ਦੇ ਗਾਇਨ ਨਾਲ ਕੀਤਾ ਗਿਆ ਅਤੇ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਤੇ ਪੁਰਾਣੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਇਸ ਮੌਕੇ ਡਾ. ਗੁਰਜੀਤ ਖੋਸਾ (ਪੰਜਾਬੀ ਵਿੱਚ ਪੀ ਐਚ ਡੀ), ਡਾ. ਸਚਿਨ ਕਸ਼ਯਪ (ਸਰੀਰਕ ਸਿੱਖਿਆ ਵਿੱਚ ਪੀ ਐਚ ਡੀ) ਅਤੇ ਡਾ. ਅਮਿਤ ਦਿਵੇਦੀ (ਮਨੋਵਿਗਿਆਨ ਵਿੱਚ ਪੀ ਐਚ ਡੀ) ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿੱਚ 100 ਦੇ ਲਗਪਗ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਡਾ. ਬਲਜੀਤ ਸਿੰਘ ਨੇ ਕਾਲਜ ਦੇ ਵਿਦਿਆਰਥੀ ਵਜੋਂ ਅਤੇ ਕਾਲਜ ਦੇ ਪ੍ਰੋਫੈਸਰ ਹੋਣ ਦੇ ਨਾਤੇ ਅਲੂਮਨੀ ਸੰਸਥਾ ਦੀ ਮੌਜੂਦਾ ਸਮੇਂ ਵਿੱਚ ਜ਼ਰੂਰਤ ਅਤੇ ਮਹੱਤਤਾ ਬਾਰੇ ਚਾਨਣਾ ਪਾਇਆ। ਅਲੂਮਨੀ ਸੰਸਥਾ ਦੇ ਕਨਵੀਨਰ ਡਾ. ਪੂਜਾ ਗਰਗ ਨੇ ਆਏ ਮਹਿਮਾਨਾਂ, ਪੁਰਾਣੇ ਵਿਦਿਆਰਥੀਆਂ ਤੇ ਕਾਲਜ ਦੇ ਸਮੂਹ ਸਟਾਫ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰ ਸਾਲ ਐਲੂਮਨੀ ਐਸੋਸੀਏਸ਼ਨ ਨਾਲ ਜੁੜੇ ਮੈਂਬਰਾਂ ਦੀ ਪਹਿਲੀ ਦੀ ਤਰ੍ਹਾਂ ਇਕੱਤਰਤਾ ਕੀਤੀ ਜਾਵੇਗੀ ਤਾਂ ਜੋ ਸਾਬਕਾ ਵਿਦਿਆਰਥੀ ਵੀ ਕਾਲਜ ਦੇ ਪਰਵਾਰ ਦਾ ਹਿੱਸਾ ਬਣੇ ਰਹਿਣ। ਕਾਲਜ ਦੇ ਪੁਰਾਣੇ ਵਿਦਿਆਰਥੀ ਮਨਿੰਦਰ ਪਾਲ ਸਿੰਘ ਨੇ ਮੰਚ ਸੰਚਾਲਨ ਕੀਤਾ।

# ਐੱਸ ਸੀ ਭਾਈਚਾਰੇ ਦੀ ਭਲਾਈ ਹਿੱਤ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਬਣਾਇਆ ਹੋਇਆ : ਬੀ ਟੀ ਐੱਫ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ, ਸੀਨੀਅਰ ਮੀਤ ਪ੍ਰਧਾਨ ਨਰੇਸ਼ ਕੁਮਾਰ ਬੱਧਣ, ਦੋਆਬਾ ਪ੍ਰਧਾਨ ਜੱਸਾ ਨੰਦਨ, ਸੀਨੀਅਰ ਮੀਤ ਪ੍ਰਧਾਨ ਦੋਆਬਾ ਹਰਨੇਕ ਸਿੰਘ ਬੱਧਣ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਕਿਹਾ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ ਜਿਸ ਵਿੱਚ ਦਲਿਤ ਭਾਈਚਾਰੇ ਦੀ ਲੱਗਭੱਗ ਗਿਣਤੀ 40% ਤੋਂ ਵੀ ਜ਼ਿਆਦਾ ਹੈ ਅਤੇ ਡਾ. ਭੀਮ ਰਾਓ ਅੰਬੇਡਕਰ ਵੱਲੋਂ ਲਿਖੇ ਗਏ ਸੰਵਿਧਾਨ ਮਤਾਬਕ ਐਸ ਸੀ ਭਾਈਚਾਰੇ ਦੇ ਲੋਕਾਂ ਨੂੰ ਇਨਸਾਫ ਦੁਆਉਣ ਲਈ ਅਤੇ ਐਸ ਸੀ ਭਾਈਚਾਰੇ ਦੀ ਭਲਾਈ ਹਿੱਤ ਪੰਜਾਬ ਰਾਜ ਅਨਸੂਚਿਤ ਜਾਤੀਆਂ ਕਮਿਸ਼ਨ ਬਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜਦ ਵੀ ਕਿਸੇ ਐਸ ਸੀ ਵਰਗ ਨਾਲ ਸੰਬੰਧਤ ਕਿਸੇ ਵਿਅਕਤੀ ਨਾਲ ਕੋਈ ਵਧੀਕੀ ਜਾ ਧੱਕੇਸ਼ਾਹੀ ਹੁੰਦੀ ਹੈ ਤਾਂ ਪ੍ਰਸ਼ਾਸਨ ਵੱਲੋਂ ਆਪਣੀ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਹੀਂ ਨਿਭਾਈ ਜਾਂਦੀ ਤਾਂ ਤਦ ਹੀ ਐਸ ਸੀ ਕਮਿਸ਼ਨ ਐਸ ਸੀ ਸਮਾਜ ਨੂੰ ਇਨਸਾਫ ਦੁਆਉਣ ਲਈ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਵੱਲੋਂ ਵਿਧਾਨ ਸਭਾ ਸੈਸ਼ਨ ਦੇ ਅਖੀਰਲੇ ਦਿਨ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸੰਬੰਧੀ ਲਿਆਂਦੇ ਬਿੱਲ ਵਿਰੁੱਧ ਐਸ ਸੀ/ ਐਸ ਟੀ ਵਰਗਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਅਤੇ ਵੱਖ ਵੱਖ ਐਸ ਸੀ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਸੰਵਿਧਾਨ ਮੁਤਾਬਕ ਕਮਿਸ਼ਨ ਵਿੱਚ ਇੱਕ ਚੇਅਰਮੈਨ ਤੇ 10 ਮੈਂਬਰ ਨਿਯੁਕਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀ 6 ਸਾਲ ਦੀ ਮਨਿਆਦ ਹੁੰਦੀ ਹੈ ਪਰ ਪੰਜਾਬ ਦੀ ਦਲਿਤ ਵਿਰੋਧੀ ਮਾਨ ਸਰਕਾਰ ਵੱਲੋਂ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾ ਕੇ ਅੱਧੀ ਅਤੇ 6 ਸਾਲ ਦੇ ਸਮੇਂ ਵਿੱਚੋਂ ਸਮਾਂ ਵੀ ਅੱਧਾ ਕਰ ਦਿੱਤਾ ਹੈ ਜੋ ਕਿ ਐਸ ਸੀ ਵਰਗ ਨਾਲ ਸ਼ਰੇਆਮ ਧੱਕਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਤੋਂ ਪ੍ਰੇਸ਼ਾਨ ਐਸ ਸੀ ਵਰਗ ਨਾਲ ਸੰਬੰਧਤ ਵਿਅਕਤੀ ਹੁਣ ਇਨਸਾਫ ਤੋਂ ਵਾਂਝੇ ਹੋ ਜਾਣਗੇ। ਉਨ੍ਹਾਂ ਕਿਹਾ ਕਿ ਜਿਸ ਰਫਤਾਰ ਨਾਲ ਐਸ ਸੀ ਵਰਗ 'ਤੇ ਤਸ਼ੱਦਦ ਹੋ ਰਹੇ ਹਨ, ਉਸ ਮੁਤਾਬਿਕ ਮਾਨ ਸਰਕਾਰ ਨੂੰ ਐਸ ਸੀ ਕਮਿਸ਼ਨ ਦੀ ਗਿਣਤੀ ਘਟਾਉਣੀ ਨਹੀਂ ਸਗੋਂ ਵਧਾਉਣੀ ਚਾਹੀਦੀ ਸੀ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਦਾ ਮਤਲਬ ਸਿਰਫ ਤੇ ਸਿਰਫ ਐਸ ਸੀ ਸਮਾਜ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਐਸ ਸੀ ਕਮਿਸ਼ਨ ਦੇ ਸੋਧ ਬਿੱਲ 'ਤੇ ਤੁਰੰਤ ਮੁੜ ਵਿਚਾਰ ਕੀਤੀ ਜਾਵੇ ਅਤੇ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 10 ਤੋਂ ਵਧਾ ਕੇ ਘੱਟ ਤੋਂ ਘੱਟ 12 ਕੀਤੀ ਜਾਵੇ ਅਤੇ ਇਸ ਦੀ ਮਨਿਆਦ 6 ਸਾਲ ਤੋਂ ਵਧਾ ਕੇ ਘੱਟ ਤੋਂ ਘੱਟ 10 ਸਾਲ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਦੋਆਬਾ ਨਰੇਸ਼ ਕੁਮਾਰ ਬੱਧਣ, ਮੀਡੀਆ ਇੰਚਾਰਜ ਚੰਦਰ ਕੁਮਾਰ , ਅਮਨਦੀਪ, ਚਰਨਜੀਤ ਸਿੰਘ, ਕਮਲਜੀਤ, ਰਾਮ ਜੀ, ਦਵਿੰਦਰ ਕੁਮਾਰ, ਪਵਨ ਕੁਮਾਰ ਬੱਧਣ, ਰਾਜੀਵ ਸੈਣੀ, ਪੰਮਾ ਡਾਡਾ, ਗੋਗਾ ਮਾਂਝੀ, ਅਮਨਦੀਪ ਸਿੰਘ, ਚਰਨਜੀਤ ਸਿੰਘ, ਭੁਪਿੰਦਰ ਕੁਮਾਰ ਬੱਧਣ, ਕਮਲਜੀਤ ਸਿੰਘ, ਬਿਸ਼ਨਪਾਲ, ਗਿਆਨ ਚੰਦ, ਮੁਸਾਫ਼ਰ ਸਿੰਘ, ਸ਼ੇਰਾ ਸਿੰਘ, ਵਿਸ਼ਾਲ ਸਿੰਘ, ਹਰਨੇਕ ਸਿੰਘ ਬੱਧਣ, ਸਨੀ ਸੀਣਾ, ਸੁਸ਼ਾਂਤ ਮੰਮਣ, ਬਿਕਰਮ ਵਿੱਜ, ਹੈਪੀ ਫਤਹਿਗੜ੍ਹ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਰਾਕੇਸ਼ ਕੁਮਾਰ ਭੱਟੀ, ਵਿਜੇ ਕੁਮਾਰ ਜਲੋਵਾਲ ਖਨੂਰ, ਭੁਪਿੰਦਰ ਕੁਮਾਰ ਭਿੰਡਾ, ਦੋਆਬਾ ਇੰਚਾਰਜ ਜੱਸਾ ਨੰਦਨ, ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ, ਗੁਰਪ੍ਰੀਤ ਗੋਪਾ ਸ਼ਹਿਰੀ ਉੱਪ ਪ੍ਰਧਾਨ, ਬਾਲੀ ਫਤਿਹਗੜ੍ਹ, ਰਵੀ ਆਦਿ ਹਾਜ਼ਰ ਸਨ।

# ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ






**ਟਾਂਡਾ ਉੜਮੁੜ, (ਓਂਕਾਰ ਸਿੰਘ ਜਸਵਿੰਦਰ ਸੰਧੂ )** ਇਲਾਕੇ ਅੰਦਰ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਸੰਸਥਾ ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ (ਰਜਿ.) ਟਾਂਡਾ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਟਾਂਡਾ ਦੀ ਗਰਾਊਂਡ ਵਿਚ ਸ਼ਰਧਾ ਸਤਿਕਾਰ ਦੀ ਭਾਵਨਾ ਤੇ ਚੜ੍ਹਦੀ ਕਲਾ ਨਾਲ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀਆਂ ਟਾਂਡਾ ਤੋਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਦੇ ਰੂਪ ਵਿੱਚ ਸਮਾਗਮ ਵਾਲੇ ਸਥਾਨ ਉੱਤੇ ਸੁਸ਼ੋਭਤ ਕੀਤੇ ਗਏ। ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

ਇਸ ਮੌਕੇ ਜਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ,ਭਾਈ ਜਗਤਾਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ, ਕਥਾਵਾਚਕ ਗਿਆਨੀ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ, ਢਾਡੀ ਜਥਾ ਭਾਈ ਸੁਖਵੀਰ ਸਿੰਘ ਚੌਹਾਨ ਬੁੱਢੀ ਵਾਲੇ,ਭਾਈ ਜਸਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ ਵਾਲੇ, ਗੁਰਮਤਿ ਪ੍ਰਚਾਰ ਕੀਰਤਨ ਕੌਂਸਲ ਟਾਂਡਾ ਦੇ ਜਥੇ ਜਿਨ੍ਹਾਂ ਵਿਚ ਗਿਆਨੀ ਅਮਰਜੀਤ ਸਿੰਘ ਮੂਨਕਾਂ ਵਾਲੇ, ਭਾਈ ਸੁਰਜੀਤ ਸਿੰਘ ਭਾਈ ਜਸਵੀਰ ਸਿੰਘ ਦਸਮੇਸ ਨਗਰ ਟਾਂਡੇ ਵਾਲੇ ਤੇ ਹੋਰ ਰਾਗੀ-ਢਾਡੀ ਜੱਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕਰਦੇ ਹੋਏ ਸਮੂਹ ਸੰਗਤ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ 'ਤੇ ਚਾਨਣ ਪਾਇਆ।

ਇਸ ਮੌਕੇ ਸਾਬਕਾ ਮੰਤਰੀ ਚੌਧਰੀ ਬਲਬੀਰ ਸਿੰਘ ਮਿਆਨੀ, ਵਿਧਾਇਕ ਜਸਵੀਰ ਸਿੰਘ ਰਾਜਾ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਸਾਬਕਾ ਕਮਿਸਨਰ ਲਖਵਿੰਦਰ ਸਿੰਘ ਲੱਖੀ, ਚੇਅਰਮੈਨ ਹਰਜੀਤ ਸਿੰਘ ਔਲਖ, ਯੂਥ ਆਗੂ ਕਮਲਜੀਤ ਸਿੰਘ ਕੁਲਾਰ ਕੇਸਵ ਸਿੰਘ ਸੈਣੀ, ਡੀ.ਐਸ.ਪੀ ਕੁਲਵੰਤ ਸਿੰਘ, ਲੰਬਰਦਾਰ ਜਗਜੀਵਨ ਜੱਗੀ, ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ, ਤੋਂ ਯੂਥ ਆਗੂ ਸਰਬਜੀਤ ਸਿੰਘ ਮੋਮੀ, ਦੇਸਰਾਜ ਡੋਗਰਾ, ਹਰਿਕ੍ਰਿਸਨ ਸੈਣੀ, ਰਵਿੰਦਰਪਾਲ ਸਿੰਘ ਗੋਰਾ, ਜਸਵੰਤ ਸਿੰਘ ਬਿੱਟੂ, ਡਾ. ਕੇਵਲ ਸਿੰਘ,ਡਾ. ਲਵਪ੍ਰੀਤ ਸਿੰਘ ਪਾਬਲਾ, ਨੰਬਰਦਾਰ ਕਿਰਪਾਲ ਸਿੰਘ ਪੰਡੋਰੀ, ਸ਼ਰਧਾ ਸਿੰਘ, ਪਿਆਰਾ ਸਿੰਘ, ਜਸਪਰੀਤ ਸਿੰਘ, ਗੁਰਸੰਦੀਪ ਸਿੰਘ, ਇੰਦਰਜੀਤ ਸਿੰਘ ਧਾਲੀਵਾਲ, ਅਮਰਜੀਤ ਸਿੰਘ ਰੜਾ, ਭਾਈ ਹਰਪ੍ਰੀਤ ਸਿੰਘ ਟਾਹਲੀ ਸਾਹਿਬ, ਜਥੇਦਾਰ ਅਵਤਾਰ ਸਿੰਘ ਕੰਧਾਲਾ ਜੱਟਾ, ਚਰਨਜੀਤ ਪੜਬਗਾ, ਗੁਰਪ੍ਰੀਤ ਸਿੰਘ, ਉਂਕਾਰ ਸਿੰਘ ਢਡਿਆਲਾ, ਦਿਲਬਾਗ ਸਿੰਘ ਸਹਿਬਾਜਪੁਰ, ਰਮਣੀਕ ਸਿੰਘ, ਜੋਗਿੰਦਰ ਸਿੰਘ, ਸੁਖਨਿੰਦਰ ਸਿੰਘ ਕਲੋਟੀ ਤਜਿੰਦਰ ਸਿੰਘ ਢਿੱਲੋਂ, ਨਬਰਦਾਰ ਇਕਬਾਲ ਸਿੰਘ ਮੂਨਕਾਂ, ਕੈਪਟਨ ਜਰਨੈਲ ਸਿੰਘ ਖੱਖ, ਤਜਿੰਦਰ ਸਿੰਘ ਢਿੱਲੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਆਪਣੀ ਹਾਜਰੀ ਲਗਵਾਈ।

# ਜਮਹੂਰੀਅਤ, ਧਰਮ ਨਿਰਪੱਖਤਾ ਤੇ ਫੈਡਰਲ ਅਧਿਕਾਰ' ਦੀ ਰਾਖੀ ਲਈ ਹੋਵੇਗਾ ਵਿਸ਼ਾਲ ਸੂਬਾਈ ਇਕੱਠ : ਜਾਮਾਰਾਏ

**ਜਲੰਧਰ; (ਨਵਾਂ ਜ਼ਮਾਨਾ ਸਰਵਿਸ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੀ ਮੀਟਿੰਗ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਸੰਘ ਪਰਵਾਰ ਦੇ ਖਰੂਦੀ ਟੋਲਿਆਂ ਵੱਲੋਂ ਦੇਸ਼ ਭਰ ਵਿੱਚ ਫਿਰਕੂ ਵੰਡ ਤਿੱਖੀ ਕਰਨ ਲਈ ਮਹਾਰਾਸ਼ਟਰ ਸੂਬੇ ਅੰਦਰ ਸੈਂਕੜੇ ਥਾਵਾਂ 'ਤੇ ਮੁਸਲਮਾਨਾਂ ਖਿਲਾਫ਼ ਕੀਤੇ ਗਏ ਮਨੋ ਕਲਪਿਤ ਤੇ ਨਫਰਤੀ ਕੂੜ ਪ੍ਰਚਾਰ 'ਤੇ ਡੂੰਘੀ ਚਿੰਤਾ ਦਾ ਇਜ਼ਹਾਰ ਕਰਦਿਆਂ, ਦੇਸ਼ ਦੀ ਸੁਤੰਤਰਤਾ ਅਤੇ ਏਕਤਾ-ਅਖੰਡਤਾ ਦੀ ਸਲਾਮਤੀ ਦੇ ਚਾਹਵਾਨਾਂ ਨੂੰ ਇਸ ਖਿਲਾਫ਼ ਵਿਚਾਰਧਾਰਕ ਯੁੱਧ 'ਤੇ ਜਨ ਸੰਘਰਸ਼ ਤੇਜ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਰਾਜ ਪ੍ਰਬੰਧ ਦੇ ਮੁਦੱਈ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਫਿਰਕੂ-ਫਾਸ਼ੀ ਏਜੰਡੇ ਨੂੰ ਲਾਗੂ ਕਰਨ ਲਈ ਮੋਦੀ-ਸ਼ਾਹ ਸਰਕਾਰ ਵੱਲੋਂ ਦੇਸ਼ ਦੇ ਜਮਹੂਰੀ ਢਾਂਚੇ ਅਤੇ ਸੰਵਿਧਾਨਕ ਕਦਰਾਂ ਕੀਮਤਾਂ 'ਤੇ ਕੀਤੇ ਜਾ ਰਹੇ ਘਾਤਕ ਹੱਲਿਆਂ ਦਾ ਹਰ ਮੰਚ ਤੋਂ ਜ਼ੋਰਦਾਰ ਵਿਰੋਧ ਕੀਤਾ ਜਾਣਾ ਅਜੋਕੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਤੇ ਵਡੇਰੀ ਲੋੜ ਹੈ। ਧਰਮ ਅਧਾਰਤ 'ਹਿੰਦੂ ਰਾਸ਼ਟਰ' ਦੀ ਕਾਇਮੀ ਲਈ ਆਰ.ਐਸ.ਐਸ. ਵੱਲੋਂ ਕੀਤੀ ਜਾ ਰਹੀ ਯੋਜਨਾਬੰਦੀ ਵਿਰੁੱਧ ਸਮੂਹ ਸੰਘ ਵਿਰੋਧੀ ਰਾਜਨੀਤਕ, ਸਮਾਜਿਕ ਤੇ ਸਭਿਆਚਾਰਕ ਤਾਕਤਾਂ ਦੀ ਇਕਜੁੱਟ ਹੋ ਕੇ ਕੀਤੀ ਗਈ ਜਨਤਕ ਲਾਮਬੰਦੀ ਹੀ ਫਾਸ਼ੀ ਤਾਕਤਾਂ ਨੂੰ ਭਾਂਜ ਦੇ ਸਕਦੀ ਹੈ। ਆਰ.ਐਮ.ਪੀ.ਆਈ. ਮੋਦੀ ਸਰਕਾਰ ਵੱਲੋਂ ਹਰ ਪਲ, ਹਰ ਦਿਨ ਸਾਰੀਆਂ ਸੰਵਿਧਾਨਕ ਸੀਮਾਵਾਂ ਨੂੰ ਉਲੰਘ ਕੇ ਵਿਰੋਧੀ ਧਿਰਾਂ ਵਿਰੁੱਧ ਕੀਤੇ ਜਾ ਰਹੇ ਫਾਸ਼ੀ ਹੱਲਿਆਂ ਨੂੰ ਗੰਭੀਰਤਾ ਨਾਲ ਨੋਟ ਕਰਦੀ ਹੋਈ ਦੇਸ਼ ਦੇ ਲੋਕਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਲੋਕ ਰਾਜ ਦਾ ਖਾਤਮਾ ਕਰਕੇ ਹਿਟਲਰੀ ਤਰਜ਼ ਦਾ ਫਿਰਕੂ-ਫਾਸ਼ੀ, ਮਨੂੰਵਾਦੀ ਢਾਂਚਾ ਕਾਇਮ ਕਰਨ ਲਈ ਪੱਬਾਂ ਭਾਰ ਮੋਦੀ ਸਰਕਾਰ ਨੂੰ ਚਲਦਾ ਕਰਨ ਲਈ ਵਿਸ਼ਾਲ ਜਨਤਕ ਲਾਮਬੰਦੀ 'ਤੇ ਆਧਾਰਿਤ ਤਿੱਖੇ ਸੰਘਰਸ਼ਾਂ ਦੇ ਪਿੜ ਮੱਲਣ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਪਾਰਟੀ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦਾ ਜਨਮ ਦਿਹਾੜਾ ਆਉਂਦੀ 14 ਅਪ੍ਰੈਲ ਨੂੰ ਜਾਤੀਵਾਦੀ ਅਤੇ ਲਿੰਗਕ ਜਬਰ ਤੇ ਵਿਤਕਰੇ ਦੇ ਖਾਤਮੇ ਲਈ ਸੰਘਰਸ਼ ਤਿੱਖੇ ਕਰਨ ਦੇ ਸੰਕਲਪ ਦਿਵਸ' ਵਜੋਂ ਮਨਾਇਆ ਜਾਵੇਗਾ ਅਤੇ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਫੈਡਰਲ ਅਧਿਕਾਰਾਂ' ਦੀ ਰਾਖੀ ਲਈ 15 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾਈ ਇਕੱਠ ਕੀਤਾ ਜਾਵੇਗਾ। ਜਾਮਾਰਾਏ ਨੇ ਅੱਗੇ ਦੱਸਿਆ ਕਿ 'ਕੌਮਾਂਤਰੀ ਮਜ਼ਦੂਰ ਦਿਵਸ' ਇਨਕਲਾਬੀ ਉਤਸ਼ਾਹ ਨਾਲ ਮਨਾਉਂਦੇ ਹੋਏ 1 ਤੋਂ 15 ਮਈ ਤੱਕ ਸੰਘ ਪਰਵਾਰ ਦੇ ਫਿਰਕੂ-ਫਾਸ਼ੀ ਹਮਲਿਆਂ ਅਤੇ ਲੋਕਾਂ ਦਾ ਜਿਉਣਾ ਦੁੱਭਰ ਕਰ ਰਹੀਆਂ ਨਵ ਉਦਾਰਵਾਦੀ ਨੀਤੀਆਂ ਖਿਲਾਫ਼ 'ਸੰਘਰਸ਼ੀ ਪੰਦਰਵਾੜਾ' ਮਨਾਇਆ ਜਾਵੇਗਾ ਜਿਸ ਤਹਿਤ ਸੈਂਕੜੇ ਥਾਂਵਾਂ 'ਤੇ ਜਨਤਕ ਮੀਟਿੰਗਾਂ, ਰੈਲੀਆਂ-ਮੁਜ਼ਾਹਰੇ ਅਤੇ ਵੱਖੋ-ਵੱਖ ਵਿਸ਼ਿਆਂ ਬਾਰੇ ਸੈਮੀਨਾਰ ਜੱਥੇਬੰਦ ਕੀਤੇ ਜਾਣਗੇ। ਉਕਤ ਮੁਹਿੰਮ ਦੌਰਾਨ, ਹਰ ਜਾਇਜ਼-ਨਜਾਇਜ਼ ਹਰਬਾ ਵਰਤ ਕੇ 2024 ਦੀਆਂ ਆਮ ਚੋਣਾਂ ਜਿੱਤਣ ਲਈ ਦੇਸ਼ ਦੇ ਹੁਕਮਰਾਨਾਂ ਅਤੇ ਉਨ੍ਹਾਂ ਦੇ ਹੱਥਠੋਕੇ ਹਰ ਰੰਗ ਦੇ ਫਿਰਕੂ ਅਨਸਰਾਂ ਵੱਲੋਂ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਲਈ ਚੱਲੀਆਂ ਜਾ ਰਹੀਆਂ ਕੁਚਾਲਾਂ ਤੋਂ ਲੋਕਾਈ ਨੂੰ ਸੁਚੇਤ ਕੀਤਾ ਜਾਵੇਗਾ। ਨਾਲ ਹੀ ਪ੍ਰਾਂਤ ਵਾਸੀਆਂ ਦੇ ਬੁਨਿਆਦੀ ਮਸਲੇ ਹੱਲ ਕਰਵਾਉਣ ਲਈ, ਨਸ਼ਾ ਤੰਤਰ ਅਤੇ ਮਾਫੀਆ ਲੁੱਟ ਦੇ ਖਾਤਮੇ ਲਈ, ਪੰਜਾਬ ਨਾਲ ਕੇਂਦਰੀ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇ ਅਤੇ ਵਿਤਕਰੇ ਖ਼ਤਮ ਕਰਵਾਉਣ ਅਤੇ ਚਿਰਾਂ ਤੋਂ ਲੰਬਿਤ ਅੰਤਰ ਰਾਜੀ ਝਗੜਿਆਂ ਦਾ ਆਪਸੀ ਸਹਿਮਤੀ 'ਤੇ ਆਧਾਰਿਤ ਸਥਾਈ ਹੱਲ ਕਰਨ ਆਦੀ ਲਈ ਵੀ ਸੰਘਰਸ਼ੀ ਲਾਮਬੰਦੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਜ ਕਮੇਟੀ ਇਸ ਰਾਇ ਦੀ ਹੈ ਕਿ ਪੰਜਾਬ ਦਾ ਅਮਨ ਕਾਇਮ ਰੱਖਣ ਲਈ ਜਿੱਥੇ ਸ਼ਰਾਰਤੀ ਅਨਸਰਾਂ ਖਿਲਾਫ਼ ਸਖ਼ਤ ਕਾਰਵਾਈ ਲੋੜੀਂਦੀ ਹੈ, ਉੱਥੇ ਨਾਲ ਹੀ ਇਸ ਗੱਲ ਦਾ ਵੀ ਉਚੇਚਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਨਿਰਦੋਸ਼ ਵਿਅਕਤੀ ਪੁਲਸੀਆ ਕਹਿਰ ਦਾ ਸ਼ਿਕਾਰ ਨਾ ਬਣੇ। ਰਾਜ ਕਮੇਟੀ ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਵਿਸ਼ਾਲ ਜਿੱਤ ਦੀ ਮਖਮੂਰੀ 'ਚੋਂ ਨਿਕਲ ਕੇ ਪ੍ਰਾਂਤ ਵਾਸੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਠੋਸ ਕਦਮ ਚੁੱਕੇ ਜਾਣ।

# 'ਸੰਗਮ-2023' ਦੌਰਾਨ ਪੁਰਾਣੇ ਵਿਦਿਆਰਥੀਆਂ ਨੇ ਸਾਂਝੀਆਂ ਕੀਤੀਆਂ ਯਾਦਾਂ

**ਸ੍ਰੀ ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ. )** -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ, ਸ੍ਰੀ ਚਮਕੌਰ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਨੂੰ ਇੱਕ ਮੰਚ 'ਤੇ ਇਕੱਠੇ ਕਰਨ ਦੇ ਮਕਸਦ ਨਾਲ ਅਲੂਮਨੀ ਮੀਟ 'ਸੰਗਮ-2023' ਕਰਵਾਈ ਗਈ। ਇਸ ਮੌਕੇ ਕਾਲਜ ਵਿੱਚੋਂ ਵਿੱਦਿਆ ਹਾਸਿਲ ਕਰਕੇ ਗਏ ਕਾਲਜ ਦੇ ਪੁਰਾਣੇ ਵਿਦਿਆਰਥੀ ਜਿਹੜੇ ਕਿ ਵੱਖੋ-ਵੱਖਰੇ ਖੇਤਰਾਂ ਵਿੱਚ ਸੇਵਾਵਾਂ ਨਿਭਾਉਣ ਦੇ ਨਾਲ-ਨਾਲ ਸਮਾਜ ਵਿੱਚ ਆਪਣੀ ਵਿਲੱਖਣ ਪਛਾਣ ਲਈ ਜਾਣੇ ਜਾਂਦੇ ਹਨ,ਇਕੱਠੇ ਹੋਏ। ਸਮਾਰੋਹ ਦੀ ਸ਼ੁਰੂਆਤ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਦੁਆਰਾ ਪੁਰਾਣੇ ਵਿਦਿਆਰਥੀਆਂ ਨਾਲ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਦੱਸਿਆ ਕਿ ਸਕੂਲ, ਕਾਲਜ ਅਤੇ ਯੂਨੀਵਰਸਿਟੀ ਤੋਂ ਵਿੱਦਿਆ ਗ੍ਰਹਿਣ ਕਰਨ ਸਮੇਂ ਦੌਰਾਨ ਹਾਸਿਲ ਕੀਤੇ ਅਨੁਭਵ, ਤਜ਼ਰਬੇ ਅਤੇ ਸਿੱਖਿਆਵਾਂ ਸਾਰੀ ਉਮਰ ਇੱਕ ਵਿਦਿਆਰਥੀ ਦੇ ਜੀਵਨ ਦਾ ਅਨਿੱਖੜ ਅੰਗ ਬਣ ਜਾਂਦੀਆਂ ਹਨ। ਕੋਈ ਵਿਦਿਆਰਥੀ ਭਾਵੇਂ ਕਿਸੇ ਵੀ ਰੁਤਬੇ ਜਾਂ ਪਦਵੀ ਤੇ ਪਹੁੰਚ ਜਾਵੇ ਉਸਨੂੰ ਆਪਣੀ ਵਿੱਦਿਆ ਦਾਨ ਦੇਣ ਵਾਲੀ ਸੰਸਥਾ ਹਮੇਸ਼ਾਂ ਚੇਤੇ ਰਹਿੰਦੀ ਹੈ ਤੇ ਉੱਥੇ ਬਿਤਾਏ ਪਲ ਉਸ ਦੀਆਂ ਯਾਦਾਂ ਦਾ ਸਰਮਾਇਆ ਬਣ ਜਾਂਦੇ ਹਨ। ਕਾਲਜ ਵੱਲੋਂ ਕਰਵਾਈ ਅਲੂਮਨੀ ਮੀਟ 'ਸੰਗਮ-2023' ਪੁਰਾਣੇ ਵਿਦਿਆਰਥੀਆਂ ਨੂੰ ਇੱਕ ਵਾਰ ਫੇਰ ਕਾਲਜ ਨਾਲ ਜੁੜੀਆਂ ਯਾਦਾਂ ਤਾਜ਼ਾ ਕਰਨ ਦਾ ਇੱਕ ਖ਼ੂਬਸੂਰਤ ਮੌਕਾ ਮੇਲ ਬਣਿਆ ਹੈ। ਉਨ੍ਹਾਂ




ਪੁਰਾਣੇ ਵਿਦਿਆਰਥੀਆਂ ਨੂੰ ਹਮੇਸ਼ਾਂ ਕਾਲਜ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਕਾਲਜ ਪਹੁੰਚੇ ਪੁਰਾਣੇ ਵਿਦਿਆਰਥੀਆਂ ਨੂੰ ਕਾਲਜ ਪ੍ਰਬੰਧਕਾਂ ਵੱਲੋਂ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ। ਅਲੂਮਨੀ ਕਨਵੀਨਰ ਪ੍ਰੋ. ਜਗਰੂਪ ਸਿੰਘ ਵੱਲੋਂ ਇਸ ਵਿਸ਼ੇਸ਼ ਮਿਲਣੀ ਵਿੱਚ ਪਹੁੰਚੇ ਪੁਰਾਣੇ ਵਿਦਿਆਰਥੀਆਂ ਦੀ ਜਾਣ-ਪਛਾਣ ਕਰਵਾਉਂਦਿਆਂ ਇਨ੍ਹਾਂ ਵਿਦਿਆਰਥੀਆਂ ਵੱਲੋਂ ਪੜ੍ਹਾਈ ਸਮੇਂ ਦੌਰਾਨ ਵਿੱਦਿਅਕ, ਸੱਭਿਆਚਾਰਕ, ਸਮਾਜਿਕ, ਧਾਰਮਿਕ ਤੇ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ ਗਿਆ। ਓ.ਐਸ.ਏ. ਪ੍ਰੈਜ਼ੀਡੈਂਟ ਅਰਸ਼ਪ੍ਰੀਤ ਸਿੰਘ, ਨਿਖਿਲ ਵਰਮਾ, ਮਨਦੀਪ ਸਿੰਘ, ਜਸਪ੍ਰੀਤ ਸਿੰਘ,ਕਰਨਪ੍ਰੀਤ ਸਿੰਘ ਬਲਾਸੀ, ਕਰਨਵੀਰ ਸਿੰਘ ਭੰਗੂ, ਗੁਰਜੰਟ ਸਿੰਘ, ਤਰਨਪ੍ਰੀਤ ਸਿੰਘ, ਸੁਖਮੀਤ ਸਿੰਘ, ਜੋਰਾਵਰ ਸਿੰਘ, ਜੈਸਮੀਨ ਕੌਰ, ਗੁਰਸਿਮਰਨ ਕੌਰ, ਰਮਨਦੀਪ ਕੌਰ, ਪਰਨੀਤ ਕੌਰ, ਨੈਨਸੀ, ਸੁਨੈਨਾ ਆਦਿ ਪੁਰਾਣੇ ਵਿਦਿਆਰਥੀਆਂ ਨੇ ਕਾਲਜ ਵਿੱਚ ਪੜ੍ਹਾਈ ਸਮੇਂ ਦੌਰਾਨ ਹਾਸਿਲ ਕੀਤੇ ਅਨੁਭਵ ਅਤੇ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਨੂੰ ਯਾਦਗਾਰੀ ਬਣਾਉਣ ਦੇ ਮਕਸਦ ਨਾਲ ਮਨੋਰੰਜਕ ਖੇਡਾਂ ਦਾ ਆਯੋਜਨ ਵੀ ਕੀਤਾ ਗਿਆ। ਜਿਸ ਵਿੱਚ ਪੁਰਾਣੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸਦੇ ਨਾਲ ਹੀ ਸਟਾਫ਼ ਮੈਂਬਰਾਂ ਅਤੇ ਪੁਰਾਣੇ ਵਿਦਿਆਰਥੀਆਂ ਨੇ ਚਾਹ ਦਾ ਕੱਪ ਸਾਂਝਾ ਕਰਦਿਆਂ ਕਾਲਜ ਦੀ ਬਿਹਤਰੀ ਲਈ ਵਿਚਾਰਾਂ ਕੀਤੀਆਂ। ਕਾਲਜ ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਇਸ ਮਿਲਣੀ ਵਿੱਚ ਪਹੁੰਚੇ ਸਮੂਹ ਪੁਰਾਣੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਅਮਨਪ੍ਰੀਤ ਸਿੰਘ, ਪਰਮਿੰਦਰ ਸਿੰਘ, ਅਭਿਸ਼ੇਕ ਰਾਣਾ, ਲਵਪ੍ਰੀਤ ਸਿੰਘ, ਸਾਰੰਗ ਸਿੰਘ, ਕਿਰਨਦੀਪ ਕੌਰ, ਸਰਬਜੀਤ ਕੌਰ, ਹਰਪ੍ਰੀਤ ਕੌਰ, ਸਿਮਰਨਜੀਤ ਕੌਰ, ਮਨਪ੍ਰੀਤ ਕੌਰ, ਪਵਨੀਤ ਕੌਰ, ਅਮਨਪ੍ਰੀਤ ਕੌਰ, ਅਨੁਰਾਧਾ, ਜਸਪ੍ਰੀਤ ਕੌਰ, ਆਰਤੀ, ਟਵਿੰਕਲ, ਹਰਕੀਰਤ ਕੌਰ, ਨਵਕਿਰਨ ਕੌਰ, ਗੁਰਪ੍ਰੀਤ ਕੌਰ ਆਦਿ ਪੁਰਾਣੇ ਵਿਦਿਆਰਥੀ ਅਤੇ ਪ੍ਰੋ. ਅਰੁਣ ਕੁਮਾਰ ਚੋਪੜਾ, ਪ੍ਰੋ. ਮਧੂ ਡਡਵਾਲ, ਪ੍ਰੋ. ਨਵਜੋਤ ਕੌਰ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਜਸ਼ਨਪ੍ਰੀਤ ਕੌਰ, ਪ੍ਰੋ. ਉੱਤਮਜੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਪਰਵਿੰਦਰ ਸਿੰਘ, ਪ੍ਰੋ. ਗੁਰਜਾਪ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਜੈਸਮੀਨ ਕੌਰ, ਸ੍ਰੀਮਤੀ ਰੁਪਿੰਦਰ ਕੌਰ, ਜਤਿੰਦਰ ਸਿੰਘ ਅਤੇ ਕਾਲਜ ਦਾ ਸਮੂਹ ਨਾਨ-ਟੀਚਿੰਗ ਸਟਾਫ਼ ਹਾਜ਼ਰ ਸੀ।

# ਵਰਕ ਪਰਮਿਟ ਦਾ ਝਾਂਸਾ ਦੇਣ ਵਾਲੇ ਖਿਲਾਫ ਮਾਮਲਾ ਦਰਜ

**ਦਸੂਹਾ (ਲਵਜੀਤ ਸਿੰਘ)**:- ਸਥਾਨਕ ਡੀ.ਐਸ.ਪੀ ਬਲਬੀਰ ਸਿੰਘ ਨੇ ਦੱਸਿਆ ਕਿ ਦਸੂਹਾ ਦੇ ਨਜ਼ਦੀਕ ਪੈਂਦੇ ਪਿੰਡ ਡਡਿਆਲੀ ਦੇ ਇੱਕ ਵਿਅਕਤੀ ਨੂੰ ਵਰਕ ਪਰਮਿਟ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਖਿਲਾਫ ਮਾਮਲਾ ਦਰਜ ਕੀਤਾ ਹੈ।

ਇਹ ਮਾਮਲਾ ਠੱਗੀ ਦਾ ਸ਼ਿਕਾਰ ਹੋਏ ਬਿਕਰਮਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਡਡਿਆਲੀ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿ ਵਰਕ ਪਰਮਿਟ ਦਾ ਝਾਂਸਾ ਦੇ ਕੇ 2 ਲੱਖ ਰੁਪਏ ਲਏ ਗਏ ਹਨ, ਪਰ ਵਰਕ ਪਰਮਿਟ ਦੀ ਥਾਂ 'ਤੇ ਟੂਰਿਸਟ ਵੀਜ਼ਾ ਲੈ ਕੇ ਦਿੱਤਾ ਗਿਆ। ਦੋਸ਼ੀ ਹੁਣ ਰਕਮ ਵਾਪਸ ਨਹੀ ਕਰ ਰਿਹਾ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਿਸਤੌਲ ਦੀ ਨੋਕ 'ਤੇ ਲੁੱਟ ਕਰਨ ਵਾਲਿਆਂ ਖਿਲਾਫ ਕੇਸ ਦਰਜ

**ਦਸੂਹਾ, (ਲਵਜੀਤ ਸਿੰਘ)**:-ਸਥਾਨਕ ਪੁਲਸ ਨੇ ਪਿੰਡ ਗੰਭੋਵਾਲ ਵਿਖੇ ਦੋ ਅਣਪਛਾਤੇ ਵਿਅਕਤੀਆਂ ਦੁਆਰਾ ਪਿਸਤੌਲ ਦੀ ਨੋਕ 'ਤੇ ਵਾਲੀਆਂ ਖੋਹਣ ਵਾਲੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਘਟਨਾ ਉਸ ਵਕਤ ਹੋਈ ਜਦੋ ਔਰਤਾਂ ਸੈਰ ਨੂੰ ਜਾ ਰਹੀਆਂ ਸਨ। ਇਹ ਮਾਮਲਾ ਸੁਨੀਤਾ ਰਾਣੀ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।

# ਫਸਲ ਦੇ ਮੁਆਵਜੇ ਸੰਬੰਧੀ ਐੱਸ.ਡੀ.ਐੱਮ ਨੂੰ ਦਿੱਤਾ ਮੰਗ ਪੱਤਰ

**ਫਿਲੌਰ (ਨਿਰਮਲ)**- ਬੀਤੇ ਦਿਨੀਂ ਹੋਈ ਬੇਮੌਸਮੀ ਬਰਸਾਤ ਨੇ ਕਿਸਾਨਾਂ ਦੀ ਹਜਾਰਾਂ ਏਕੜ ਕਣਕ ਦੀ ਫਸਲ ਬਰਬਾਦ ਹੋ ਗਈ। ਇਸ ਸੰਬੰਧੀ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਜ਼ਿਲ੍ਹਾ ਜਲੰਧਰ ਪ੍ਰਧਾਨ ਅਮਰੀਕ ਸਿੰਘ ਭਾਰਸਿੰਘਪੁਰ ਦੀ ਅਗਵਾਈ ਹੇਠ ਐਸ.ਡੀ.ਐਮ ਫਿਲੌਰ ਨੂੰ ਤਹਿਸੀਲਦਾਰ ਬਲਜਿੰਦਰ ਸਿੰਘ ਰਾਹੀ ਮੰਗ ਪੱਤਰ ਦਿੱਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਜੋ ਬੇਮੌਸਮੀ ਬਰਸਾਤ ਕਾਰਨ ਕਿਸਾਨਾਂ ਦੀਆਂ ਫਸਲਾਂ ਤਬਾਹ ਹੋਈਆਂ ਹਨ। ਉਨ੍ਹਾਂ ਦਾ ਜਲਦ ਤੋਂ ਜਲਦ ਮੁਆਵਜਾ ਦਿੱਤਾ ਜਾਵੇ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਖਰਾਬ ਹੋਈ ਫਸਲ ਦੀ ਜਲਦ ਗਿਰਦਾਵਰੀ ਕਰਕੇ ਉਸ ਫਸਲ ਦਾ 40 ਹਜਾਰ ਰੁਪਏ ਪ੍ਰਤੀ ਏਕੜ ਕਿਸਾਨਾਂ ਨੂੰ ਮੁਆਵਜਾ ਦਿੱਤਾ ਜਾਵੇ। ਤਹਿਸੀਲਦਾਰ ਬਲਜਿੰਦਰ ਸਿੰਘ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਜਲਦ ਹੀ ਉਨ੍ਹਾਂ ਦੀ ਮੰਗ ਉੱਚ ਅਧਿਕਾਰੀਆਂ ਤੱਕ ਪਹੁੰਚਾ ਕੇ ਗਿਰਦਾਵਰੀ ਕਰਵਾ ਕੇ ਮੁਆਵਜਾ ਦਿੱਤਾ ਜਾਵੇਗਾ। ਇਸ ਮੌਕੇ 'ਤੇ ਬਲਵਿੰਦਰ ਸਿੰਘ ਸਾਂਬੀ, ਇਕਬਾਲ ਸਿੰਘ ਬੈਂਸ, ਜਸਵੰਤ ਸਿੰਘ ਬਲਾਕ ਪ੍ਰਧਾਨ ਨੂਰਮਹਿਲ, ਸੁਰਜੀਤ ਸਿੰਘ ਮੌ ਸਾਹਿਬ, ਲਖਵੀਰ ਸਿੰਘ, ਗੁਰਦਿਆਲ ਸਿੰਘ, ਜੋਗਾ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ, ਸੁਰਿੰਦਰ ਸਿੰਘ, ਮਨਦੀਪ ਸਿੰਘ, ਗੁਰਮੇਜ ਸਿੰਘ, ਗੁਰਮੁੱਖ ਸਿੰਘ , ਗੁਰਦੀਪ ਸਿੰਘ ਅਤੇ ਹੋਰ ਹਾਜਰ ਸਨ।

# ਪੰਜਾਬ ਸਰਕਾਰ ਮੀਂਹ-ਹਨੇਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰਾਂ ਨੂੰ ਵੀ ਦੇਵੇ : ਖੋਸਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਡੈਮੋਕ੍ਰੇਟਿਕ ਭਾਰਤੀਯ ਲੋਕ ਦਲ ਵੱਲੋਂ ਅਹਿਮ ਮੀਟਿੰਗ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਦੀ ਅਗਵਾਈ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਖੋਸਲਾ ਨੇ ਕਿਹਾ ਕਿ ਪਿਛਲੇ ਦਿਨੀਂ ਖਾਸ ਕਰਕੇ ਮਾਲਵਾ ਜ਼ੋਨ ਦੇ ਕਈ ਜ਼ਿਲ੍ਹਿਆਂ ਵਿੱਚ ਮੀਂਹ, ਗੜੇ ਅਤੇ ਚੱਕਰਵਰਤੀ ਤੂਫਾਨ ਨੇ ਕਈ ਏਕੜ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹਨ। ਗੁਰਮੁਖ ਸਿੰਘ ਖੋਸਲਾ ਨੇ ਗਹਿਰੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਕਿਸਾਨ ਆਪਣੀ ਫਸਲ ਨੂੰ ਬੱਚਿਆਂ ਵਾਂਗ ਪਾਲਦਾ ਹੈ। ਕਿਸਾਨ ਅਤੇ ਮਜ਼ਦੂਰ ਵੱਲੋਂ ਫਸਲ ਦੀ ਪਕਾਈ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ। ਕਿਉਂਕਿ ਕਿਸਾਨ ਅਤੇ ਮਜ਼ਦੂਰ ਨੇ ਫਸਲ ਦੇ ਪੱਕਣ 'ਤੇ ਆਪਣੇ ਪਰਵਾਰ ਦੇ ਪਾਲਣ ਪੋਸ਼ਣ ਲਈ ਕਈ ਪ੍ਰਕਾਰ ਦੀਆਂ ਉਮੀਦਾਂ ਲਾਈਆਂ ਹੁੰਦੀਆਂ ਹਨ। ਜਿਨ੍ਹਾਂ ਉਪਰ ਕੁਦਰਤ ਨੇ ਆਪਣਾ ਕਹਿਰ ਢਾਹ ਦਿੱਤਾ ਹੈ। ਡੈਮੋਕ੍ਰੇਟਿਕ ਭਾਰਤੀ ਲੋਕ ਦਲ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਮੀਂਹ ਅਤੇ ਹਨੇਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਕਿਸਾਨਾਂ ਦੇ ਨਾਲ ਨਾਲ ਮਜ਼ਦੂਰਾਂ ਨੂੰ ਵੀ ਦਿੱਤਾ ਜਾਵੇ। ਇਸ ਮੌਕੇ ਡੈਮੋਕ੍ਰੇਟਿਕ ਭਾਰਤੀ ਲੋਕ ਦਲ ਵਿੱਚ ਨਵੀਆਂ ਨਿਯੁਕਤੀਆਂ ਕਰਦੇ ਹੋਏ ਤਰਸੇਮ ਸਿੰਘ ਨੂੰ ਪ੍ਰਧਾਨ ਅਤੇ ਹਰਜੀਤ ਸਿੰਘ ਜੀਤਾ ਨੂੰ ਉੱਪ ਪ੍ਰਧਾਨ ਯੂਨਿਟ ਦੀਤੂ ਨੰਗਲ ਤੇ ਜਸਵੀਰ ਕੌਰ, ਰਣਜੀਤ ਸਿੰਘ, ਰਾਜਾ, ਰਾਜੂ, ਸੰਦੀਪ ਕੌਰ, ਬੀਰੋ ਪੰਚ, ਬਲਬੀਰ ਸਿੰਘ, ਬਲਵਿੰਦਰ ਸਿੰਘ, ਸਤਨਾਮ ਦਰਸ਼ਨਾਂ, ਗੁਰਦੀਪ ਸਿੰਘ, ਰੋਸ਼ਨ ਸਿੰਘ, ਬਿੱਲਾ, ਜਸਵਿੰਦਰ ਕੌਰ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਸਮੇ ਹੋਰਨਾਂ ਤੋਂ ਇਲਾਵਾ ਰੂੜਾ ਰਾਮ ਗਿੱਲ ਪ੍ਰਧਾਨ ਭੱਠਾ ਮਜ਼ਦੂਰ ਯੂਨੀਅਨ ਪੰਜਾਬ, ਮੰਗਤ ਰਾਮ ਕਲਿਆਣ ਜਨਰਲ ਸਕੱਤਰ ਭੱਠਾ ਮਜ਼ਦੂਰ ਯੂਨੀਅਨ ਪੰਜਾਬ, ਸਤਨਾਮ ਸਿੰਘ ਬੁੱਲ੍ਹੋਵਾਲ ਪ੍ਰਧਾਨ ਕਿਸਾਨ ਵਿੰਗ ਜ਼ਿਲ੍ਹਾ ਜਲੰਧਰ, ਨੀਲਮ ਗਿੱਲ ਜਨਰਲ ਸਕੱਤਰ ਮਹਿਲਾ ਵਿੰਗ ਪੰਜਾਬ ਅਤੇ ਯੂਨਿਸ ਮਸੀਹ ਖੋਜਪੁਰ ਆਦਿ ਮੌਜੂਦ ਸਨ।

# ਔਕਸਫੋਰਡ ਇੰਟਰਨੈਸ਼ਨਲ ਸਕੂਲ ਜਿਆਣ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ

**ਮਾਹਿਲਪੁਰ (ਸਫਰੀ)** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਔਕਸਫੋਰਡ ਇੰਟਰਨੈਸ਼ਨਲ ਸਕੂਲ ਜਿਆਣ ਦੇ ਪ੍ਰਬੰਧਕਾਂ ਤੇ ਸਟਾਫ ਵਲੋਂ ਇੱਕਤਰ ਹੋ ਕੇ ਵਿੱਦਿਅਕ ਸੈਸ਼ਨ 2023-24 ਦੀ ਸ਼ੁਰੂਆਤ ਕਰਨ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਚਰਨਾਂ ਦਾ ਓਟ ਆਸਰਾ ਲਿਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਬਲਵੀਰ ਸਿੰਘ ਬਾਹੋਵਾਲ ਦੇ ਜਥੇਦਾਰ ਨੇ ਰਸਭਿੰਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵਲੋਂ ਬੱਚਿਆਂ ਦੇ ਬਿਹਤਰ ਭਵਿੱਖ, ਸਟਾਫ ਦੇ ਮਾਨ ਸਨਮਾਨ,ਸਕੂਲ ਤੇ ਪ੍ਰਬੰਧਕੀ ਕਮੇਟੀ ਦੀ ਚੜ੍ਹਦੀ ਕਲ੍ਹਾ ਲਈ ਅਰਦਾਸ ਕੀਤੀ ਗਈ। ਬੱਚਿਆਂ ਦੇ ਬੌਧਿਕ ਵਿਕਾਸ ਤੇ ਚੰਗੇਰੇ ਭਵਿੱਖ ਲਈ ਔਕਸਫੋਰਡ ਇੰਟਰਨੈਸ਼ਨਲ ਸਕੂਲ ਦੇ ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਵਿੱਦਿਆ ਸਬੰਧੀ ਆਧੁਨਿਕ ਤਕਨੀਕ ਅਨੁਸਾਰ ਲੋੜੀਂਦੀਆਂ ਬਿਹਤਰੀਨ ਸੁੱਖ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ,ਕੋਚ ਬੰਧਨ ਸਿੰਘ,ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ,ਮਿਲਨਪ੍ਰੀਤ ਸਿੰਘ ਚਾਵਲਾ,ਵੇਦ ਪ੍ਰਕਾਸ਼, ਗੋਪੀ ਮਾਨ ਬੁਗਰਾ,ਮਨਜਿੰਦਰ ਸਿੰਘ,ਜਸਮੀਤ ਸਿੰਘ, ਸੁਖਵੀਰ ਸਿੰਘ ਸੋਢੀ ਆਦਿ ਹਾਜਰ ਸਨ।

# ਵਾਹਦ ਵਿਖੇ ਜਾਗਰਣ 'ਚ ਹਾਜ਼ਰ ਹੋਏ ਜੋਗਿੰਦਰ ਸਿੰਘ ਮਾਨ



**ਫਗਵਾੜਾ (ਡਾ. ਰਮਨ)**- ਨੇੜਲੇ ਪਿੰਡ ਵਾਹਦ ਵਿਖੇ ਹਰਦਿਆਲ ਸਿੰਘ ਅਤੇ ਬੀਬੀ ਤੇਜਿੰਦਰ ਕੌਰ (ਵਾਹਿਦ ਰਾਈਸ ਮਿੱਲਜ਼) ਦੇ ਪਰਵਾਰ ਵੱਲੋਂ ਚੇਤ ਮਹੀਨੇ ਦੇ ਨਵਰਾਤ੍ਰਿਆਂ ਅਤੇ ਸਿੱਧ ਬਾਬਾ ਬਾਲਕ ਨਾਥ ਧਾਮ (ਹਿ.ਪ੍ਰ.) ਦੇ ਸਾਲਾਨਾ ਮੇਲੇ ਦੇ ਸਬੰਧ 'ਚ ਕਰਵਾਏ ਜਾਗਰਣ ਦੌਰਾਨ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਵਿਸ਼ੇਸ਼ ਤੌਰ 'ਤੇ ਦਰਬਾਰ ਵਿੱਚ ਹਾਜ਼ਰੀ ਲਗਾਈ। ਉਨ੍ਹਾਂ ਸਮੂਹ ਸੰਗਤ ਨੂੰ ਚੇਤ ਮਹੀਨੇ ਦੇ ਨਵਰਾਤ੍ਰਿਆਂ ਅਤੇ ਬਾਬਾ ਬਾਲਕ ਨਾਥ ਧਾਮ ਦੇ ਸਾਲਾਨਾ ਮੇਲੇ ਦੀ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਦੀ ਖ਼ੂਬਸੂਰਤੀ ਇਹ ਹੈ ਕਿ ਇੱਥੇ ਸਾਰੇ ਧਾਰਮਿਕ ਤਿਉਹਾਰ ਰਲ-ਮਿਲ ਕੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਇਹ ਪੰਜਾਬੀਆਂ ਦੀ ਆਪਸੀ ਭਾਈਚਾਰਕ ਸਾਂਝ ਦੀ ਖ਼ੂਬਸੂਰਤ ਮਿਸਾਲ ਹੈ। ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਹਰਮੇਸ਼ ਪਾਠਕ, ਕੁਲਵਿੰਦਰ ਸਿੰਘ ਕਾਲਾ ਸਰਪੰਚ ਅਠੌਲੀ, ਪੁਰਸ਼ੋਤਮ ਪੰਚ, ਮਨੀ ਵਾਹਦ, ਇੰਦਾ ਵਾਹਦ ਸਮੇਤ ਹੋਰ ਪਤਵੰਤੇ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਪੰਜਾਬ ਦੇ ਮਾਹੌਲ ਨੂੰ ਖਰਾਬ ਕਰਕੇ ਜ਼ਿਮਨੀ ਚੋਣ ਜਿੱਤਣਾ ਚਾਹੁੰਦੀ ਹੈ ਪੰਜਾਬ ਸਰਕਾਰ : ਚੁੰਬਰ

**ਨੂਰਮਹਿਲ ( ਬਾਲੀ)**-ਆਮ ਆਦਮੀ ਦੀ ਸਰਕਾਰ ਕਹਾਉਣ ਵਾਲੀ ਪੰਜਾਬ ਸਰਕਾਰ ਸੂਬੇ ਦੇ ਮਾਹੌਲ ਨੂੰ ਖਰਾਬ ਕਰਕੇ ਜਲੰਧਰ ਦੀ ਜ਼ਿਮਨੀ ਚੋਣ ਜਿੱਤਣਾ ਚਾਹੁੰਦੀ ਹੈ। ਮਲਕੀਤ ਚੁੰਬਰ ਨੇ ਕਿਹਾ ਕਿ ਜਿਸ ਤਰ੍ਹਾਂ ਭਾਈ ਅੰਮ੍ਰਿਤਪਾਲ ਸਿੰਘ ਦਾ ਹਊਆ ਖੜਾ ਕਰਕੇ ਪੰਜਾਬ ਦੀ ਜਵਾਨੀ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ,ਸਿੱਖਾਂ ਦੇ ਦਿਲਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਨਾ ਚਾਹੁੰਦੀ ਹੈ ਸਰਕਾਰ। 25 ਮਾਰਚ ਨੂੰ ਡੇਰਾ ਸੱਚ ਖੰਡ ਬੱਲਾਂ ਜਲੰਧਰ ਵਿਖੇ ਮੱਥਾ ਟੇਕਣ ਆਉਣ ਦਾ ਕਹਿ ਕੇ ਇੱਕ ਸਿਆਸੀ ਰੈਲੀ ਦੇ ਰੂਪ ਵਿੱਚ ਡੇਰੇ ਨੂੰ ਵਰਤਨ ਦੀ ਘਟੀਆ ਰਾਜਨੀਤੀ ਸੋਚ ਦੀ ਅਲੋਚਨਾ ਕਰਦਿਆਂ ਚੁੰਬਰ ਨੇ ਕਿਹਾ ਕਿ ਜੋ ਪੰਜੀ ਕਰੋੜ ਦਾ ਚੈੱਕ ਦੇਣ ਦਾ ਡਰਾਮਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਹੈ ਉਹ ਅਸਲ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੋਟਾਂ ਨੇੜੇ ਆ ਕੇ ਚੈੱਕ ਦੇ ਕੇ ਕੀਤਾ ਸੀ, ਜਿਸ ਨੂੰ ਭਗਵੰਤ ਮਾਨ ਦੀ ਸਰਕਾਰ ਨੇ ਬਨਦੇ ਸਾਰ ਵਾਪਸ ਲੈ ਲਿਆ ਸੀ। ਦੂਸਰੇ ਪਾਸੇ ਡੇਰਾ ਸੱਚ ਖੰਡ ਬੱਲਾਂ ਵਿਖੇ ਪਹੁੰਚਣ ਦੇ ਸੁਆਗਤ ਵਿੱਚ ਲਾਏ ਗਏ ਫਲੈਕਸ ਬੋਰਡਾਂ 'ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਨਾਲ ਛੇੜਛਾੜ ਕੀਤੀ ਗਈ। ਦੁੱਖ ਉਦੋਂ ਹੋਇਆ ਜਦੋਂ ਡੇਰੇ ਵੱਲੋਂ ਕੋਈ ਇਤਰਾਜ ਨਹੀਂ ਕੀਤਾ ਗਿਆ।

# ਮੀਤ ਹੇਅਰ ਵੱਲੋਂ ਸਿਫਤ ਕੌਰ ਸਮਰਾ ਨੂੰ ਵਧਾਈ




**ਚੰਡੀਗੜ੍ਹ (ਗੁਰਜੀਤ ਬਿੱਲਾ )**-ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਭੋਪਾਲ ਵਿਖੇ ਕਰਵਾਏ ਜਾ ਰਹੇ ਆਈ.ਐਸ.ਐਸ.ਐਫ. ਵਿਸ਼ਵ ਕੱਪ 2023 ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਫਰੀਦਕੋਟ ਦੀ ਨਿਸ਼ਾਨੇਬਾਜ ਸਿਫ਼ਤ ਕੌਰ ਸਮਰਾ ਨੂੰ ਵਧਾਈ ਦਿੱਤੀ ਹੈ।

ਖੇਡ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤਾਂ ਜੋ ਵਿਸ਼ਵ ਪੱਧਰ 'ਤੇ ਸੂਬੇ ਦੀ ਸ਼ਾਨ ਨੂੰ ਮੁੜ ਬਹਾਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸਿਫਤ ਕੌਰ ਸਮਰਾ ਦੀ ਪ੍ਰਾਪਤੀ ਇਸ ਵਚਨਬੱਧਤਾ ਦੀ ਗਵਾਹੀ ਭਰਦੀ ਹੈ ਜ਼ਿਕਰਯੋਗ ਹੈ ਕਿ ਸਿਫਤ ਕੌਰ ਸਮਰਾ ਨੇ 403.9 ਅੰਕ ਹਾਸਲ ਕੀਤੇ ਜਦਕਿ ਚਾਂਦੀ ਦਾ ਤਗਮਾ ਜੇਤੂ ਚੈੱਕ ਗਣਰਾਜ ਦੀ ਅਨੇਤਾ ਬ੍ਰਾਬਕੋਵਾ ਨੇ 411.3 ਅੰਕ ਅਤੇ ਸੋਨ ਤਗਮਾ ਜੇਤੂ ਚੀਨ ਦੀ ਕਿਓਨਗਿਊ ਝਾਂਗ ਨੇ 414.7 ਅੰਕ ਹਾਸਲ ਕੀਤੇ।

# ਸ਼ਹੀਦੀ ਦਿਨ ਨੂੰ ਸਮਰਪਤ ਕਵੀ ਦਰਬਾਰ ਤੇ ਕਾਵਿ ਸੰਗ੍ਰਹਿ 'ਸੰਘਰਸ਼ ਕੀ ਵੇਲਾ' ਲੋਕ ਅਰਪਣ

**ਖਰੜ ( ਹਰਨਾਮ ਸਿੰਘ ਡੱਲਾ )**-ਸਾਹਿਤ ਸਭਾ ਰਜਿ: ਬਹਿਰਾਮਪੁਰ ਬੇਟ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਲੋਕ ਕਵੀ ਪਾਸ਼ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਸਭਾ ਦੇ ਆਂਗਨ ਵਿੱਚ ਕਰਵਾਇਆ ਗਿਆ। ਇਸ ਦੌਰਾਨ ਬਜੁਰਗ ਸ਼ਾਇਰ ਬਾਪੂ ਸੁੱਚਾ ਸਿੰਘ ਅਧਰੇੜਾ ਦਾ ਕਾਵਿ ਸੰਗ੍ਰਹਿ 'ਸੰਘਰਸ਼ ਕੀ ਵੇਲਾ' ਦਾ ਲੋਕ ਅਰਪਣ ਵੀ ਕੀਤਾ ਗਿਆ। ਉਪਰੰਤ ਬਾਪੂ ਸੁੱਚਾ ਸਿੰਘ ਅਧਰੇੜਾ ਨੇ ਇਸ ਕਾਵਿ ਪੁਸਤਕ ਵਿੱਚੋਂ ਸਰੋਤਿਆਂ ਨੂੰ ਆਪਣੀਆਂ ਕਵਿਤਾਵਾਂ ਸੁਣਾਈਆਂ। ਜਿਸ ਦਾ ਸਰੋਤਿਆਂ ਵਲੋਂ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਕਿਤਾਬ ਉੱਤੇ ਪਰਚਾ ਪੜ੍ਹਦਿਆਂ ਉੱਘੇ ਲੇਖਕ ਰਾਬਿੰਦਰ ਸਿੰਘ ਰੱਬੀ ਨੇ ਕਿਹਾ ਕਿ ਸੁੱਚਾ ਸਿੰਘ ਮਸਤਾਨਾ ਨੇ ਸਮੇਂ ਦੇ ਹਾਲਾਤ ਨੂੰ ਚਿਤਰਨ ਦਾ ਕੰਮ ਬਾਖੂਬੀ ਕੀਤਾ ਹੈ। ਉਨ੍ਹਾਂ ਦੀਆਂ ਲਿਖਤਾਂ ਵਿੱਚ ਕਿਰਤੀ, ਕਿਸਾਨਾਂ ਦੀ ਗੱਲ ਮਿਲਦੀ ਹੈ, ਕਾਣੀ ਵੰਡ ਖਿਲਾਫ ਆਕ੍ਰੋਸ਼ ਹੈ। ਪਰ ਫੇਰ ਵੀ ਜੇਕਰ ਸਾਹਿਤਕ ਪੱਖੋਂ ਵਾਚਿਆ ਜਾਵੇ ਤਾਂ ਰਚਨਾਵਾਂ ਵਿੱਚ ਹੋਰ ਸੰਭਾਵਨਾ ਦੀ ਗੁੰਜਾਇਸ਼ ਹੈ। ਉਪਰੰਤ ਉੱਘੇ ਕਹਾਣੀਕਾਰ ਗੁਰਮੀਤ ਸਿੰਘ ਸਿੰਗਲ ਅਤੇ ਸੰਤਵੀਰ ਵਲੋਂ ਪੁਸਤਕ 'ਸੰਘਰਸ਼ ਕੀ ਵੇਲਾ' ਵਿਚਲੀਆਂ ਕਵਿਤਾਵਾਂ ਦੇ ਅਧਿਐਨ ਉੱਤੇ ਵਿਚਾਰ ਵਟਾਂਦਰਾ ਕਰਦਿਆਂ ਕਵੀ ਦੀ ਕਾਵਿ ਸ਼ੈਲੀ ਬਾਰੇ ਵਿਸਤਾਰਤ ਗੱਲਾਂ ਕੀਤੀਆਂ। ਉਨ੍ਹਾਂ ਕਿਹਾ ਕਿ ਬਾਪੂ ਸੁੱਚਾ ਸਿੰਘ ਅਧਰੇੜਾ ਜਿਸ ਤਰ੍ਹਾਂ ਦੀ ਜ਼ਿੰਦਗੀ ਜਿਊ ਰਿਹਾ ਹੈ,ਉਸ ਦੀ ਕਵਿਤਾ ਵੀ ਉਸ ਦੇ ਨਾਲ ਨਾਲ ਚੱਲਦੀ ਹੈ। ਦੂਜੇ ਸੈਸ਼ਨ ਦੌਰਾਨ ਸੁਰਿੰਦਰ ਸਿੰਘ ਕੰਗ ਵਲੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਲਾਸਾਨੀ ਸ਼ਹਾਦਤ ਬਾਰੇ ਆਪਣੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਇਕੱਲਾ ਸ਼ਹੀਦੀ ਦਿਹਾੜੇ ਮਨਾ ਲੈਣਾ ਹੀ ਕਾਫੀ ਨਹੀਂ ਹੈ। ਸਾਨੂੰ ਉਹਨਾਂ ਦੀ ਵਿਚਾਰਧਾਰਾ ਉੱਤੇ ਪਹਿਰਾ ਦੇਣ ਅਤੇ ਆਪਣੇ ਜੀਵਨ ਵਿੱਚ ਢਾਲ ਲੈਣ ਨਾਲ ਹੀ ਕਿਸੇ ਪਰਵਰਤਨ ਦੀ ਉਮੀਦ ਰੱਖਣੀ ਚਾਹੀਦੀ ਹੈ। ਲੋਕ ਕਵੀ ਪਾਸ਼ ਦੇ ਜੀਵਨ ਅਤੇ ਕਵਿਤਾ ਬਾਰੇ ਗੱਲ ਕਰਦਿਆਂ ਡੱਲਾ ਨੇ ਕਿਹਾ ਕਿ ਪਾਸ ਨਕਸਲਬਾੜੀ ਲਹਿਰ ਦੌਰਾਨ ਰਚੇ ਗਏ ਲੋਕ ਸਾਹਿਤ ਦਾ ਸੁਚੇਤ ਕਵੀ ਹੋਇਆ ਹੈ। ਪਾਸ਼ ਦੀ ਕਵਿਤਾ ਵਿੱਚ ਲੋਕਾਂ ਦੇ ਜਿਊਣ ਦੇ ਫਿਕਰ ਹਨ। ਉਹ ਪੂੰਜੀਵਾਦੀ ਵਿਵਸਥਾ ਨੂੰ ਰੱਦ ਕਰਨ ਲਈ ਜੂਝਣ ਵਾਲਿਆਂ ਕਵੀਆਂ ਦੀ ਕਤਾਰ ਦਾ ਮੋਹਰਲਾ ਜੁਝਾਰੂ ਸੀ। ਸਾਹਿਤ ਸਭਾ ਬਹਿਰਾਮਪੁਰ ਬੇਟ ਵਲੋਂ ਆਯੋਜਿਤ ਇਸ ਪ੍ਰੋਗਰਾਮ ਵਿੱਚ ਡਾਕਟਰ ਤੇਜਪਾਲ ਸਿੰਘ ਕੰਗ, ਮਨਮੋਹਨ ਸਿੰਘ ਰਾਣਾ, ਪਰਮਿੰਦਰ ਸਿੰਘ ਪ੍ਰੇਮ, ਡਾਕਟਰ ਜਲੌਰ ਸਿੰਘ ਖੀਵਾ, ਤਰਸੇਮ ਬਸਰ, ਜਸਵੀਰ ਝੱਜ, ਅਨਿਲ ਫਤਿਹਗੜ੍ਹ ਜੱਟਾਂ, ਬਲਵੰਤ ਮਾਂਗਟ, ਇੰਦਰਜੀਤ ਪ੍ਰੇਮੀ, ਡਾਕਟਰ ਨਰਿੰਦਰ ਨਿੰਦੀ, ਮੋਹਿਤ ਕੁਮਾਰ,ਹਨੀਸ ਮੁਹੰਮਦ, ਬਲਵਿੰਦਰ ਸਿੰਘ,ਕਮਰਫੂਲ ਸਿੰਘ, ਅਮਨਦੀਪ ਸਿੰਘ, ਸ਼ਮਸ਼ੇਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਸਰੋਤਿਆਂ ਨੇ ਭਾਗ ਲਿਆ। ਬਾਪੂ ਸੁੱਚਾ ਸਿੰਘ ਅਧਰੇੜਾ ਅਤੇ ਰਾਬਿੰਦਰ ਸਿੰਘ ਰੱਬੀ ਦਾ ਲੋਈ ਅਤੇ ਯਾਦ ਚਿੰਨ੍ਹ ਭੇਟ ਕਰਕੇ ਸਨਮਾਨ ਵੀ ਕੀਤਾ ਗਿਆ। ਸੰਤੋਖ ਸਿੰਘ ਸੋਖਾ, ਸੁਰਿੰਦਰ ਸਿੰਘ ਰਸੂਲਪੁਰ, ਰਾਬਿੰਦਰ ਰੱਬੀ, ਪਰਮਿੰਦਰ ਸਿੰਘ ਪ੍ਰੇਮ, ਡਾਕਟਰ ਨਰਿੰਦਰ ਨਿੰਦੀ, ਸੱਜਣ ਸਿੰਘ ਅਤੇ ਜਤਿੰਦਰ ਸਿੰਘ ਸਾਹੀ ਨੇ ਆਪੋ ਆਪਣੀਆਂ ਕਵਿਤਾਵਾਂ ਸੁਣਾਈਆਂ। ਅਜਮੇਰ ਫਿਰੋਜ਼ਪੁਰੀ ਵਲੋਂ ਮੰਚ ਸੰਚਾਲਕ ਬਾਖੂਬੀ ਨਿਭਾਇਆ ਗਿਆ।



# ਸ਼ਰਨਜੀਤ ਸਿੰਘ ਨੂੰ ਦਿੱਤਾ ਤੀਹ ਹਜ਼ਾਰ ਦੀ ਰਾਸ਼ੀ ਦਾ ਚੈੱਕ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਪਿੰਡ ਨਲਹੋਟੀ ਵਿਖੇ ਵੇਰਕਾ ਮਿਲਕ ਪਲਾਂਟ ਦੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋਂ ਵਲੋਂ ਉਕਤ ਪਿੰਡ ਦੀ ਬੀ ਐਮ ਸੀ ਵਿਖੇ ਪਹੁੰਚ ਦੁੱਧ ਉਤਪਾਦਕ ਸ਼ਰਨਜੀਤ ਸਿੰਘ ਲਾਡੀ ਨੂੰ ਉਨ੍ਹਾਂ ਦੀ ਬੀਤੇ ਕੁਝ ਸਮਾਂ ਪਹਿਲਾਂ ਗਾਂ ਦੀ ਮੌਤ ਹੋ ਜਾਣ ਕਾਰਨ 30 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਦੇ ਕੇ ਮਾਲੀ ਮਦਦ ਕੀਤੀ ਗਈ। ਕਾਹਲੋਂ ਨੇ ਕਿਹਾ ਕਿ ਦੁੱਧ ਉਤਪਾਦਕਾਂ ਵਲੋਂ ਦਿਨ ਪ੍ਰਤੀ ਦਿਨ ਡੇਅਰੀਆਂ ਵਿੱਚ ਵੱਧ ਤੋਂ ਵੱਧ ਦੁੱਧ ਪਾਉਣ ਦਾ ਰੁਝਾਨ ਵੱਧਦਾ ਜਾ ਰਿਹਾ ਹੈ ਉਸੇ ਤਰਾਂ ਵੇਰਕਾ ਮਿਲਕ ਪਲਾਂਟ ਵਲੋਂ ਵੀ ਨਿੱਤ ਦਿਨ ਨਵੀਆਂ-ਨਵੀਆਂ ਸਕੀਮਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਦੁੱਧ ਉਤਪਾਦਕਾਂ ਨੂੰ ਪਸ਼ੂਆਂ ਲਈ ਪੱਠੇ ਕੁਤਰਨ, ਅਚਾਰ ਬਣਾਉਣ, ਦੁਧ ਚੋਣ ਵਾਲੀਆਂ ਮਸ਼ੀਨਾਂ ਲਈ ਸਬਸਿਡੀ, ਵਧੀਆ ਫੀਡ, ਅਤੇ ਸਮੇਂ-ਸਮੇਂ 'ਤੇ ਦਵਾਈਆ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਉਨਾਂ ਕਿਹਾ ਫੀਲਡ ਵਿੱਚ ਕੰਮ ਕਰ ਰਹੇ ਮੁਲਾਜਮ, ਦੁੱਧ ਉਤਪਾਦਕਾਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਉੱਚ ਅਧਿਕਾਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਮਦਦ ਕਰਨ ਤਾਂ ਜੋ ਦੁੱਧ ਉਤਪਾਦਕਾਂ ਨੂੰ ਭਵਿੱਖ ਵਿੱਚ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਡਿਪਟੀ ਮੈਨੇਜਰ ਤਜਿੰਦਰ ਸਿੰਘ, ਐਮ ਪੀ, ਜਗਦੀਪ ਸਿੰਘ, ਅਜਾਦ ਸਿੰਘ, ਸ਼ਿਵ ਸਿੰਘ ਕਾਹਲੋਂ, ਸਕੱਤਰ ਸਵਿੱਤਰ ਸਿੰਘ, ਰਾਮ ਆਸਰਾ ਆਦਿ ਹਾਜਰ ਸਨ।

# ਦੁਨੀਆ ਦੇ ਕਿਸੇ ਵੀ ਦੇਸ਼ 'ਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਨਹੀਂ : ਸ਼੍ਰੇਆ ਭਾਰਤੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸਮਾਜਕ ਪ੍ਰੋਜੈਕਟ ਸੰਤੁਲਨ-ਲਿੰਗ ਸਮਾਨਤਾ ਪ੍ਰੋਗਰਾਮ ਤਹਿਤ ਕੇਸ਼ੋ ਮੰਦਰ ਹਾਲ ਨਈ ਆਬਾਦੀ, ਹੁਸ਼ਿਆਰਪੁਰ ਵਿਖੇ ਇੱਕ ਸਮਾਜਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਾਧਵੀ ਸੁਸ਼੍ਰੀ ਸ਼੍ਰੇਆ ਭਾਰਤੀ ਨੇ ਕਿਹਾ ਕਿ ਹੁਣ ਦੇ ਸਾਲਾਂ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਉਤਸ਼ਾਹਤ ਕਰਨ ਪ੍ਰਤੀ ਲੋਕਾਂ ਦੇ ਰਵੱਈਏ ਵਿੱਚ ਬਦਲਾਅ ਆਇਆ ਹੈ। ਹਾਲਾਂਕਿ, ਸੰਯੁਕਤ ਰਾਸ਼ਟਰ ਦੇ ਅਨੁਸਾਰ ਦੁਨੀਆ ਦਾ ਕੋਈ ਵੀ ਦੇਸ਼ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਸ ਦੇ ਦੇਸ਼ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਾਰੇ ਅਧਿਕਾਰ ਮਿਲੇ ਹਨ। ਦੁਨੀਆ ਵਿੱਚ ਔਰਤਾਂ ਨੂੰ ਮਰਦਾਂ ਨਾਲੋਂ ਔਸਤਨ ਤੀਹ ਤੋਂ ਚਾਲੀ ਫੀਸਦੀ ਘੱਟ ਤਨਖਾਹ ਦਿੱਤੀ ਜਾਂਦੀ ਹੈ। ਔਰਤਾਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਉਨ੍ਹਾਂ ਨੂੰ ਅਪੰਗਤਾ ਦੇ ਨਾਲ-ਨਾਲ ਬਲਾਤਕਾਰ ਅਤੇ ਘਰੇਲੂ ਹਿੰਸਾ ਵਰਗੀਆਂ ਕਈ ਗੰਭੀਰ ਸਥਿਤੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਸੇ ਲਈ ਔਰਤਾਂ ਨੂੰ ਹਿੰਸਾ ਤੋਂ ਬਚਾਉਣ ਅਤੇ ਉਨ੍ਹਾਂ ਦੇ ਹੱਕ ਦਿਵਾਉਣ ਲਈ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਅੱਗੇ ਸਾਧਵੀ ਤਪੱਸਵਿਨੀ ਭਾਰਤੀ ਨੇ ਦੱਸਿਆ ਕਿ ਔਰਤਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਗਿਆ। ਜਿਹੜੀਆਂ ਔਰਤਾਂ ਆਰਥਕ ਤੌਰ 'ਤੇ ਸਵੈ-ਨਿਰਭਰ ਨਹੀਂ ਹਨ, ਉਨ੍ਹਾਂ ਨੂੰ ਆਪਣੇ ਪਤੀਆਂ ਤੋਂ ਗੁਜ਼ਾਰਾ ਭੱਤਾ ਲੈਣ ਦਾ ਹੱਕ ਹੈ। ਧੀਆਂ ਦਾ ਵੀ ਮਾਪਿਆਂ ਦੀ ਜਾਇਦਾਦ ਵਿੱਚ ਪੁੱਤਰਾਂ ਵਾਂਗ ਹੀ ਹੱਕ ਹੈ। ਘਰੇਲੂ ਹਿੰਸਾ ਅਤੇ ਛੇੜਛਾੜ ਵਿਰੁੱਧ ਔਰਤਾਂ ਨੂੰ ਇਨਸਾਫ਼ ਦਿਵਾਉਣ ਲਈ ਇੱਕ ਐਕਟ ਬਣਾਇਆ ਗਿਆ ਹੈ, ਜਿਸ ਤਹਿਤ 3 ਸਾਲ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਦਾਜ ਲੈਣਾ ਅਤੇ ਦੇਣਾ ਕਾਨੂੰਨੀ ਜੁਰਮ ਹੈ। ਇਸ ਮੌਕੇ ਸਾਧਵੀ ਰੁਕਮਣੀ ਭਾਰਤੀ, ਸਾਧਵੀ ਰਾਜਵੰਤ ਭਾਰਤੀ, ਸਾਧਵੀ ਮਯੰਕ ਭਾਰਤੀ, ਸਾਧਵੀ ਪੂਨਮ ਭਾਰਤੀ, ਸਾਧਵੀ ਪ੍ਰਿਅੰਕਾ ਭਾਰਤੀ, ਸਾਧਵੀ ਵਸੁਧਾ ਭਾਰਤੀ, ਸਾਧਵੀ ਮੀਮਾਂਸਾ ਭਾਰਤੀ, ਸਾਧਵੀ ਅਨੀਤਾ ਭਾਰਤੀ, ਸਾਧਵੀ ਨਵਨੀਤ ਭਾਰਤੀ, ਪ੍ਰਵੀਨ ਸੈਣੀ ਸੀਨੀਅਰ ਡਿਪਟੀ ਮੇਅਰ, ਪ੍ਰੋਫੈਸਰ ਪੂਜਾ ਵਸ਼ਿਸ਼ਟ, ਗੁਰਮਿੰਦਰ ਕੌਰ ਮੀਤ ਪ੍ਰਧਾਨ ਮਹਿਲਾ ਮੋਰਚਾ ਭਾਜਪਾ, ਤਰਨਜੀਤ ਸੇਠੀ, (ਪ੍ਰਧਾਨ ਕਾਂਗਰਸ ਮਹਿਲਾ ਮੋਰਚਾ), ਸੁਰਿੰਦਰ ਸਿੰਘ ਸੈਣੀ ਉਪ ਪ੍ਰਧਾਨ ਓ ਬੀ ਸੀ ਮੋਰਚਾ ਭਾਜਪਾ, ਸੁਰਿੰਦਰ ਸਾਥੀਆ ਸਿਟੀ ਪ੍ਰਧਾਨ, ਸਨੇਹ ਜੈਨ ਸਨੇਹ ਭਾਗ ਸਨ।

ਉਰਮਿਲ ਸੂਦ ਡਾਇਰੈਕਟਰ ਸੇਂਟ ਸੋਲਡਰ ਪਬਲਿਕ ਸਕੂਲ, ਡਾ. ਸਵੀਨ ਸੈਣੀ ਐਮ ਡੀ ਨਾਇਸ ਕੰਪਿਊਟਰ, ਐਮ ਡੀ ਸੁਮਨ ਗੁਲਾਟੀ, ਪੂਜਾ ਮਹਾਜਨ, ਡਾ. ਸਵਿਤਾ ਓਹਰੀ ਓਹਰੀ ਹਸਪਤਾਲ, ਡਾ.ਵਰਧੀ ਭੱਲਾ ਪ੍ਰਿੰਸੀਪਲ ਬੈੱਡ ਕਾਲਜ, ਕੌਂਸਲਰ ਆਸ਼ਾ ਦੱਤਾ, ਕੌਂਸਲਰ ਮੀਨਾ ਸ਼ਰਮਾ, ਕੌਂਸਲਰ ਮੋਨਿਕਾ ਕਤਨਾ, ਕੌਂਸਲਰ ਨਵਜੋਤ ਕਟੋਚ, ਵਨੀਤਾ ਸ਼ਰਮਾ ਭਗਵਾਨ ਪਰਸ਼ੂਰਾਮ ਸੈਨਾ, ਸੁਸ਼ਮਾ ਸੇਤੀਆ ਡਿੰਪਲ ਸ਼ਰਮਾ ਭ੍ਰਿਗੂ ਸ਼ਾਸਤਰੀ, ਸ਼ਵੇਤਾ, ਸ਼ਿਵਾਨੀ, ਸੋਨਾਕਸ਼ੀ, ਰਿਤੂ ਗੁਪਤਾ, ਐਡਵੋਕੇਟ ਮਧੂ ਸੈਣੀ, ਰੇਣੂ ਸੇਠੀ, ਆਸ਼ਾ ਰਾਣੀ, ਅਧਿਆਪਕਾ ਗੁਰਪਿੰਦਰ ਕੌਰ, ਹਰਪ੍ਰੀਤ ਕੌਰ, ਸਾਬਕਾ ਕੌਂਸਲਰ ਸੁਨੀਤਾ ਦੂਆ ਮਹਿਤਾ, ਨੇਹਾ ਮਹਿਤਾ, ਅਰਚਨਾ ਜੈਨ, ਅਮਿਤਾ ਜੈਨ ਅਤੇ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ।

# ਟੀ ਬੀ ਪੀੜਤ ਮਰੀਜ਼ਾਂ ਨੂੰ ਸਿਹਤ ਵਿਭਾਗ ਨੇ ਵੰਡਿਆ ਰਾਸ਼ਨ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ, ਕੁਲਵਿੰਦਰ ਕਾਲਾ)** -ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਿਹਤ ਵਿਭਾਗ ਸ਼੍ਰੀ ਚਮਕੌਰ ਸਾਹਿਬ ਵੱਲੋਂ ਟੀ.ਬੀ ਪੀੜਤ ਮਰੀਜਾਂ ਨੂੰ ਰਾਸ਼ਨ ਵੰਡਿਆ ਗਿਆ। ਜ਼ਿਲ੍ਹਾ ਪੱਧਰ ਤੋਂ ਜਿਲ੍ਹਾ ਤਪਦਿਕ ਅਫਸਰ ਡਾ.ਕਮਲਦੀਪ ਚੌਧਰੀ ਵਿਸ਼ੇਸ਼ ਤੌਰ ਹਾਜਰ ਹੋਏ। ਉਨ੍ਹਾਂ ਤੇ ਡਾ.ਟੰਡਨ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਸਾਲ 2025 ਤੱਕ ਟੀ.ਬੀ ਮੁਕਤ ਦੇਸ਼ ਬਨਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਲਈ ਸਮੂਹ ਟੀ.ਬੀ ਪੀੜਤ ਮਰੀਜ ਆਪਣੀ ਦਵਾਈ ਦਾ ਸੇਵਨ ਸਮੇਂ ਸਿਰ ਕਰਨ ਅਤੇ ਦਵਾਈ ਵਿੱਚ ਕੋਈ ਗੈਪ ਨਾ ਪਾਇਆ ਜਾਵੇ ਅਤੇ ਦਵਾਈ ਦੇ ਨਾਲ-ਨਾਲ ਪੌਸ਼ਟਿਕ ਖੁਰਾਕ ਦੀ ਵਰਤੋਂ ਕੀਤੀ ਜਾਵੇ। ਡਾ.ਕਮਲਦੀਪ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਟੀ.ਬੀ ਦੇ ਮਰੀਜਾਂ ਨੂੰ ਪ੍ਰਤੀ ਮਹੀਨਾ 500/- ਰੁਪਏ ਦੀ ਰਾਸ਼ੀ ਉਨ੍ਹਾਂ ਦੀ ਪੌਸ਼ਟਿਕ ਖੁਰਾਕ ਲਈ ਦਿੱਤੀ ਜਾਂਦੀ ਹੈ । ਉਨ੍ਹਾਂ ਟੀ.ਬੀ ਦੀ ਬਿਮਾਰੀ ਨਾਲ ਜੂਝ ਰਹੇ ਮਰੀਜਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਖੁਰਾਕ ਵਿੱਚ ਹਾਈ ਪ੍ਰੋਟੀਨ ਯੁਕਤ ਭੋਜਨ ਦਾ ਇਸਤੇਮਾਲ ਕਰਨ ਤਾਂ ਜੋ ਟੀ.ਬੀ ਦੇ ਇਲਾਜ਼ ਲਈ ਵਰਤੀ ਜਾਂਦੀ ਦਵਾਈ ਦੇ ਨਾਲ-ਨਾਲ ਸਰੀਰ ਇਸ ਬਿਮਾਰੀ ਵਿੱਚੋਂ ਜਲਦੀ ਮੁਕਤ ਹੋ ਸਕੇ। ਇਸ ਮੌਕੇ 'ਤੇ ਡਾ.ਸ਼ਲਾਖਾਧੀਰ ਮੈਡੀਕਲ ਅਫਸਰ,ਹਰਵਿੰਦਰ ਸਿੰਘ ਬੀ.ਈ.ਈ,ਗੁਰਪ੍ਰੀਤ ਸਿੰਘ ਟੀ.ਬੀ ਹੈਲਥ ਵਿਜ਼ੀਟਰ,ਇੰਦਰਜੀਤ ਸਿੰਘ ਡੀ.ਪੀ.ਐਸ,ਉਪਜਿੰਦਰ ਕੌਰ ਨਰਸਿੰਗ ਸਿਸਟਰ,ਚਰਨਜੀਤ ਕੌਰ ਸਟਾਫ ਨਰਸ,ਨਾਗਰ ਸਿੰਘ ਐਸ.ਆਈ,ਨਰੰਜਣ ਸਿੰਘ ਆਈ.ਸੀ.ਟੀ.ਸੀ ਕਾਉਂਸਲਰ,ਬਲਜੀਤ ਸਿੰਘ,ਜਸਵਿੰਦਰ ਸਿੰਘ ਅਤੇ ਟੀ.ਬੀ ਪੀੜਤ ਮਰੀਜ ਹਾਜਰ ਸਨ।

28-MAR-PAGE-10.qxd 3/27/2023 10:11 PM Page 1



# ਰਾਹੁਲ ਗਾਂਧੀ ਦੀ ਬਰਖਾਸਤਗੀ ਖਿਲਾਫ ਕਾਂਗਰਸ ਵੱਲੋਂ ਸੱਤਿਆਗ੍ਰਹਿ

■ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਦੀ ਤਾਨਾਸ਼ਾਹੀ ਖਿਲਾਫ ਡਟਣ ਦਾ ਦਿੱਤਾ ਸੱਦਾ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਦੇਸ਼ 'ਚ ਲੋਕਤੰਤਰ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨਵਦੀਪ ਸਿੰਘ ਬੱਬੂ ਬਰਾੜ ਦੀ ਅਗਵਾਈ ਹੇਠ ਅਹੁਦੇਦਾਰਾਂ ਤੇ ਵਰਕਰਾਂ ਨੇ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਦਿਨ ਭਰ ਭਾਜਪਾ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਸੱਤਿਆਗ੍ਰਹਿ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਤੰਤਰ ਨੂੰ ਕੇਂਦਰ ਦੀ ਮੋਦੀ ਸਰਕਾਰ ਭਾਜਪਾ ਆਪਣੀਆਂ ਨੀਤੀਆਂ ਕਾਰਨ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਜੇਕਰ ਇਸ ਤਰ੍ਹਾਂ ਰਿਹਾ ਤੇ ਆਉਣ ਵਾਲੇ ਸਮੇਂ 'ਚ ਲੋਕਤੰਤਰ ਲਈ ਖ਼ਤਰਾ ਸਾਬਿਤ ਹੋਵੇਗਾ। ਸਾਡੇ ਬਜ਼ੁਰਗਾਂ ਵੱਲੋਂ ਦੇਸ਼ ਦੀ ਆਜ਼ਾਦੀ ਤੇ ਲੋਕਤੰਤਰ ਨੂੰ ਬਚਾਉਣ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਸਨ। ਇਸ ਲਈ ਅੱਜ ਦੇਸ਼ ਦੀਆਂ ਸਮੂਹ ਪਾਰਟੀਆਂ ਨੂੰ ਇਕੱਠੇ ਹੋ ਕੇ ਲੋਕਤੰਤਰ ਨੂੰ ਬਚਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸਪੋਕਸਮੈਨ ਡਾ. ਬਲਜੀਤ ਸਿੰਘ ਧੌਂਸੀ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਕਾਂਗਰਸ ਹਾਈ ਕਮਾਂਡ ਤੋਂ ਜੋ ਹੁਕਮ ਜਾਰੀ ਕੀਤੇ ਜਾਣਗੇ, ਉਨਾਂ ਦੀ ਪਾਲਣਾ ਕੀਤੀ ਜਾਵੇਗੀ ਤੇ ਉਸ ਦੇ ਮੁਤਾਬਕ ਪ੍ਰੋਗਰਾਮ ਬਣਾਏ ਜਾਣਗੇ।

ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਮੋਦੀ ਸਰਕਾਰ ਨੇ ਰਾਹੁਲ ਗਾਂਧੀ ਨੂੰ ਅਪਰਾਧਕ ਮਾਣਹਾਨੀ ਦੇ ਝੂਠੇ ਕੇਸ ਵਿੱਚ ਫਸਾ ਕੇ ਦੋ ਸਾਲ ਦੀ ਸਜ਼ਾ ਦਿਵਾਉਣ ਤੇ ਸਜ਼ਾ ਸੁਣਾਏ ਜਾਣ ਦੇ ਅਗਲੇ ਹੀ ਦਿਨ ਲੋਕ ਸਭਾ ਦੀ ਮੈਂਬਰਸ਼ਿਪ ਤੋਂ ਬਰਖਾਸਤ ਕਰਨ ਦੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਹੈ, ਉਸ ਨੇ ਸੰਸਾਰ ਭਰ ਵਿੱਚ ਮੋਦੀ ਹਕੂਮਤ ਦਾ ਤਾਨਾਸ਼ਾਹ ਵਾਲਾ ਚਿਹਰਾ ਨੰਗਾ ਕਰ ਦਿੱਤਾ ਹੈ। ਇਸ ਨਾਲ ਪਿਛਲੇ ਦਿਨੀਂ ਰਾਹੁਲ ਗਾਂਧੀ ਵੱਲੋਂ ਵਿਦੇਸ਼ 'ਚ ਭਾਰਤੀ ਲੋਕਤੰਤਰ ਨੂੰ ਦਰਪੇਸ਼ ਖ਼ਤਰਿਆਂ ਬਾਰੇ ਦਿੱਤੇ ਬਿਆਨ ਸਹੀ ਸਾਬਿਤ ਹੋਏ ਹਨ। ਮੋਦੀ ਸਰਕਾਰ ਰਾਹੁਲ ਗਾਂਧੀ ਵੱਲੋਂ 7 ਫਰਵਰੀ ਨੂੰ ਲੋਕ ਸਭਾ 'ਚ ਦਿੱਤੇ ਭਾਸ਼ਣ ਦੌਰਾਨ ਉਸ ਦੇ ਗੌਤਮ ਅਡਾਨੀ ਨਾਲ ਰਿਸ਼ਤੇ ਬਾਰੇ ਪੁੱਛੇ ਸਵਾਲ ਨੂੰ ਬਰਦਾਸ਼ਤ ਨਹੀਂ ਕਰ ਪਾਈ ਤੇ ਸੂਰਤ ਦੀ ਇੱਕ ਅਦਾਲਤ ਵਿੱਚ ਠੰਡੇ ਬਸਤੇ ਵਿੱਚ ਪਾਏ ਹੋਏ ਮਾਣਹਾਨੀ ਦੇ ਕੇਸ ਨੂੰ ਬੜੀ ਤੇਜ਼ੀ ਨਾਲ ਫੈਸਲੇ ਤੱਕ ਲੈ ਜਾਣ ਦੀ ਸਾਜ਼ਿਸ਼ ਸਿਰੇ ਚੜ੍ਹਾਈ ਗਈ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਜੈ ਪਾਲ ਸਿੰਘ ਸੰਧੂ ਪੀਪੀਸੀ ਮੈਂਬਰ ਹਲਕਾ ਕੋਟਕਪੂਰਾ, ਬਲਜੀਤ ਸਿੰਘ ਗੋਰਾ ਸੀਨੀਅਰ ਕਾਂਗਰਸੀ ਆਗੂ, ਪਵਨ ਗੋਇਲ ਸਾਬਕਾ ਕਾਰਜਕਾਰੀ ਪ੍ਰਧਾਨ, ਸੁਰਜ ਭਾਰਦਵਾਜ, ਗੁਰਸ਼ਵਿੰਦਰ ਸਿੰਘ ਬਰਾੜ ਦਿਹਾਤੀ ਬਲਾਕ ਪ੍ਰਧਾਨ, ਰਿਕੀ ਗਾਂਧੀ ਸ਼ਹਿਰੀ ਬਲਾਕ ਪ੍ਰਧਾਨ, ਪ੍ਰਭਜੀਤ ਸਿੰਘ ਬਾਜਾਖਾਨਾ ਜੈਤੋ ਦਿਹਾਤੀ ਬਲਾਕ ਪ੍ਰਧਾਨ, ਵਿਕਾਸ ਕੁਮਾਰ ਘੰਟੀ ਡੋਡ ਜੈਤੋ ਸ਼ਹਿਰੀ ਬਲਾਕ ਪ੍ਰਧਾਨ, ਜੈ ਪ੍ਰਕਾਸ਼ ਸ਼ਰਮਾ ਕੋਟਕਪੂਰਾ ਸ਼ਹਿਰੀ ਬਲਾਕ ਪ੍ਰਧਾਨ ਤੇ ਹੋਰ ਕਾਂਗਰਸੀ ਵਰਕਰ ਹਾਜ਼ਰ ਸਨ।

# ਅਕਾਲੀ ਦਲ ਸੁਤੰਤਰ ਨੇ ਲੋੜਵੰਦਾਂ ਨੂੰ ਵੰਡੀਆਂ ਤਰਪਾਲਾਂ

**ਸੂਬਾ ਸਰਕਾਰ ਬੇਘਰਿਆਂ ਨੂੰ ਘਰ ਬਣਾ ਕੇ ਦੇਵੇ : ਸਹੋਲੀ**



**ਨਾਭਾ (ਵਰਿੰਦਰ ਵਰਮਾ)**
ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਹੇਠ ਅਨਾਜ ਮੰਡੀ ਵਿੱਚ ਬੈਠੇ ਟੱਪਰੀਵਾਸ (ਪ੍ਰਵਾਸੀ) ਲੋਕਾਂ ਨੂੰ ਤਰਪਾਲਾਂ ਵੰਡੀਆਂ ਗਈਆਂ, ਕਿਉਂਕਿ ਪਿਛਲੇ ਦਿਨਾਂ ਤੋਂ ਮੀਂਹ ਤੇ ਝੱਖੜ ਹਨੇਰੀਆਂ ਕਾਰਨ ਇਨ੍ਹਾਂ ਲੋਕਾਂ ਵੱਲੋਂ ਪਾਈਆਂ ਕੱਚੀਆਂ ਛੰਨਾਂ (ਮਕਾਨ) ਦੀਆਂ ਛੱਤਾਂ ਫਟ ਤੇ ਉੱਡ ਗਈਆਂ ਸਨ, ਜਿਸ ਕਾਰਨ ਇਹ ਲੋਕ ਬੜੀ ਮੁਸ਼ਕਲ ਵਿੱਚ ਸਨ। ਇਸ ਮੌਕੇ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਸੂਬਾ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਸਰਕਾਰ ਇਨ੍ਹਾਂ ਬੇਘਰਿਆਂ ਨੂੰ ਘਰ ਬਣਾ ਕੇ ਦੇਵੇ ਤੇ ਇਨ੍ਹਾਂ ਪ੍ਰਵਾਸੀਆਂ ਦੇ ਪੁਨਰਵਾਸ ਦਾ ਪ੍ਰਬੰਧ ਕੀਤਾ ਜਾਵੇ, ਕਿਉਂਕਿ ਇਨ੍ਹਾਂ ਕੋਲ ਘਰ ਨਾ ਹੋਣ ਕਾਰਨ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋ ਰਹੇ ਹਨ। ਇਨ੍ਹਾਂ ਦੇ ਬੱਚੇ ਸੜਕਾਂ 'ਤੇ ਰੁਲ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਬੱਚਿਆਂ ਦੀ ਸਿੱਖਿਆ ਤੇ ਸਿਹਤ ਸਹੂਲਤਾਂ ਦਾ ਇੰਤਜ਼ਾਮ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਬਾਬਰਪੁਰ, ਹਰਬੰਸ ਸਿੰਘ ਖੱਟੜਾ, ਪੂਰਨ ਸਿੰਘ ਅਲਹੋਰਾ, ਹੈਪੀ ਸੁੱਖੇਵਾਲ, ਬਿੰਦਾ ਵਿਰਕ, ਜਗਰੂਪ ਸਿੰਘ, ਰਘਬੀਰ ਸਿੰਘ ਨੋਹਰਾ, ਬਿਲੂ ਸਹੋਲੀ, ਜੀਤ ਸਿੰਘ ਸੁੱਖੇਵਾਲ, ਹਰਬੰਸ ਸਿੰਘ ਮੰਡੋਰ, ਗੁਰਜੀਤ ਸਿੰਘ ਬਿਨਾਹੇੜੀ, ਨੈਬ ਸਿੰਘ ਬਾਗੜੀਆ ਆਦਿ ਹਾਜ਼ਰ ਸਨ।

# ਚੋਰਾਂ ਨੇ ਫੈਕਟਰੀ ਦੀ ਕੰਧ ਟੱਪ ਕੇ ਸਾਮਾਨ 'ਤੇ ਫੇਰਿਆ ਹੱਥ





**ਤਪਾ ਮੰਡੀ (ਅਕੁਲ ਗੋਇਲ)**
ਤਪਾ-ਢਿੱਲਵਾਂ ਰੋਡ ਸਥਿਤ ਢਿੱਲਵਾਂ ਵਿਖੇ ਕੁਝ ਨਾਮਾਲੂਮ ਚੋਰਾਂ ਨੇ ਰਾਤ ਸਮੇਂ ਇੱਕ ਫੈਕਟਰੀ ਦੀ ਕੰਧ ਟੱਪ ਕੇ ਕਣਕ, ਸਰ੍ਹੋਂ, ਐੱਲ ਈ ਡੀ, ਬੈਟਰਾ ਤੇ ਹੋਰ ਸਾਮਾਨ ਚੋਰੀ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਦੀ ਅੰਦਾਜ਼ਨ ਕੀਮਤ 1 ਲੱਖ ਰੁਪਏ ਦੇ ਕਰੀਬ ਦੱਸੀ ਜਾ ਰਹੀ ਹੈ।

ਇਸ ਸੰਬੰਧੀ ਅਗਰਵਾਲ ਇੰਡਸਟਰੀਜ਼ ਢਿੱਲਵਾਂ ਦੇ ਮਾਲਕ ਗਣਤੰਤਰ ਬਾਂਸਲ ਤਪਾ ਨੇ ਦੱਸਿਆ ਕਿ ਫੈਕਟਰੀ ਲਗਭਗ 2 ਮਹੀਨਿਆਂ ਤੋਂ ਬੰਦ ਪਈ ਸੀ ਤਾਂ ਰਾਤ ਸਮੇਂ ਚੋਰਾਂ ਨੇ ਮੁੱਖ ਮਾਰਗ ਦੀ ਕੰਧ ਟੱਪ ਕੇ ਅੰਦਰ ਦਾਖਲ ਹੋ ਕੇ ਗਰੋਈ ਦਾ ਜਿੰਦਰਾ ਭੰਨ ਕੇ ਕੈਬਿਨ ਦਾ ਸ਼ੀਸ਼ਾ ਤੋੜ ਕੇ ਅੰਦਰ ਦਾਖਲ ਹੋ ਕੇ ਦਰਾਜਾਂ 'ਚ ਪਈਆਂ ਚਾਬੀਆਂ ਕੱਢ ਕੇ ਫੈਕਟਰੀ 'ਚ ਪਈਆਂ ਗੋਦਰੇਜ ਦੀਆਂ ਅਲਮਾਰੀਆਂ ਤੇ ਹੋਰ ਸਾਮਾਨ ਦੀ ਫਰੋਲਾ-ਫਰਾਲੀ ਕਰਕੇ ਚੋਰ 15-20 ਗੱਟੇ ਕਣਕ, 2 ਬੋਰੀਆਂ ਸਰ੍ਹੋਂ, ਐੱਲ.ਈ.ਡੀ, ਬੈਟਰਾ, ਚੁੱਲ੍ਹਾ-ਗੈਸ ਸਿਲੰਡਰ, ਇੰਨਵਰਟਰ, ਡੀ.ਵੀ.ਆਰ., ਕੈਮਰੇ, ਫਿਲਟਰ, ਰਸੋਈ ਦਾ ਸਾਰਾ ਸਾਮਾਨ ਤੇ ਕੁਝ ਰੁਪੈ ਨਗਦ ਚੋਰੀ ਕਰਕੇ ਲੈ ਗਏ, ਜਿਸ ਦੀ ਅੰਦਾਜ਼ਨ ਕੀਮਤ ਲੱਖ ਰੁਪੈ ਦੇ ਕਰੀਬ ਬਣਦੀ ਹੈ।

ਇਸ ਘਟਨਾ ਦਾ ਮਾਲਕ ਨੂੰ ਬੀਤੀ ਸ਼ਾਮ 5 ਵਜੇ ਗੁਆਂਢੀ ਨੇ ਉਸ ਸਮੇਂ ਦਿੱਤੀ, ਜਦ ਕੰਧ ਕੋਲ ਡੁੱਲ੍ਹੀ ਪਈ ਕਣਕ ਦੇਖੀ, ਮਾਲਕ ਨੇ ਤੁਰੰਤ ਫੈਕਟਰੀ ਖੋਲ੍ਹ ਕੇ ਚੈੱਕ ਕਰਨ 'ਤੇ ਪਤਾ ਲੱਗਾ ਕਿ ਉਕਤ ਸਾਰਾ ਸਾਮਾਨ ਗਾਇਬ ਸੀ। ਮਾਲਕ ਅਨੁਸਾਰ ਫੌਰਨ ਫੈਕਟਰੀ ਦੇ ਨਾਲ-ਨਾਲ ਆਟਾ ਚੱਕੀ ਵੀ ਲੱਗੀ ਸੀ ਤੇ ਹੋਰ ਸਾਮਾਨ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਮਾਲਕ ਨੇ ਤੁਰੰਤ ਚੋਰੀ ਸੰਬੰਧੀ ਜਾਣਕਾਰੀ ਥਾਣਾ ਮੁੱਖੀ ਨਿਰਮਲਜੀਤ ਸਿੰਘ ਸੰਧੂ ਨੂੰ ਦਿੱਤੀ ਤਾਂ ਸਹਾਇਕ ਥਾਣੇਦਾਰ ਗਿਆਨ ਸਿੰਘ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਮੌਕੇ ਤੇ ਪਹੁੰਚ ਕੇ ਚੋਰੀ ਹੋਏ ਸਾਮਾਨ ਲਿਸਟ ਬਣਾ ਕੇ ਸੜਕ 'ਤੇ ਲੱਗੇ ਸੀਸੀਟੀਵੀ ਕੈਮਰੇ ਖੰਘਾਲਣੇ ਸ਼ੁਰੂ ਕਰ ਦਿੱਤੇ ਹਨ, ਤਾਂ ਕਿ ਚੋਰਾਂ ਦਾ ਪਤਾ ਲਗਾਇਆ ਜਾ ਸਕੇ।

## ਕਾਤਰਾਂ

### ਦੜਾ-ਸੱਟਾ ਰਾਸ਼ੀ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਜ਼ੀਰਾ ਸਿਟੀ ਦੀ ਪੁਲਸ ਨੇ ਸੂਚਨਾ ਦੇ ਆਧਾਰ 'ਤੇ ਟਰੱਕ ਯੂਨੀਅਨ ਜ਼ੀਰਾ ਦੇ ਨਜ਼ਦੀਕ ਛਾਪੇਮਾਰੀ ਕਰਕੇ ਇੱਕ ਵਿਅਕਤੀ ਨੂੰ ਦੜਾ ਸੱਟਾ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਜ਼ੀਰਾ ਸਿਟੀ ਦੇ ਏਐੱਸਆਈ ਅੰਗਰੇਜ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਬੀਤੇ ਦਿਨ ਪੁਲਸ ਪਾਰਟੀ ਨਾਲ ਗਸ਼ਤ ਵਾ ਚੈਕਿੰਗ ਦੌਰਾਨ ਸ਼ੇਰਾਂ ਵਾਲਾ ਚੌਕ ਨਜ਼ਦੀਕ ਸੂਚਨਾ ਮਿਲੀ ਸੀ ਕਿ ਦਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਨਜ਼ਦੀਕ ਬਗਲਾ ਮੁਖੀ ਮੰਦਿਰ ਮਨਸੂਰਵਾਲ ਰੋਡ ਜ਼ੀਰਾ ਲੋਕਾਂ ਨੂੰ ਦੜਾ ਸੱਟਾ ਲਗਾਉਣ ਦਾ ਕੰਮ ਕਰਦਾ ਹੈ ਤੇ ਅੱਜ ਵੀ ਟਰੱਕ ਯੂਨੀਅਨ ਜ਼ੀਰਾ ਦੇ ਨਜ਼ਦੀਕ ਲੋਕਾਂ ਨੂੰ ਦੜਾ ਸੱਟਾ ਲਗਵਾ ਰਿਹਾ ਹੈ, ਜਦ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਜਿਸ 'ਤੇ ਪੁਲਸ ਨੇ ਛਾਪੇਮਾਰੀ ਕਰਕੇ ਦੋਸ਼ੀ ਦਵਿੰਦਰ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 2340 ਰੁਪਏ ਦੜਾ ਸੱਟਾ ਰਾਸ਼ੀ ਬਰਾਮਦ ਕੀਤਾ ਹੈ।

### ਭਾਜਪਾ ਮਹਿਲਾ ਮੋਰਚਾ ਦੀ ਮੀਟਿੰਗ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਸਿਟੀ ਹੋਟਲ ਵਿਖੇ ਭਾਜਪਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਦੀ ਅਗਵਾਈ ਹੇਠ ਹੋਈ, ਜਿਸ 'ਚ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਮਨਜੀਤ ਕੌਰ ਬੇਦੀ ਵੱਲੋਂ ਆਪਣੀ ਟੀਮ ਦਾ ਐਲਾਨ ਕੀਤਾ ਗਿਆ। ਨਾਲ ਹੀ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ, ਹਲਕਾ ਇੰਚਾਰਜ ਮੁਕਤਸਰ ਤੇ ਫਾਜਿਲਕਾ ਸਹਿ ਪ੍ਰਭਾਰੀ ਰਾਜੇਸ਼ ਗੋਰਾ ਪਠੇਲਾ ਤੇ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਮਨਜੀਤ ਕੌਰ ਬੇਦੀ ਵੱਲੋਂ ਨਵੀਂ ਟੀਮ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਪਰਮਜੀਤ ਸ਼ਰਮਾ ਰੁਪਾਣਾ, ਜਨਰਲ ਸਕੱਤਰ ਅੰਗਰੇਜ ਸਿੰਘ ਉਡਾਂਗ, ਜਨਰਲ ਸਕੱਤਰ ਅਮਰਿੰਦਰ ਸਿੰਘ ਸੰਧੂ, ਮੰਡਲ-1 ਦੇ ਪ੍ਰਧਾਨ ਰਾਜ ਕੁਮਾਰ ਭਠੇਜਾ ਮੇਲੂ, ਸਰਕਲ 2 ਪ੍ਰਭਾਰੀ ਉਰਮਿਲਾ ਦੇਵੀ ਸਮੇਤ ਨਵੀਂ ਚੁਣੀ ਗਈ ਸਮੁੱਚੀ ਟੀਮ ਅਹੁਦੇਦਾਰ ਤੇ ਮੈਂਬਰ ਮੌਜੂਦ ਸਨ।

### ਨਾਜਾਇਜ਼ ਸ਼ਰਾਬ, ਲਾਹਣ ਤੇ ਚਾਲੂ ਭੱਠੀਆਂ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ 1000 ਬੋਤਲਾਂ ਨਾਜਾਇਜ਼ ਸ਼ਰਾਬ ਅਤੇ 1800 ਲੀਟਰ ਲਾਹਣ ਤੇ 3 ਚਾਲੂ ਭੱਠੀਆਂ ਬਰਾਮਦ ਕਰਕੇ ਪੰਜ ਲੋਕਾਂ ਖਿਲਾਫ ਆਬਕਾਰੀ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਏਐੱਸਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਹੌਲਦਾਰ ਰਮੇਸ਼ ਕੁਮਾਰ ਦੀ ਅਗਵਾਈ ਵਿੱਚ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਪਿੰਡ ਦੁਲਚੀਕੇ ਰੋਡ ਨਜ਼ਦੀਕ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਦੀਪੀ ਪੁੱਤਰ ਕਰਨੈਲ ਸਿੰਘ, ਗੁਰਨਾਮ ਸਿੰਘ ਉਰਫ ਢੋਲੀ ਪੁੱਤਰ ਗਾਹਰਾ ਸਿੰਘ, ਅਸ਼ੋਕ ਕੁਮਾਰ ਪੁੱਤਰ ਲਛਮਣ ਸਿੰਘ, ਓਮਾ ਪੁੱਤਰ ਕਰਤਾਰ ਸਿੰਘ ਤੇ ਧਰਮਾ ਵਾਸੀ ਅਲੀਕੇ ਨਾਜਾਇਜ਼ ਸ਼ਰਾਬ ਵੇਚਣ ਦੇ ਆਦੀ ਹਨ ਤੇ ਅੱਜ ਵੀ ਦਰਿਆ ਸਤਲੁੱਜ ਦੇ ਕਿਨਾਰੇ ਪਿੰਡ ਅਲੀ ਕੇ ਵਿੱਚ ਭੱਠੀਆਂ ਲਗਾ ਕੇ ਨਾਜਾਇਜ਼ ਸ਼ਰਾਬ ਕੱਢ ਰਹੇ ਹਨ, ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਜਿਸ 'ਤੇ ਪੁਲਸ ਨੇ ਛਾਪੇਮਾਰੀ ਕਰਕੇ ਮੌਕੇ ਤੋਂ ਨਾਜਾਇਜ਼ ਸ਼ਰਾਬ ਦੀਆਂ ਤਿੰਨ ਚਾਲੂ ਭੱਠੀਆਂ, 1000 ਬੋਤਲ ਨਾਜਾਇਜ਼ ਸ਼ਰਾਬ ਤੇ 1800 ਲੀਟਰ ਲਾਹਣ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ, ਜਿਨ੍ਹਾਂ ਦੀ ਭਾਲ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

### ਭਾਜਪਾ ਮੰਡਲ ਮੂਨਕ ਦੀ ਮੀਟਿੰਗ

**ਮੂਨਕ (ਰਾਜਪਾਲ ਸਿੰਗਲਾ)**-ਭਾਰਤੀ ਜਨਤਾ ਪਾਰਟੀ ਮੰਡਲ ਮੂਨਕ ਦੀ ਮੀਟਿੰਗ ਮੰਡਲ ਪ੍ਰਧਾਨ ਰਘੂਨਾਥ ਕਥੂਰੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਰਿਸ਼ੀਪਾਲ ਖਹਿਰਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾ ਨਾਲ ਜ਼ਿਲ੍ਹਾ ਜਨਰਲ ਸਕੱਤਰ ਅਸ਼ਵਨੀ ਸਿੰਗਲਾ ਵੀ ਸਨ। ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਖਹਿਰਾ ਵੱਲੋਂ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਮੰਡਲ ਪ੍ਰਧਾਨ ਰਘੁਨਾਥ ਕਥੂਰੀਆ ਵੱਲੋਂ ਜ਼ਿਲ੍ਹਾ ਪ੍ਰਧਾਨ ਨੂੰ ਪਾਰਟੀ ਦੀਆਂ ਨੀਤੀਆਂ ਤੇ ਗਤੀਵਿਧੀਆਂ ਨੂੰ ਹਰ ਬੂਥ ਤੇ ਪਿੰਡਾਂ ਤੱਕ ਪਹੁਚਾਉਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਜ਼ਿਲ੍ਹਾ ਵਾਈਸ ਪ੍ਰਧਾਨ ਸ਼ੈਲੀ ਬਾਂਸਲ, ਡਾਕਟਰ ਰਾਜ ਕੁਮਾਰ ਬਾਂਸਲ, ਗਿਆਨ ਚੰਦ ਸੈਣੀ, ਮਨਦੀਪ ਸਿੰਘ ਬੁਸੈਰਾ, ਵਿੱਕੀ ਸੈਣੀ, ਸੰਦੀਪ ਸ਼ਰਮਾ, ਡਾ. ਸੁਖਚੈਨ ਆਦਿ ਹਾਜ਼ਰ ਸਨ।

### ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਲੱਖੋਕੇ ਬਹਿਰਾਮ ਦੀ ਪੁਲਸ ਨੇ ਗਸ਼ਤ ਦੌਰਨ ਫਿਰੋਜ਼ਪੁਰ ਫਾਜ਼ਿਲਕਾ ਰੋਡ ਨਜ਼ਦੀਕ ਟੀ ਪੁਆਇੰਟ ਪਿੰਡ ਗਜ਼ਨੀਵਾਲਾ ਵਿੱਚ ਕੀਤੀ ਨਾਕਾਬੰਦੀ ਦੌਰਾਨ ਮੋਟਰਸਾਈਕਲ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 900 ਨਸ਼ੀਲੀਆਂ ਗੋਲੀਆਂ ਤੇ ਮੋਬਾਇਲ ਫੋਨ ਬਰਾਮਦ ਕੀਤਾ ਹੈ। ਇਸ ਸਬੰਧੀ ਪੁਲਸ ਨੇ ਦੋਸ਼ੀ ਖਿਲਾਫ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਲੱਖੋਕੇ ਬਹਿਰਾਮ ਦੇ ਮੁਖੀ ਇੰਸਪੈਕਟਰ ਬਚਨ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਗਸ਼ਤ ਦੌਰਾਨ ਉਨ੍ਹਾਂ ਨੇ ਫਿਰੋਜ਼ਪੁਰ-ਫਾਜ਼ਿਲਕਾ ਰੋਡ ਨਜ਼ਦੀਕ ਟੀ ਪੁਆਇੰਟ ਪਿੰਡ ਗਜ਼ਨੀ ਵਾਲਾ ਦੇ ਨਜ਼ਦੀਕ ਦੀ ਨਾਕਾਬੰਦੀ ਦੌਰਾਨ ਮੋਟਰਸਾਈਕਲ ਨੰਬਰ ਪੀਬੀ 61 ਡੀ 2790 'ਤੇ ਸਵਾਰ ਦੋਸ਼ੀ ਸੰਜੇ ਪੁੱਤਰ ਪਿਆਰਾ ਸਿੰਘ ਵਾਸੀ ਬਾਮੇ ਵਾਲਾ ਨੂੰ ਵੇਖਿਆ ਤਾਂ ਉਹ ਘਬਰਾ ਗਿਆ, ਜਿਸ ਦੇ ਬਾਅਦ ਜਦ ਪੁਲਸ ਨੇ ਦੋਸ਼ੀ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫਤਾਰ ਕਰਕੇ ਉਸ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਕੋਲੋਂ 900 ਨਸ਼ੀਲੀਆਂ ਗੋਲੀਆਂ ਤੇ ਇਕ ਮੋਬਾਇਲ ਫੋਨ ਵੀਵੋ ਕੰਪਨੀ ਦਾ ਬਰਾਮਦ ਹੋਇਆ।

### 20 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ 20 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਪਿੰਡ ਦੁਲਚੀਕੇ ਵਿਖੇ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਗੁਰਮੀਤ ਸਿੰਘ ਉਰਫ ਪਿੰਦਾ ਪੁੱਤਰ ਹਦਾਇਤ ਵਾਸੀ ਪਿੰਡ ਪੱਲਾ ਮੇਘਾ ਨਸ਼ਾ ਕਰਨ ਤੇ ਵੇਚਣ ਦਾ ਆਦੀ ਹੈ ਅੱਜ ਵੀ ਹੈਰੋਇਨ ਵੇਚਣ ਲਈ ਗ੍ਰਾਹਕਾਂ ਦਾ ਇੰਤਜ਼ਾਰ ਕਰ ਲਿਆ ਹੈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਛਾਪੇਮਾਰੀ ਕਰਕੇ ਉਸ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਹਰਉਦੈਵੀਰ ਨੂੰ ਹਜ਼ਾਰਾਂ ਲੋਕਾਂ ਵੱਲੋਂ ਸੇਜਲ ਅੱਖਾਂ ਨਾਲ ਸ਼ਰਧਾਂਜਲੀ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਬਲਾਕ ਦੇ ਪਿੰਡ ਕੋਟਲੀ ਕਲਾਂ ਦੇ 6 ਸਾਲਾ ਹਰਉਦੈਵੀਰ ਸਿੰਘ ਦੀ ਅੰਤਿਮ ਅਰਦਾਸ ਤੇ ਸ੍ਰੀ ਸਹਿਜ ਪਾਠ ਦੇ ਭੋਗ ਮੌਕੇ ਸਥਾਨਕ ਅਨਾਜ ਮੰਡੀ ਵਿੱਚ ਹਜ਼ਾਰਾਂ ਲੋਕਾਂ ਨੇ ਸੇਜਲ ਅੱਖਾਂ ਨਾਲ ਸ਼ਰਧਾਂਜਲੀ ਦਿੱਤੀ, ਜਿਸ ਵਿੱਚ ਵੱਡੀ ਗਿਣਤੀ 'ਚ ਸਿਆਸੀ ਆਗੂ, ਜਨਤਕ ਜਥੇਬੰਦੀਆਂ ਤੇ ਲੋਕਾਂ ਨੇ ਹਾਜ਼ਰੀ ਲਗਵਾਈ। ਇਸ ਮੌਕੇ ਬੋਲਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਮਾਸੂਮ ਨੂੰ ਕਤਲ ਕਰਨ ਵਾਲੇ ਦਰਿੰਦਿਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਤੇ ਨਾਲ ਹੀ ਸਮਾਜ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਅਜਿਹੇ ਸਮਾਜ ਵਿਰੋਧੀ ਵਰਤਾਰੇ ਰੋਕਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬੀਤੇ ਦਿਨੀਂ ਵੱਡੀ ਪੱਧਰ 'ਤੇ ਸੈਨਿਕ ਬਲਾਂ ਨੂੰ ਤਾਇਨਾਤ ਕਰਕੇ ਦਹਿਸ਼ਤ ਦਾ ਮਹੌਲ ਸਿਰਜਣ ਤੇ ਦੁਨੀਆ ਪੱਧਰ ਉੱਤੇ ਲੜਨ ਵਾਲੇ ਲੋਕਾਂ ਦਾ ਅਕਸ ਖਰਾਬ ਕਰਨ ਦੀ ਸਾਜ਼ਿਸ਼ ਦੀ ਵੀ ਨਿਖੇਧੀ ਕੀਤੀ।

ਉਨ੍ਹਾਂ ਨੇ ਗੈਂਗਸਟਰ ਕਲਚਰ ਨੂੰ ਠੱਲ੍ਹ ਪਾਉਣ ਤੇ ਹਰ ਰੋਜ਼ ਹੁੰਦੀਆਂ ਘਟਨਾਵਾਂ ਨੂੰ ਰੋਕਣ ਲਈ ਸਖਤੀ ਨਾਲ ਪੇਸ਼ ਆਉਣ ਦੀ ਗੱਲ ਕਹੀ। ਭਾਰਤੀ ਕਿਸਾਨ ਯੂਨੀਅਨ (ਏਕਤਾ) ਮਾਨਸਾ ਦੇ ਪ੍ਰਧਾਨ ਸੁਖਦੇਵ ਸਿੰਘ ਕੋਟਲੀ ਕਲਾਂ ਨੇ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਵੰਤ ਸਿੰਘ ਕਿਸ਼ਨਗੜ੍ਹ, ਗੁਰਚਰਨ ਸਿੰਘ ਭੀਖੀ, ਜਗਦੇਵ ਸਿੰਘ ਕੋਟਲੀ ਕਲਾਂ ਆਦਿ ਵੀ ਮੌਜੂਦ ਸਨ।

## ਸੁਪਰੀਮ ਇੰਟਰਨੈਸ਼ਨਲ ਸਕੂਲ ਵਿਖੇ ਸਨਮਾਨ ਸਮਾਰੋਹ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਕਰਵਾਏ ਗਏ ਸਾਲਾਨਾ ਸਮਾਗਮ ਸਮੇਂ ਸੰਸਥਾ ਵੱਲੋਂ 2022-2023 ਦਾ ਨਤੀਜਾ ਐਲਾਨਿਆ ਗਿਆ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਸ਼ਿਆਮਾ ਨਾਇਰ, ਡਾਇਰੈਕਟਰ ਡਾ: ਚਰਨ ਸਿੰਘ ਨੇ ਦੱਸਿਆ ਕਿ ਸੈਸ਼ਨ ਦੇ ਸ਼ਾਨਦਾਰ ਨਤੀਜੇ ਦਾ ਸਿਹਰਾ ਸਮੂਹ ਮਿਹਨਤੀ ਸਟਾਫ, ਮਾਪਿਆਂ ਤੇ ਹੋਣਹਾਰ ਵਿਦਿਆਰਥੀਆਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਮਿਲ ਕੇ ਅਹਿਮ ਯੋਗਦਾਨ ਪਾਇਆ। ਇਸ ਮੌਕੇ ਸਕੂਲ ਪ੍ਰਬੰਧਕਾਂ, ਸਟਾਫ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ, ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਯੋਗਿੰਦਰ ਸ਼ਰਮਾ, ਡਾਇਰੈਕਟਰ ਡਾ: ਚਰਨ ਸਿੰਘ, ਪ੍ਰਿੰਸੀਪਲ ਸ਼ਿਆਮਾ ਨਾਇਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਲਗਨ ਮਿਹਨਤ ਨਾਲ ਖੇਡਾਂ, ਵਿੱਦਿਆ ਦੇ ਖੇਤਰ 'ਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਬੇਦੋਸ਼ੇ ਨੌਜਵਾਨਾਂ ਨੂੰ ਰਿਹਾਅ ਕਰਨ ਦੀ ਮੰਗ

■ ਪ੍ਰੈੱਸ ਦੀ ਆਜ਼ਾਦੀ ਨੂੰ ਕੁਚਲਣ ਲਈ ਕੁੱਝ ਡਿਜੀਟਲ ਚੈਨਲਾਂ ਤੇ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀਆਂ ਲਾਉਣ ਦੀ ਨਿਖੇਧੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਨੇ ਪੰਜਾਬ ਵਿੱਚ ਬੀਤੇ ਕੁੱਝ ਦਿਨਾਂ ਤੋਂ ਭਾਜਪਾ ਦੀ ਕੇਂਦਰ ਸਰਕਾਰ ਤੇ ਪੰਜਾਬ ਦੀ ਆਪ ਸਰਕਾਰ ਵੱਲੋਂ ਸਿਰਜੇ ਜਾ ਰਹੇ ਦਹਿਸ਼ਤ ਦੇ ਮਾਹੌਲ ਦੀ ਨਿਖੇਧੀ ਕਰਦਿਆਂ ਫੜੇ ਗਏ ਬੇਦੋਸ਼ੇ ਨੌਜਵਾਨਾਂ ਨੂੰ ਤੁਰੰਤ ਰਿਹਾਅ ਕਰਨ ਤੇ ਪੰਜਾਬ ਵਿੱਚੋਂ ਕੇਂਦਰੀ ਸੁਰੱਖਿਆ ਬਲਾਂ ਨੂੰ ਬਾਹਰ ਕਰਨ ਦੀ ਜ਼ੋਰਦਾਰ ਮੰਗ ਕੀਤੀ। ਜਥੇਬੰਦੀ ਦੇ ਆਗੂਆਂ ਨੇ ਪੈਦਾ ਕੀਤੀ ਜਾ ਰਹੀ ਸਥਿਤੀ ਲਈ ਆਰ ਐੱਸ ਐੱਸ ਦੀਆਂ ਏ ਤੇ ਬੀ ਟੀਮਾਂ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਇੱਕ ਵਿਅਕਤੀ ਨੂੰ ਫੜਨ ਦੇ ਨਾਂਅ ਹੇਠ ਫਾਸ਼ੀਵਾਦੀ ਮੁਹਿੰਮ ਚਲਾ ਕੇ ਸੂਬੇ ਵਿੱਚ ਨਾ ਸਿਰਫ ਜਮਹੂਰੀਅਤ ਦਾ ਘਾਣ ਕੀਤਾ ਜਾ ਰਿਹਾ ਹੈ, ਬਲਕਿ ਕੌਮੀ ਸੁਰੱਖਿਆ ਕਾਨੂੰਨ ਦੀ ਦੁਰਵਰਤੋਂ ਵੀ ਕੀਤੀ ਜਾ ਰਹੀ ਹੈ। ਜਥੇਬੰਦੀ ਨੇ ਸਰਕਾਰ ਵੱਲੋਂ ਪ੍ਰੈੱਸ ਦੀ ਆਜ਼ਾਦੀ 'ਤੇ ਪਾਬੰਦੀਆਂ ਲਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪੁਲਸ ਦੇ ਸਖਤ ਘੇਰੇ ਵਿੱਚੋਂ ਇੱਕ ਵਿਅਕਤੀ ਦੇ ਬਚ ਨਿਕਲਣ ਦੀ ਨਾਕਾਮੀ ਲਈ ਜ਼ਿੰਮੇਵਾਰ ਵਿਅਕਤੀਆਂ ਉੱਪਰ ਕਾਰਵਾਈ ਕਰਨ ਦੀ ਬਜਾਏ ਹੁਣ ਪੱਤਰਕਾਰ ਭਾਈਚਾਰੇ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਝਬੇਲਵਾਲੀ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਤੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਕਿਹਾ ਕਿ ਦੇਸ਼ ਵਿੱਚ ਹਰੇਕ ਵਿਅਕਤੀ ਨੂੰ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦੀ ਸੰਵਿਧਾਨਕ ਆਜ਼ਾਦੀ ਹੈ। ਸਿਰਫ ਕਿਸੇ ਦੀ ਵਿਚਾਰਧਾਰਾ ਕਰਕੇ ਕਿਸੇ ਉੱਪਰ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਨਾ ਸੰਵਿਧਾਨਕ ਆਜ਼ਾਦੀ ਦੀ ਉਲੰਘਣਾ ਹੈ। ਕਿਸਾਨ ਆਗੂਆਂ ਨੇ ਕੁਝ ਡਿਜੀਟਲ ਚੈਨਲਾਂ ਤੇ ਪੱਤਰਕਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀਆਂ ਮੜ੍ਹਨ ਨੂੰ ਫਾਸ਼ੀਵਾਦੀ ਕਾਰਵਾਈ ਦੱਸਦਿਆਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਪੰਜਾਬ ਦੇ ਭਾਈਚਾਰਕ ਮਾਹੌਲ ਨੂੰ ਖੇਰੂੰ ਖੇਰੂੰ ਕਰਨ ਲਈ ਉਸ ਦੀਆਂ ਏ ਤੇ ਬੀ ਟੀਮਾਂ ਸਰਗਰਮ ਹੋ ਗਈਆਂ ਹਨ।

ਕਿਸਾਨ ਆਗੂਆਂ ਨੇ ਪੰਜਾਬ ਦੇ ਲੋਕਾਂ ਨੂੰ ਇਤਿਹਾਸਕ ਤੇ ਜੇਤੂ ਕਿਸਾਨ ਘੋਲ ਵੱਲੋਂ ਕਾਰਪੋਰੇਟ ਨੀਤੀਆਂ ਤੇ ਤਾਕਤਾਂ ਦੇ ਕੇਂਦਰੀਕਰਨ ਵਿਰੁੱਧ ਸੂਬਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਸਿਰਜੇ ਭਾਈਚਾਰਕ ਸਾਂਝ ਤੇ ਵਿਸ਼ਾਲ ਜਨਤਕ ਸੰਘਰਸਾਂ ਦੇ ਬਿਰਤਾਂਤ ਦੀ ਰਾਖੀ ਲਈ ਅੱਗੇ ਆਉਣ ਦੀ ਅਪੀਲ ਕੀਤੀ।

# ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਰਵੀ ਮੌੜ

■ ਸਾਡੀ ਸਰਕਾਰ ਕਿਸਾਨ ਵਰਗ ਦੀ ਹਮਦਰਦ ਸਰਕਾਰ ਹੈ



**ਬਾਘਾ ਪੁਰਾਣਾ (ਮਨੀ ਸਿਗਲਾ)**-ਪੰਜਾਬ ਅੰਦਰ ਬੀਤੇ ਦਿਨੀਂ ਹੋਈ ਭਾਰੀ ਬਾਰਿਸ਼ ਤੇ ਚੱਲੀ ਤੇਜ਼ ਹਨੇਰੀ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਤੇ ਕਿਸਾਨਾਂ ਦੀ ਫਸਲ ਬਰਬਾਦ ਹੋਈ ਹੈ, ਜਿਸ ਨੂੰ ਦੇਖਦੇ ਹੋਏ ਮੁੱਖ-ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਵੱਖ-ਖ ਹਿੱਸਿਆਂ ਵਿੱਚ ਖਰਾਬ ਹੋਈ ਫਸਲ ਦਾ ਮੁਆਇਨਾ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਕਣਕ ਦੀ ਪੂਰੀ ਖਰਾਬ ਹੋਈ ਫਸਲ ਲਈ ਸਰਕਾਰ ਵੱਲੋਂ ਪੰਦਰਾਂ ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕਰਨ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਆਮ ਆਦਮੀ ਪਾਰਟੀ ਦੇ ਆਗੂ ਪ੍ਰਧਾਨ ਰਵੀ ਮੌੜ, ਕੁਲਜੀਤ ਸਿੰਘ, ਗੁਰਪ੍ਰੀਤ ਸਿੰਘ ਚਾਹਲ, ਅਰਸ਼ ਭਲੂਰ, ਬਲਤੇਜ ਭਲੂਰ, ਚਮਕੌਰ ਸਿੰਘ ਸਾਹੋਕੇ, ਗੁਰਜੰਟ ਸਿੰਘ ਸੰਗਤਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਔਖੀ ਘੜੀ ਵਿੱਚ ਪੰਜਾਬ ਦੀ ਕਿਸਾਨੀ ਦੀ ਬਾਂਹ ਫੜੀ ਹੈ ਅਤੇ ਉਨ੍ਹਾਂ ਵੱਲੋਂ ਇਹ ਖਰਾਬ ਹੋਈ ਫਸਲ ਨੂੰ ਲੈ ਕੇ ਸਮੁੱਚੇ ਪੰਜਾਬ ਵਿੱਚ ਸਪੈਸ਼ਲ ਗਿਰਦਾਵਰੀ ਕਰਨ ਦੀਆਂ ਹਦਾਇਤਾਂ ਕੀਤੀਆਂ ਹਨ, ਉਥੇ ਹੀ ਉਨ੍ਹਾਂ ਵੱਲੋਂ ਖਰਾਬ ਹੋਈ ਫਸਲ ਲਈ ਵੱਡੀ ਰਾਸ਼ੀ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਛੇਤੀ ਤੋਂ ਛੇਤੀ ਖ਼ਰਾਬ ਹੋਈਆ ਫ਼ਸਲਾਂ ਦੀਆਂ ਗਿਰਦਾਵਰੀਆ ਕਰਨ ਦੇ ਆਦੇਸ਼ ਦਿੱਤੇ ਹਨ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਛੇਤੀ ਤੋਂ ਛੇਤੀ ਇਨ੍ਹਾਂ ਖਰਾਬ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਦਿੱਤਾ ਜਾ ਸਕੇ। ਰਵੀ ਮੌੜ ਨੇ ਕਿਹਾ ਕਿ ਸਾਡੀ ਸਰਕਾਰ ਕਿਸਾਨ ਵਰਗ ਦੀ ਹਮਦਰਦ ਸਰਕਾਰ ਹੈ ਤੇ ਸਾਡੀ ਸਰਕਾਰ ਦੇ ਕਾਰਜਕਾਲ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਾਡੀ ਸਰਕਾਰ ਹਰ ਸਮੇਂ ਕਿਸਾਨਾਂ ਦੇ ਨਾਲ ਖੜੀ ਹੈ। ਉਨ੍ਹਾ ਕਿਹਾ ਕਿ ਭਾਰੀ ਬਾਰਸ਼ ਕਾਰਨ ਗਰੀਬ ਲੋਕਾਂ ਦੇ ਹੋਏ ਮਕਾਨਾਂ, ਸਬਜ਼ੀ ਦੀਆਂ ਫਸਲਾਂ ਤੇ ਪਸ਼ੂਆਂ ਦੇ ਵਾੜਿਆਂ ਦੇ ਨੁਕਸਾਨ ਲਈ ਵੀ ਸੂਬਾ ਸਰਕਾਰ ਮੁਆਵਜ਼ਾ ਦੇਵੇਗੀ।

# ਖੁੱਡੀਆਂ ਵੱਲੋਂ ਹਲਕੇ ਦੇ ਬਾਰਸ਼ ਤੇ ਗੜੇਮਾਰੀ ਪ੍ਰਭਾਵਤ ਪਿੰਡਾਂ ਦਾ ਦੌਰਾ

■ ਫਸਲਾਂ ਦੇ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਦਿਵਾਉਣ ਲਈ ਕੀਤੇ ਜਾਣਗੇ ਯਤਨ



**ਮਲੋਟ (ਗੁਰਮੀਤ ਸਿੰਘ ਮੱਕੜ)**
ਬੀਤੀ ਦਿਨੀਂ ਬੇਮੌਸਮੀ ਬਰਸਾਤ ਤੇ ਗੜੇਮਾਰੀ ਨਾਲ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਦਿਵਾਉਣ ਲਈ ਕੋਈ ਕਸਰ ਨਹੀਂ ਛੱਡਣਗੇ। ਇਹ ਪ੍ਰਗਟਾਵਾ ਸ੍ਰ. ਗੁਰਮੀਤ ਸਿੰਘ ਖੁੱਡੀਆਂ ਹਲਕਾ ਵਿਧਾਇਕ ਲੰਬੀ ਨੇ ਆਪਣੇ ਜ਼ੱਦੀ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੂੰ ਮਿਲਣ ਉਪਰੰਤ ਹਮਦਰਦੀ ਜ਼ਾਹਰ ਕਰਦਿਆ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਪਲਵੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ, ਸ੍ਰੀ ਕੰਵਰਜੀਤ ਸਿੰਘ ਐੱਸ.ਡੀ.ਐੱਮ. ਤੇ ਮਾਲ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ। ਸ. ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪ੍ਰਭਾਵਿਤ ਕਿਸਾਨਾਂ ਤੇ ਲੋਕਾਂ ਨਾਲ ਖੜੀ ਹੈ ਅਤੇ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਕਈ ਕਿਸਾਨਾਂ ਦੀ ਕਣਕ ਦੀ ਫਸਲ 80 ਤੋਂ 90 ਪ੍ਰਤੀਸ਼ਤ ਨੁਕਸਾਨੀ ਗਈ ਹੈ। ਸ. ਖੁੱਡੀਆਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਨੂੰ ਅਪੀਲ ਕਰਨਗੇ ਕਿ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਪੀੜਤਾਂ ਨੂੰ ਜਲਦੀ ਤੋਂ ਜਲਦੀ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਹੋ ਸਕੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਕਿ ਬਰਸਾਤ ਤੇ ਗੜੇਮਾਰੀ ਨਾਲ ਹੋਏ ਨੁਕਸਾਨ ਸਬੰਧੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਜਲਦੀ ਭਿਜਵਾਈ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੇਮੌਸਮੀ ਬਰਸਾਤ ਤੇ ਗੜ੍ਹੇਮਾਰੀ ਨਾਲ ਫਸਲਾਂ, ਹਰਾ ਚਾਰਾ, ਡਿੱਗੇ ਮਕਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਕੇ ਪੀੜਤਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।

# ਸਾਹਿਤ ਅਕਾਦਮੀ ਵੱਲੋਂ ਭੁਪਿੰਦਰ ਪ੍ਰੀਤ ਨੂੰ 'ਅਨੁਵਾਦ ਪੁਰਸਕਾਰ 2022' ਭੇਟ

■ 'ਸ਼ਬਦ ਗੁਰੂ-ਗੁਰਬਾਣੀ' ਨੇ ਸੰਘਰਸ਼ 'ਤੇ ਅੱਗੇ ਵਧਣ ਲਈ ਕੀਤਾ ਪ੍ਰੇਰਿਤ : ਪ੍ਰੀਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਾਹਿਤ ਅਕਾਦਮੀ ਵੱਲੋਂ ਬੀਤੀ ਸ਼ਾਮ 'ਪਨਜੀ' ਗੋਆ ਵਿਖੇ ਦੋ ਰੋਜ਼ਾ 'ਅਨੁਵਾਦ ਪੁਰਸਕਾਰ 2022' ਸਮਾਗਮ ਦੌਰਾਨ ਦੇਸ਼ ਦੇ 23 ਭਾਸ਼ਾਵਾਂ ਦੇ ਲੇਖਕਾਂ ਦੇ ਨਾਲ ਪੰਜਾਬੀ ਭਾਸ਼ਾ ਦਾ ਅਨੁਵਾਦ ਪੁਰਸਕਾਰ ਭੁਪਿੰਦਰ ਕੌਰ ਪ੍ਰੀਤ ਨੂੰ ਭੇਟ ਕੀਤਾ ਗਿਆ ਹੈ। ਭੁਪਿੰਦਰ ਪ੍ਰੀਤ ਦੀ ਇਸ ਪ੍ਰਾਪਤੀ 'ਤੇ 'ਸਹਿਤਕ ਸੱਥ ਮੁਕਤਸਰ' ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਢੀਂਗਰਾ ਤੇ ਜਨਰਲ ਸਕੱਤਰ ਗੁਰਸੇਵਕ ਸਿੰਘ ਪ੍ਰੀਤ ਹੋਰਾਂ ਤੇ 'ਸਾਹਿਤ ਸਭਾ ਮੁਕਤਸਰ' ਦੇ ਜਨਰਲ ਸਕੱਤਰ ਰਣਜੀਤ ਸਿੰਘ ਥਾਂਦੇਵਾਲਾ ਸਣੇ ਹੋਰ ਸਾਹਿਤਕਾਰਾਂ ਵੱਲੋਂ ਵੀ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਇਹ ਪੁਰਸਕਾਰ ਨਿਰਮਲਾ ਪੁਤਲ ਦੀ ਆਦੀਵਾਸੀ ਕਵਿਤਾ 'ਨਗਾਰੇ ਵਾਂਙ ਵੱਜਦੇ ਸ਼ਬਦ' ਨੂੰ ਪੰਜਾਬੀ ਭਾਸ਼ਾ 'ਚ ਅਨੁਵਾਦ ਕਰਨ ਬਦਲੇ ਦਿੱਤਾ ਗਿਆ ਹੈ। ਸਨਮਾਨ ਭੇਟ ਕਰਨ ਦੀ ਰਸਮ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਅਦਾ ਕੀਤੀ, ਜਦੋਂਕਿ ਮੀਤ ਪ੍ਰਧਾਨ ਕਮੁੰਦ ਸ਼ਰਮਾ ਤੇ ਨਿਵਾਸਨ ਰਾਓ ਨੇ ਲੇਖਿਕਾ ਦੀ ਜਾਣ-ਪਹਿਚਾਣ ਕਰਵਾਈ। ਇਸ ਮੌਕੇ ਆਪਣਾ ਸੰਬੋਧਨ 'ਦਸਵੰਧ' ਵਿੱਚ ਉਨ੍ਹਾਂ ਕਿਹਾ ਕਿ ਆਪਣੇ ਸਮੇਂ ਦੀ ਪੂੰਜੀ ਦਾ ਦਸਵੰਤ ਉਹ ਸਾਹਿਤ ਦੇ ਲੇਖੇ ਲਾਉਂਦੇ ਹਨ ਤੇ ਇਸੇ ਦਸਵੰਧ ਦੀ ਬਰਕਤ ਕਾਰਣ ਉਨ੍ਹਾਂ ਨੂੰ ਇਹ ਸਨਮਾਨ ਹਾਸਲ ਹੋਇਆ ਹੈ। ਉਨ੍ਹਾਂ ਗੂੜ ਹਿੰਦੀ ਵਾਲੇ ਖੇਤਰ 'ਸੈਨਿਕ ਸਕੂਲ ਕੁੰਜਪੁਰ ਕਰਨਾਲ' ਤੋਂ ਲੈ ਕੇ ਵਿਆਹ ਉਪਰੰਤ ਠੇਠ ਮਲਵਈ ਪੰਜਾਬੀ ਵਾਸਤੇ ਇਲਾਕੇ ਮੁਕਤਸਰ ਲਾਗਲੇ ਪਿੰਡ ਮੱਲਣ 'ਚ ਵਿਆਹ ਕੇ ਆਉਣ ਦਾ ਵਰਣਨ ਕਰਦਿਆਂ ਆਪਣੇ ਸੰਘਰਸ਼ ਦੇ ਦਿਨਾਂ ਨੂੰ ਯਾਦ ਕੀਤਾ। ਇਸ ਮੌਕੇ ਉਨ੍ਹਾਂ ਸੰਘਰਸ਼ ਦੇ ਦਿਨਾਂ 'ਚ ਸਾਹਿਤ ਦੇ ਰਾਹ ਚੱਲਣ ਲਈ ਸਾਥ ਦਿੱਤੇ ਜਾਣ 'ਤੇ 'ਮੁਕਸਰੀਆਂ' ਦਾ ਵੀ ਧੰਨਵਾਦ ਕੀਤਾ।

## ਕਿਸੇ ਤੋਂ ਉਮੀਦ ਕਰਨੀ ਹੀ ਸਾਡੇ ਦੁਖੀ ਹੋਣ ਦਾ ਵੱਡਾ ਕਾਰਨ : ਸ਼ਾਂਤਨੂੰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਭੌਤਿਕ ਵਾਦੀ ਦੁਨੀਆ ਵਿੱਚ ਇੱਕ ਦੂਜੇ 'ਤੇ ਨਿਰਭਰ ਹੋਣ ਤੇ ਆਪਸੀ ਲੈਣ-ਦੇਣ ਤੇ ਸਹਿਯੋਗ ਤੋਂ ਬਿਨਾਂ ਆਸ਼ਾਵਾਦੀ ਅਤੇ ਕਾਮਯਾਬ ਜੀਵਨ ਦੀ ਕਲਪਣਾ ਕਰਨਾ ਅਸੰਭਵ ਹੋ ਜਾਂਦਾ ਹੈ, ਪ੍ਰੰਤੂ ਕਿਸੇ ਤੋਂ ਉਮੀਦ ਕਰਨੀ ਸਾਡੇ ਦੁਖੀ ਹੋਣ ਦਾ ਵੱਡਾ ਕਾਰਨ ਬਣਨ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਉਂਟ ਆਬੂ ਇਸ਼ਵਰੀਆ ਵਿਸ਼ਵ ਵਿਦਿਆਲਿਆ ਮੀਡੀਆ ਵਿੰਗ ਦੇ ਰਾਸ਼ਟਰੀ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਮੀਡੀਆ ਕਾਰਕੁਨਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬੀ ਕੇ ਸ਼ਾਂਤਨੂੰ ਨੇ ਅੱਗੇ ਕਿਹਾ ਕਿ ਕਿਸੇ ਦਾ ਸਹਿਯੋਗ ਲੈਣਾ ਤੇ ਕਿਸੇ 'ਤੇ ਨਿਰਭਰ ਹੋਣਾ ਦੋਵੇਂ ਅਲੱਗ ਅਲੱਗ ਪ੍ਰਸਥਿਤੀਆਂ ਹਨ। ਇੱਕ ਪ੍ਰਸਥਿਤੀ ਸਾਨੂੰ ਸੰਤੁਸ਼ਟੀ ਪ੍ਰਦਾਨ ਕਰਦੀ ਹੈ ਤੇ ਜੀਵਨ ਨੂੰ ਆਸ਼ਾਵਾਦੀ ਪਲਾਂ ਦਾ ਅਹਿਸਾਸ ਹੁੰਦਾ ਹੈ ਤੇ ਦੂਜੇ ਪਾਸੇ ਕਿਸੇ 'ਤੇ ਨਿਰਭਰਤਾ ਸਾਡੇ ਜੀਵਨ ਵਿੱਚ ਨਿਰਾਸ਼ਤਾ ਤੇ ਦੁਖੀ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਅੰਤ ਵਿੱਚ ਉਨ੍ਹਾਂ ਨੇ ਕਿਹਾ ਕਿ ਉਸ ਆਦਮੀ ਦੀ ਸ਼ਕਤੀ ਦਾ ਕੋਈ ਮੁਕਾਬਲਾ ਨਹੀਂ, ਜਿਸ ਕੋਲ ਸ਼ਕਤੀ ਦੇ ਨਾਲ ਸਹਿਣਸ਼ਕਤੀ ਵੀ ਹੋਵੇ।

# ਮਨਪ੍ਰੀਤ ਸਿੱਧੂ ਕੈਮਿਸਟ ਐਸੋਸੀਏਸ਼ਨ ਦੇ ਬਲਾਕ ਪ੍ਰਧਾਨ ਬਣੇ



**ਭੀਖੀ (ਧਰਮਵੀਰ ਸ਼ਰਮਾ)**
ਪੰਜਾਬ ਕੈਮਿਸਟ ਐਸੋਸੀਏਸ਼ਨ (ਪੀਸੀਏ) ਬਲਾਕ ਭੀਖੀ ਦੀ ਇੱਕ ਮੀਟਿੰਗ ਸਥਾਨਕ ਵਿਰਾਸਤ ਰੈਸਟੋਰੈਂਟ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਮਾਨਸਾ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਅਜੇ ਬਾਂਸਲ, ਪੀਸੀਏ ਦੇ ਜੁਆਇੰਟ ਸਕੱਤਰ ਸੰਜੀਵ ਗਰਗ, ਕਾਰਜਕਾਰੀ ਸੂਬਾ ਮੈਂਬਰ ਭਰਪੂਰ ਸਿੰਘ, ਜ਼ਿਲ੍ਹਾ ਸਕੱਤਰ ਅਨਿਲ ਮਿੱਢਾ ਤੇ ਸੂਬਾ ਮੈਂਬਰ ਡਾ. ਪ੍ਰਿੰਸ ਸਿੰਗਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਵੱਡੀ ਗਿਣਤੀ 'ਚ ਕੈਮਿਸਟ ਹਾਜ਼ਰ ਹੋਏ। ਇਸ ਮੌਕੇ ਭੀਖੀ ਕੈਮਿਸਟ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਡਾ. ਮਨਪ੍ਰੀਤ ਸਿੰਘ ਸਿੱਧੂ ਨੂੰ ਐਸੋਸੀਏਸ਼ਨ ਦਾ ਬਲਾਕ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਹਰਮੇਸ਼ ਮਿੱਤਲ ਨੂੰ ਸਰਪ੍ਰਸਤ, ਗੋਰਾ ਲਾਲ ਜਿੰਦਲ ਨੂੰ ਚੇਅਰਮੈਨ, ਉੱਪ ਪ੍ਰਧਾਨ ਭੂਸ਼ਣ ਕੁਮਾਰ, ਰਣਬੀਰ ਸਿੰਘ ਨੂੰ ਜਰਨਲ ਸਕੱਤਰ, ਨਿਰਮਲ ਚੰਦ ਨੂੰ ਖਜ਼ਾਨਚੀ ਤੋਂ ਇਲਾਵਾ ਪ੍ਰੇਮ ਸਾਗਰ, ਸੰਦੀਪ ਸਿੰਘ, ਅਸ਼ੋਕ ਕੁਮਾਰ, ਅਵਤਾਰ ਸਿੰਘ ਤੇ ਅਰੁਣ ਕੁਮਾਰ ਕਾਰਜਕਾਰੀ ਮੈਂਬਰ ਚੁਣੇ ਗਏ। ਇਸ ਮੌਕੇ ਪਹੁੰਚੇ ਕੈਮਿਸਟ ਵੀਰਾਂ ਨੇ ਨਵ-ਨਿਯੁਕਤ ਪ੍ਰਧਾਨ ਮਨਪ੍ਰੀਤ ਸਿੰਘ ਨੂੰ ਵਧਾਈ ਦਿੱਤੀ। ਡਾ. ਮਨਪ੍ਰੀਤ ਸਿੰਘ ਦੇ ਬਲਾਕ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਅਜੇ ਸਿੰਗਲਾ ਨੇ ਭੀਖੀ ਕੈਮਿਸਟ ਐਸੋਸੀਏਸ਼ਨ ਨੂੰ ਹਰ ਤਰ੍ਹਾਂ ਦਾ ਵਿਸ਼ਵਾਸ ਦੇਣ ਦਾ ਭਰੋਸਾ ਦਿਵਾਇਆ। ਨਵਨਿਯੁਕਤ ਪ੍ਰਧਾਨ ਡਾ. ਮਨਪ੍ਰੀਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਕੈਮਿਸਟ ਭਰਾਵਾਂ ਦੀ ਹਰ ਮੁਸ਼ਕਲ ਦਾ ਹੱਲ ਕਰਨ ਲਈ ਤਤਪਰ ਰਹਿਣਗੇ। ਉਨ੍ਹਾਂ ਕਿਹਾ ਕਿ ਸਾਡੀ ਐਸੋਸੀਏਸ਼ਨ ਕਿਸੇ ਵੀ ਨਸ਼ਾ ਵੇਚਣ ਵਾਲੇ ਵਿਅਕਤੀ ਦਾ ਸਾਥ ਨਹੀਂ ਦੇਵੇਗੀ। ਉਨ੍ਹਾਂ ਸਮੂਹ ਕੈਮਿਸਟਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਜਗਸੀਰ ਸਿੰਘ ਰੱਲਾ ਤੇ ਹੋਰ ਵੀ ਹਾਜ਼ਰ ਸਨ।

# ਪੀ ਐੱਸ ਬੱਤਰਾ ਯਾਦਗਾਰੀ ਮਿੰਨੀ ਕਹਾਣੀ ਮੁਕਾਬਲੇ ਦੇ ਜੇਤੂ ਸਨਮਾਨਤ




ਪੀ ਐੱਸ ਬੱਤਰਾ ਯਾਦਗਾਰੀ ਮਿੰਨੀ ਕਹਾਣੀ ਮੁਕਾਬਲੇ ਦੇ ਜੇਤੂ ਕਹਾਣੀਕਾਰਾਂ ਨੂੰ ਸਨਮਾਨਤ ਕਰਨ ਦਾ ਦ੍ਰਿਸ਼।

**ਸਮਰਾਲਾ (ਸੁਰਜੀਤ ਸਿੰਘ)**
ਪੀ ਐੱਸ ਬੱਤਰਾ ਯਾਦਗਾਰੀ ਮਿੰਨੀ ਕਹਾਣੀ ਮੁਕਾਬਲੇ ਦੇ ਜੇਤੂ ਰਹੇ ਕਹਾਣੀਕਾਰ ਕੁਲਵਿੰਦਰ ਕੌਰ ਰਿਆੜ, ਹਰਿੰਦਰ ਸਿੰਘ ਗੋਗਨਾ, ਰਵਿੰਦਰ ਰੁਪਾਲ ਕੌਲਗੜ, ਨੇਤਰ ਸਿੰਘ ਮੁੱਤੋਂ ਤੇ ਜਗਦੇਵ ਘੁੰਗਰਾਲੀ ਨੂੰ ਕ੍ਰਮਵਾਰ ਪਹਿਲੇ, ਦੂਜੇ, ਤੀਜੇ, ਚੌਥੇ ਤੇ ਪੰਜਵੇਂ ਸਥਾਨ 'ਤੇ ਆਉਣ ਲਈ ਨਗਦ ਰਾਸ਼ੀ ਨਾਲ ਅਤੇ 'ਗੁੱਡ ਮਾਰਨਿੰਗ!

ਬੱਤਰਾ ਸਾਹਿਬ' ਪੁਸਤਕਾਂ ਦੇ ਕੇ ਬੱਤਰਾ ਪਰਿਵਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦਿਆਂ ਦਰਸ਼ਪ੍ਰੀਤ ਸਿੰਘ ਬੱਤਰਾ, ਸੱਥ ਦੇ ਪ੍ਰਧਾਨ ਗੁਰਦੀਪ ਸਿੰਘ ਕੰਗ ਬਰਵਾਲੀ, ਰਾਜਵਿੰਦਰ ਸਮਰਾਲਾ ਨੇ ਕਿਹਾ ਕਿ ਪੰਜਾਬੀ ਸਾਹਿਤ 'ਚ ਕਹਾਣੀ ਰਚਨਾ ਦਾ ਵੱਡਾ ਸਥਾਨ ਹੈ, ਇਸ ਲਈ ਵੱਡੀਆਂ ਕਹਾਣੀਆਂ ਦੇ ਲਿਖਣ ਦੀ ਚੇਟਕ ਲਾਉਣ ਲਈ ਮਿੰਨੀ ਕਹਾਣੀਆਂ ਪ੍ਰਤੀ ਰੁਚੀ ਪੈਦਾ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਵ. ਪੀ ਐੱਸ ਬੱਤਰਾ ਵੱਲੋਂ ਪੂਰੀ ਜ਼ਿੰਦਗੀ ਪੱਤਰਕਾਰੀ ਦੇ ਜ਼ਰੀਏ ਲੋਕਾਂ ਦੀ ਸੇਵਾ ਵਿੱਚ ਲਗਾਈ ਹੈ ਤੇ ਹੁਣ ਅਸੀਂ ਉਨ੍ਹਾਂ ਦੀ ਯਾਦ ਨੂੰ ਵੀ ਮਿੰਨੀ ਕਹਾਣੀ ਮੁਕਾਬਲੇ ਕਰਵਾ ਕੇ ਪੰਜਾਬੀ ਸਾਹਿਤ ਨੂੰ ਅਰਪਿਤ ਕਰ ਰਹੇ ਹਾਂ। ਇਸ ਮੌਕੇ ਕਰਮਜੀਤ ਕੌਰ ਬੱਤਰਾ ਨੇ ਕਿਹਾ ਕਿ ਨਵੀਂ ਪੀੜ੍ਹੀ ਇੰਟਰਨੈੱਟ ਦੇ ਮੱਕੜ ਜਾਲ ਵਿੱਚ ਬੁਰੀ ਤਰ੍ਹਾਂ ਉਲਝ ਕੇ ਰਹਿ ਗਈ ਹੈ, ਜਿਸ ਕਾਰਨ ਬੱਚਿਆਂ ਤੇ ਨੌਜਵਾਨਾਂ ਦਾ ਆਪਣੇ ਇਤਿਹਾਸ, ਸੱਭਿਆਚਾਰ ਤੇ ਸਾਹਿਤ ਤੋਂ ਧਿਆਨ ਟੁੱਟਣ ਲੱਗਾ ਹੈ, ਜੇਕਰ ਅਸੀਂ ਆਪਣੀ ਨਵੀਂ ਪੀੜ੍ਹੀ ਦਾ ਧਿਆਨ ਮੁੜ ਤੋਂ ਸਾਹਿਤ ਵੱਲ ਮੋੜਨਾ ਹੈ ਤਾਂ ਬੱਚਿਆਂ ਅੰਦਰ ਸਭ ਤੋਂ ਪਹਿਲਾਂ ਮਿੰਨੀ ਕਹਾਣੀ ਲਿਖਣ ਦੀ ਲਲਕ ਪੈਦਾ ਕਰਨੀ ਹੋਵੇਗੀ, ਕਿਉਂਕਿ ਮਿੰਨੀ ਕਹਾਣੀ ਲਿਖਣ ਵਾਲੇ ਲੇਖਕ ਹੀ ਅਖ਼ੀਰ ਨਾਵਲਕਾਰ ਬਣਦੇ ਹਨ।

ਇਸ ਮਿੰਨੀ ਕਹਾਣੀ ਮੁਕਾਬਲੇ ਦੇ ਨਤੀਜੇ ਲਈ ਬਣਾਏ ਨਿਰਣਾਇਕ ਪੈਨਲ ਦੇ ਮੁੱਖ ਨਿਰਣਾਇਕ ਕਹਾਣੀਕਾਰ ਜਤਿੰਦਰ ਹਾਂਸ ਨੇ ਕਿਹਾ ਕਿ ਇਸ ਵਾਰ ਮੁਕਾਬਲੇ ਵਿੱਚ 100 ਤੋਂ ਵੱਧ ਕਹਾਣੀਆਂ ਵੱਖਰੇ-ਵੱਖਰੇ ਵਿਸ਼ਿਆਂ 'ਤੇ ਲਿਖੀਆਂ ਸ਼ਾਮਲ ਹੋਈਆਂ, ਜਿਸ ਤੋਂ ਸਾਬਿਤ ਹੁੰਦਾ ਹੈ ਕਿ ਹਰ ਸਾਲ ਇਸ ਕਹਾਣੀ ਮੁਕਾਬਲੇ ਦੀ ਲੋਕਪ੍ਰਿਯਤਾ ਵਧਦੀ ਜਾ ਰਹੀ ਹੈ। ਹੋਰਨਾਂ ਤੋਂ ਇਲਾਵਾ ਕਹਾਣੀਕਾਰ ਰਾਮਦਾਸ ਬੰਗੜ, ਤੇਲੂ ਰਾਮ ਕੋਹਾੜਾ, ਗੁਰਮਿੰਦਰ ਗਰੇਵਾਲ, ਜਸਮੀਤ ਕੌਰ ਬੱਤਰਾ, ਪ੍ਰਭਗੁਣ ਸਿੰਘ ਬੱਤਰਾ, ਸਾਹਿਬਜੋਤ ਸਿੰਘ ਬੱਤਰਾ ਹਾਜ਼ਰ ਸਨ।

# 31 ਮਾਰਚ ਨੂੰ ਸ਼ਰਾਬ ਫੈਕਟਰੀ ਪਹੁੰਚਣ ਲੋਕ : ਬਲਦੇਵ ਜ਼ੀਰਾ



ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਮੈਂਬਰ ਮੀਟਿੰਗ ਕਰਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**
ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਪੰਜਾਬ ਬਲਾਕ ਡਗਰੂ ਦੀ ਮੀਟਿੰਗ ਬਲਾਕ ਪ੍ਰਧਾਨ ਜਗਮੋਹਣ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਬਲਦੇਵ ਜ਼ੀਰਾ, ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਤੇ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਬਲਦੇਵ ਜ਼ੀਰਾ ਨੇ ਦੱਸਿਆ ਕਿ ਅੱਠ ਮਹੀਨੇ ਤੋਂ ਸ਼ਰਾਬ ਫੈਕਟਰੀ ਮਨਸੂਰਵਾਲ ਵਿਖੇ ਸਾਂਝਾ ਮੋਰਚਾ ਜ਼ੀਰਾ ਵੱਲੋਂ ਪੱਕਾ ਮੋਰਚਾ ਲੱਗਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅਖਵਾਰੀ ਬਿਆਨ ਦੇ ਕੇ ਸ਼ਰਾਬ ਫੈਕਟਰੀ ਬੰਦ ਕਰਨ ਦਾ ਕਿਹਾ ਸੀ, ਪਰ ਕਈ ਮਹੀਨੇ ਬੀਤ ਗਏ, ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਆਗੂਆਂ 'ਤੇ ਬਣੇ ਪੁਲਸ ਕੇਸ ਵੀ ਖਾਰਜ ਨਹੀਂ ਕੀਤੇ। ਹਾਈ ਕੋਰਟ ਵਿੱਚ ਫੈਕਟਰੀ ਮਾਲਕਾਂ ਨੇ ਕੇਸ ਵੀ ਹਾਲੇ ਖਤਮ ਨਹੀਂ ਕੀਤਾ। ਉਨ੍ਹਾ ਲੋਕਾਂ ਤੇ ਕਿਸਾਨ ਯੂਨੀਅਨਾਂ ਨੂੰ 31 ਮਾਰਚ ਨੂੰ ਫੈਕਟਰੀ ਦੇ ਗੇਟ ਮੂਹਰੇ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਗੇਰਾ ਸਿੰਘ ਬਲਾਕ ਸਕੱਤਰ ਨੇ ਦੱਸਿਆ ਕਿ ਦਾਰਾਪੁਰ ਵਾਲਾ ਟੋਲ ਪਲਾਜਾ ਚਾਲੂ ਕਰ ਦਿੱਤਾ ਗਿਆ ਸੀ, ਬੀ ਕੇ ਯੂ ਕਰਾਂਤੀਕਾਰੀ ਤੇ ਹੋਰਨਾ ਕਿਸਾਨ ਜਥੇਬੰਦੀਆਂ ਨੇ ਧਰਨਾ ਲਾਕੇ ਟੋਲ ਫਰੀ ਕਰ ਦਿੱਤਾ ਸੀ। ਅੱਡੋ ਅੱਡ ਪਿੰਡ ਕਮੇਟੀਆਂ ਦੀਆਂ ਬਲਾਕ ਕਮੇਟੀ ਨੇ ਵਾਰੋਵਾਰੀ ਡਿਊਟੀਆਂ ਲਗਾ ਦਿੱਤੀਆਂ ਗਈਆਂ। ਹਰਬੰਸ ਸਿੰਘ ਨਿਧਾਂਵਾਲਾ ਤੇ ਸੂਬਾ ਸਿੰਘ ਡਗਰੂ ਨੇ ਕਿਹਾ ਕਿ ਮੀਂਹ ਤੇ ਗੜੇਮਾਰ ਨਾਲ ਫਸਲਾਂ ਦਾ ਬਹੁਤ ਨੁਕਸਾਨ ਹੋ ਗਿਆ ਹੈ। ਬਲਾਕ ਕਮੇਟੀ ਨੇ ਡੀ ਸੀ ਮੋਗਾ ਤੋਂ ਮੰਗ ਕੀਤੀ ਕਿ ਗੁਰਦੌਰੀਆਂ ਕਰਵਾ ਕੇ ਨੁਕਸਾਨ ਦਾ ਜਾਇਜ਼ਾ ਲਗਾਇਆ ਜਾਵੇ। ਪਹਿਲਾਂ ਹੀ ਕਰਜ਼ੇ ਨਾਲ ਪੀੜਤ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦਵਾਇਆ ਜਾਵੇ। ਪੰਜਾਬ ਵਿੱਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਤੇ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਰਿਹਾਅ ਕਰਨ ਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਬਣਾਏ ਦਹਿਸ਼ਤੀ ਮਹੌਲ ਨੂੰ ਖਤਮ ਕਰਨ ਦੀ ਮੰਗ ਕੀਤੀ।

ਮੀਟਿੰਗ 'ਚ ਗੁਰਮੇਲ ਸਿੰਘ ਡਗਰੂ, ਰਣਜੀਤ ਸਿੰਘ ਨਿਧਾਂਵਾਲਾ, ਮੋਹਣ ਦਾਸ ਕਾਹਨ ਸਿੰਘ ਵਾਲਾ, ਪਰਤਾਪ ਸਿੰਘ ਡਰੋਲੀ ਅਮਰਜੀਤ ਸਿੰਘ ਡਗਰੂ ਆਦਿ ਹਾਜ਼ਰ ਸਨ।

CMYK

# ਈ ਟੀ ਓ ਨੇ ਫਸਲਾਂ ਦੇ ਹੋਏ ਨੁਕਸਾਨ ਦਾ ਪਿੰਡ-ਪਿੰਡ ਦੌਰਾ ਕਰਕੇ ਲਿਆ ਜਾਇਜ਼ਾ

## ਤੁਰੰਤ ਗਿਰਦਾਵਰੀਆਂ ਕਰਵਾਉਣ ਦੀਆਂ ਕੀਤੀਆਂ ਹਦਾਇਤਾਂ ਜਾਰੀ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੂਬੇ ਭਰ ਵਿੱਚ ਲਗਾਤਾਰ ਪਈ ਬਾਰਿਸ਼ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੇਮੌਸਮੀ ਬਰਸਾਤ ਕਾਰਨ ਫਸਲਾਂ, ਬਾਗਾਂ ਅਤੇ ਘਰਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ ਤਾਂ ਜੋ ਕਿਸਾਨਾਂ ਤੇ ਮਜ਼ਦੂਰਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਹਲਕੇ ਦੇ ਪਿੰਡਾਂ ਦਾ ਦੌਰਾ ਕਰਨ ਮੌਕੇ ਕਿਸਾਨਾਂ ਨਾਲ ਗੱਲਬਾਤ ਕਰਦੇ ਕੀਤਾ। ਹਰਭਜਨ ਸਿੰਘ ਨੇ ਆਪਣੇ ਹਲਕੇ ਦਾ ਦੌਰਾ ਵਿਸ਼ੇਸ਼ ਤੌਰ ਉੱਤੇ ਬੇਮੌਸਮੀ ਬਰਸਾਤ ਕਾਰਨ ਫਸਲਾਂ ਤੇ ਬਾਗਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਹੀ ਕੀਤਾ।

ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਵਿੱਤ ਕਮਿਸਨਰ (ਮਾਲ) ਨੂੰ ਹਦਾਇਤ ਕੀਤੀ ਹੈ ਕਿ ਉਹ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਬਾਰਸ਼ਾਂ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਤੁਰੰਤ ਗਿਰਦਾਵਰੀ ਕਰਨ ਲਈ ਵਿਸਤ੍ਰਿਤ ਹਦਾਇਤਾਂ ਜਾਰੀ ਕਰਨ ਤਾਂ ਜੋ ਫਸਲਾਂ, ਬਾਗਾਂ ਅਤੇ ਘਰਾਂ ਨੂੰ ਹੋਏ ਨੁਕਸਾਨ ਦਾ ਪਹਿਲ ਦੇ ਆਧਾਰ 'ਤੇ ਪਤਾ ਲਗਾਇਆ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਜਲਦੀ ਤੋਂ ਜਲਦੀ ਰਿਪੋਰਟ ਪੇਸ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਢੁਕਵਾਂ ਮੁਆਵਜ਼ਾ ਦਿੱਤਾ ਜਾ ਸਕੇ।

ਕੈਬਨਿਟ ਮੰਤਰੀ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਕੁਦਰਤ ਦੇ ਕਹਿਰ ਤੋਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਭਗਵੰਤ ਮਾਨ ਦੀ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪਏ ਮੀਂਹ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਪਿੰਡ ਬੇਰੀਆਨਾ ਵਿਖੇ ਕਿਸਾਨਾਂ ਨੇ ਮੰਤਰੀ ਦਾ ਧੰਨਵਾਦ ਕੀਤਾ ਕਿ ਪਹਿਲੀ ਵਾਰ ਕੋਈ ਮੰਤਰੀ ਆਮ ਕਿਸਾਨਾਂ ਤੱਕ ਦੁੱਖ ਵੰਡਾਉਣ ਆਇਆ ਹੈ। ਇਸ ਮੌਕੇ ਮੰਤਰੀ ਨੇ ਕਿਹਾ ਕਿ ਤੁਹਾਡੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਾ ਮੇਰਾ ਪਹਿਲਾ ਫਰਜ਼ ਹੈ ਅਤੇ ਮੈਂ ਆਪਣੇ ਫਰਜ਼ ਨੂੰ ਕਦੇ ਵਿਸਾਰਿਆ ਨਹੀਂ।

# ਨਥਿੰਗ ਵੱਲੋਂ ਈਅਰ (2) ਵਾਇਰਲੈੱਸ ਈਅਰਬੱਡਜ਼ ਲਾਂਚ

ਚੰਡੀਗੜ੍ਹ: ਲੰਡਨ-ਅਧਾਰਿਤ ਉਪਭੋਗਤਾ ਤਕਨੀਕੀ ਬ੍ਰਾਂਡ ਨਥਿੰਗ ਨੇ ਈਅਰ (2) ਨੂੰ ਲਾਂਚ ਕੀਤਾ ਹੈ। ਇਹ ਵਾਇਰਲੈੱਸ ਈਅਰਬਡਾਂ ਦਾ ਇੱਕ ਸੈੱਟ ਹੈ ਜੋ ਕਿ ਆਡੀਓ ਅਨੁਭਵ ਲਈ ਇੱਕ ਕਮਾਲ ਦੀ ਲੁੱਕ ਵਾਲੇ ਡਿਜ਼ਾਈਨ ਨਾਲ ਆਉਂਦਾ ਹੈ। ਇਸ ਦਾ ਟ੍ਰਾਂਸਪੇਰੈਂਟ ਡਿਜ਼ਾਈਨ ਦੇਖਣ ਵਿੱਚ ਬੇਹੱਦ ਕਮਾਲ ਦਾ ਲੱਗਦਾ ਹੈ। ਇਸ ਦੀ ਅਗਲੇ ਪੱਧਰ ਦੇ ਵਿਅਕਤੀਗਤਕਰਨ ਦੇ ਨਾਲ ਨਥਿੰਗ ਕਮਾਲ ਦਾ ਆਡੀਓ ਅਨੁਭਵ ਦੇਣ ਦੀ ਸਮਰੱਥਾ ਰੱਖਦਾ ਹੈ। ਈਅਰ (2) ਹਾਈ-ਰੈਜ਼ੋਲੂਸ਼ਨ ਆਡੀਓ ਸਰਟੀਫਿਕੇਸ਼ਨ ਅਤੇ ਐੱਲਐੱਚਡੀਸੀ 5.0 ਤਕਨਾਲੋਜੀ ਦਾ ਦਾਅਵਾ ਕਰਦੇ ਹੋਏ ਇੱਕ ਅਥੈਂਟਿਕ ਸਾਊਂਡ ਅਨੁਭਵ ਪ੍ਰਦਾਨ ਕਰਦਾ ਹੈ। ਉਪਭੋਗਤਾ ਨਥਿੰਗ ਐਕਸ ਐਪ ਰਾਹੀਂ ਇੱਕ ਹੇਰਿੰਗ ਟੈਸਟ ਕੰਪਲੀਟ ਕਰਕੇ ਆਪਣੀ ਪਰਸਨਲ ਸਾਊਂਡ ਪ੍ਰੋਫਾਈਲ ਵੀ ਬਣਾ ਸਕਦੇ ਹਨ। ਈਅਰ (2) ਸਰਵੋਤਮ ਸਾਊਂਡ ਕੁਆਲਟੀ ਲਈ ਰੀਅਲ-ਟਾਈਮ ਵਿੱਚ ਸੈਟਿੰਗਜ਼ ਨੂੰ ਅਡਜੈਸਟ ਕਰੇਗਾ। ਨਥਿੰਗ ਦੇ ਸੀਈਓ ਅਤੇ ਸਹਿ-ਸੰਸਥਾਪਕ ਕਾਰਲ ਪੇਈ ਨੇ ਕਿਹਾ ਕਿ ਅਸੀਂ ਈਅਰ (2) ਨੂੰ ਸਾਡੇ ਪਹਿਲੇ ਪ੍ਰੋਡਕਟ ਈਅਰ (1) ਦੇ ਮਹੱਤਵਪੂਰਨ ਅੱਪਗਰੇਡ ਵਜੋਂ ਪੇਸ ਕਰਨ ਲਈ ਉਤਸਾਹਿਤ ਹਾਂ, ਜਿਸਦੀਆਂ 600,000 ਤੋਂ ਵੱਧ ਯੂਨਿਟਾਂ ਵਿਕੀਆਂ ਹਨ।

# ਪਠਾਨਕੋਟ ਪੁਲਸ ਵੱਲੋਂ ਨਵਦੀਪ ਸਹੋਤਾ ਦੇ ਕਤਲ ਕਾਂਡ ਦਾ ਮਾਸਟਰਮਾਈਂਡ ਕਾਬੂ

ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਪੁਲਸ ਨੇ ਜੁਗਿਆਲ ਦੇ ਰਹਿਣ ਵਾਲੇ ਗੁਰਨਾਮ ਮਸੀਹ ਦੇ ਪੁੱਤਰ ਨਵਦੀਪ ਸਹੋਤਾ ਦੇ ਅਗਵਾ ਅਤੇ ਕਤਲ ਦੇ ਆਲੇ-ਦੁਆਲੇ ਦੇ ਗੁੰਝਲਦਾਰ ਜਾਲ ਨੂੰ ਸਫਲਤਾਪੂਰਵਕ ਸੁਲਝਾਇਆ ਹੈ। ਇਸ ਘਿਨਾਉਣੇ ਅਪਰਾਧ ਨੂੰ ਅੰਜਾਮ ਦੇਣ ਵਾਲਾ ਕੋਈ ਹੋਰ ਨਹੀਂ ਸਗੋਂ ਚਲਾਕ ਅੰਕੁਰ ਠਾਕੁਰ, ਜਿਸ ਨੂੰ ਅੰਕੂ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ ਹੈ। 1 ਸਤੰਬਰ 2022 ਨੂੰ ਨਵਦੀਪ ਸਹੋਤਾ ਨੂੰ ਉਸਦੇ ਘਰ ਦੇ ਬਾਹਰ ਚਿੱਟੇ ਰੰਗ ਦੀ ਵਰਨਾ ਕਾਰ ਵਿੱਚ ਚਾਰ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਕੁੱਟਿਆ ਅਤੇ ਅਗਵਾ ਕਰ ਲਿਆ ਸੀ। ਮੀਡੀਆ ਨੂੰ ਵਧੇਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਸੀਨੀਅਰ ਪੁਲਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਖੁਲਾਸਾ ਕੀਤਾ ਕਿ ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਮਨਦੀਪ ਸਹੋਤਾ ਨੇ ਆਪਣੇ ਭਰਾ ਨਵਦੀਪ ਸਹੋਤਾ ਦੇ ਅਗਵਾ ਹੋਣ ਦੀ ਸੂਚਨਾ ਦਿੱਤੀ। ਨਵਦੀਪ ਨੂੰ ਅਣਪਛਾਤੇ ਹਮਲਾਵਰ ਚਿੱਟੇ ਰੰਗ ਦੀ ਵਰਨਾ ਗੱਡੀ ਵਿੱਚ ਅਗਵਾ ਕਰ ਲਿਆ ਗਿਆ ਸੀ। ਘਟਨਾ ਤੇ ਤੁਰੰਤ ਅਤੇ ਕੁਸ਼ਲ ਕਾਰਵਾਈ ਕਰਦੇ ਹੋਏ ਸਦਰ ਨੇ ਤੁਰੰਤ ਨੰਬਰ 81 ਮਿਤੀ 02.09.2022 ਨੂੰ ਧਾਰਾ 302, 365, 307, 148, 149, 202, 204, 212, 216, ਅਤੇ 120-ਬੀ ਆਈਪੀਸੀ ਥਾਣਾ ਸਦਰ ਵਿਖੇ ਦਰਜ ਕੀਤਾ ਸੀ। ਇਸ ਕਤਲ ਕੇਸ ਦੀ ਜਾਂਚ ਅਤੇ ਹੱਲ ਲਈ ਡੀਐੱਸਪੀ ਦਿਹਾਤੀ ਸਮਰ ਮਾਨ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਬਣਾਈ ਗਈ ਸੀ। ਟੀਮ ਦੀ ਅਗਵਾਈ ਹਰਪ੍ਰੀਤ ਬਾਜਵਾ ਜੋ ਕਿ ਥਾਣਾ ਸਦਰ ਦੀ ਇੰਚਾਰਜ ਹੈ, ਨਾਲ ਏਐੱਸਆਈ ਸਰਤਾਜ ਜੋ ਕਿ ਪੀਪੀ ਘੋਤੜਾ ਦੇ ਇੰਚਾਰਜ ਸਨ, ਨੇ ਕੀਤੀ। ਅਨੁਰ ਠਾਕੁਰ, ਜਿਸਨੂੰ ਅੰਕੂ ਵਜੋਂ ਵੀ ਜਾਣਿਆ ਜਾਂਦਾ ਹੈ, ਕਤਲ ਦਾ ਮਾਸਟਰਮਾਈਂਡ ਕਈ ਮਹੀਨਿਆਂ ਤੱਕ ਗ੍ਰਿਫਤਾਰੀ ਤੋਂ ਬਚਿਆ ਰਿਹਾ। ਇਸ ਨਾਲ ਪੀੜਤ ਪਰਿਵਾਰ ਅਤੇ ਸਮਾਜ ਨੂੰ ਭਾਰੀ ਪ੍ਰੇਸ਼ਾਨੀ ਹੋਈ। ਤਨਦੇਹੀ ਨਾਲ ਲੀਡਾਂ ਦੀ ਪੈਰਵੀ ਕਰਕੇ ਸਬੂਤਾਂ ਨੂੰ ਇਕੱਠੇ ਕਰਕੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਪਠਾਨਕੋਟ ਸਦਰ ਪੁਲਸ ਨੇ



ਹਾਈ-ਪ੍ਰੋਫਾਈਲ ਕਤਲ ਕੇਸ ਦੇ ਮਾਸਟਰਮਾਈਂਡ ਸਮੇਤ 10 ਹੋਰ ਸ਼ੱਕੀ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਐੱਸਐੱਸਪੀ ਖੱਖ ਨੇ ਦੱਸਿਆ ਕਿ ਇਸੇ ਦੌਰਾਨ ਭਗੌੜੇ ਨੂੰ ਫੜਨ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਮੁਲਜ਼ਮ ਅੰਜਾਰ ਅਲੀ ਦੂਈ ਪੁੱਤਰ ਸ਼ੌਕਤ ਅਲੀ ਦੂਈ ਅਤੇ ਨਰਸਾਗਰ, ਲਾਰਨੂ, ਅਨੰਤਨਾਗ ਜੰਮੂ-ਕਸ਼ਮੀਰ ਨੂੰ ਜੰਮੂ ਖੇਤਰ ਤੋਂ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਗ੍ਰਿਫਤਾਰੀ ਆਈਪੀਸੀ ਦੀ ਧਾਰਾ 420/467/468/471 ਅਧੀਨ ਥਾਣਾ ਡਵੀਜ਼ਨ ਨੰਬਰ 1 ਪਠਾਨਕੋਟ ਵਿਖੇ ਦਰਜ ਐੱਫਆਈਆਰ ਨੰਬਰ 127 ਮਿਤੀ 21-12-19 ਦੇ ਸਬੰਧ ਵਿੱਚ ਕੀਤੀ ਗਈ ਹੈ।

# 'ਜਲ ਪ੍ਰਬੰਧਨ ਤੇ ਸੰਭਾਲ' ਸਬੰਧੀ ਮਾਹਿਰਾਂ ਨੇ ਵਿਦਿਆਰਥੀਆਂ ਨੂੰ ਦਿੱਤੀ ਭਰਪੂਰ ਜਾਣਕਾਰੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ ਵਿਖੇ ਜਲ ਪ੍ਰਬੰਧਨ ਅਤੇ ਸੰਭਾਲ ਸਬੰਧੀ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਸ: ਨਾਨਕ ਸਿੰਘ ਦੇ ਸਹਿਯੋਗ ਸਦਕਾ ਉਲੀਕੇ ਗਏ ਇਸ ਸੈਮੀਨਾਰ 'ਚ ਵੱਖ-ਵੱਖ ਸਰਕਾਰੀ ਕਾਲਜਾਂ ਦੇ ਸਾਬਕਾ ਪ੍ਰਿੰਸੀਪਲ ਰਹੇ ਮੁਕੇਸ਼ ਅਗਰਵਾਲ, ਮੈਡੀਕਲ ਕੰਪਨੀ ਦੇ ਸੇਵਾਮੁਕਤ ਸੇਲਜ਼ ਅਤੇ ਮਾਰਕੀਟਿੰਗ ਖੇਤਰੀ ਪ੍ਰਬੰਧਕ ਪੀ. ਐੱਨ. ਸ਼ਰਮਾ ਅਤੇ ਖਪਤਕਾਰ ਭਲਾਈ ਫੋਰਮ ਮੁੱਖ ਕੋਆਰਡੀਨੇਟਰ ਸੁਨੀਲ ਚੋਪੜਾ ਨੇ ਮੁੱਖ ਮਹਿਮਾਨ ਬੁਲਾਰੇ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ, ਪਾਣੀ ਦੀ ਦੁਰਵਰਤੋਂ ਨਾ ਕਰਨ, ਪਲਾਸਟਿਕ ਦੀ ਵਰਤੋਂ ਤੋਂ ਬਚਣ, ਰੁੱਖ ਲਗਾਉਣ ਅਤੇ ਵਾਤਾਵਰਣ ਨੂੰ ਬਚਾਉਣ ਲਈ ਹਰਿਆਵਲ ਯੋਧਾ ਬਣਨ ਬਾਰੇ ਜਾਗਰੂਕ ਕੀਤਾ। ਉਨ੍ਹਾਂ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਰੁੱਖ ਕੁਦਰਤ ਵੱਲੋਂ ਦਿੱਤੀ ਗਈ ਇਕ ਅਨਮੋਲ ਦਾਤ ਹੈ, ਜਿਸ ਸਦਕੇ ਅਸੀ ਸਾਰੇ ਸਿਹਤਮੰਦ ਜੀਵਨ ਜੀਅ ਸਕਦੇ ਹਾਂ ਅਤੇ ਜੇਕਰ ਦਿਨੋਂ ਦਿਨ ਦਰੱਖਤਾਂ ਦੀ ਗਿਣਤੀ ਘੱਟਦੀ ਗਈ ਤਾਂ ਆਉਣ ਵਾਲੇ ਸਮੇਂ 'ਚ ਮਨੁੱਖਤਾ ਲਈ ਭਿਆਨਕ ਸਿੱਟੇ ਸਾਹਮਣੇ ਆ ਸਕਦੇ ਹਨ। ਇਸ ਲਈ ਜੀਵ ਜੰਤੂਆਂ ਅਤੇ ਮਨੁੱਖਤਾ ਦੀ ਹੋਂਦ ਨੂੰ ਬਰਕਰਾਰ ਰੱਖਣ ਵਾਸਤੇ ਸਮਾਜ ਲਈ ਰੁੱਖ ਅਤਿ ਜ਼ਰੂਰੀ ਹਨ।

ਇਸ ਦੌਰਾਨ ਪ੍ਰਿੰ: ਨਾਨਕ ਸਿੰਘ ਨੇ ਕਿਹਾ ਕਿ ਆਏ ਮਹਿਮਾਨਾਂ ਵੱਲੋਂ ਵਿਦਿਆਰਥਣਾਂ ਨੂੰ ਵਾਤਾਵਰਣ ਅਤੇ ਪਾਣੀ ਸਬੰਧੀ ਪ੍ਰਦਾਨ ਕੀਤੀ ਗਈ ਜਾਣਕਾਰੀ ਲਾਹੇਵੰਦ ਸਾਬਿਤ ਹੋਵੇਗੀ। ਉਨ੍ਹਾਂ ਉਮੀਦ ਜ਼ਾਹਿਰ ਕਰਦਿਆਂ ਕਿਹਾ ਕਿ ਵਿਦਿਆਰਥਣਾਂ ਵਾਤਾਵਰਨ ਸਿੱਖਿਆ ਨੂੰ ਗ੍ਰਹਿ ਕਰਕੇ ਸਮਾਜ ਲਈ ਆਪਣੀ ਅਹਿਮ ਭੂਮਿਕਾ ਨਿਭਾਉਣਗੇ ਅਤੇ ਇਸ ਸਬੰਧੀ ਹੋਰਨਾਂ ਨੂੰ ਵੀ ਜਾਗਰੂਕ ਕਰਨਗੇ। ਉਨ੍ਹਾਂ ਵਿਦਿਆਰਥਣਾਂ ਨੂੰ ਆਪਣਾ ਮੁੱਢਲਾ ਫਰਜ਼ ਨਿਭਾਉਂਦਿਆਂ ਘੱਟੋਂ ਘੱਟ ਇਕ ਪੌਦਾ ਲਗਾਉਣ ਅਤੇ ਪਾਣੀ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਵਾਤਾਵਰਣ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਚਾਨਣਾ ਪਾਉਣ ਲਈ ਅਜਿਹੇ ਸੈਮੀਨਾਰ ਹਰੇਕ ਅਦਾਰੇ 'ਚ ਲਾਜ਼ਮੀ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਗਿਆਨਵਾਨ ਬੁਲਾਰਿਆਂ ਦੇ ਭਾਸ਼ਣ ਜਾਣਕਾਰੀ ਭਰਪੂਰ ਅਤੇ ਸਿੱਖਿਆਦਾਇਕ ਸਨ।

# ਜ਼ਿਲ੍ਹਾ ਪੁਲਸ ਵੱਲੋਂ ਦੋ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਪੁਲਸ ਵਲੋਂ ਦੋ ਵੱਖ-ਵੱਖ ਮਾਮਲਿਆਂ ਵਿਚ ਦੋ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਸੂਚਨਾ ਅਨੁਸਾਰ ਥਾਣਾ ਘੁੰਮਣ ਕਲਾਂ ਦੇ ਏਐੱਸਆਈ ਸਤਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਲਾਲੋਵਾਲ ਵਿਖੇ ਮੁਖ਼ਬਰ ਦੀ ਇਤਲਾਹ 'ਤੇ ਸਰਦੂਲ ਮਸੀਹ ਪੁੱਤਰ ਗੁਰਮੇਜ ਮਸੀਹ ਵਾਸੀ ਲਾਲੋਵਾਲ ਦੇ ਘਰ ਛਾਪਾਮਾਰੀ ਕਰਕੇ ਉਸ ਪਾਸੋਂ 2 ਕਿੱਲੋ 500 ਗਰਾਮ ਪੋਸਤ ਬਰਾਮਦ ਕੀਤੀ।

ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਦੇ ਏਐੱਸਆਈ ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਰਾਏਪੁਰ ਦੇ ਵਸਨੀਕ ਵਿਜੇ ਕੁਮਾਰ ਪੁੱਤਰ ਕਰਮ ਚੰਦ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 0.50 ਗਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਇਨ੍ਹਾਂ ਦੋਸ਼ੀਆਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਨੇ ਵੱਖ-ਵੱਖ ਅਹੁਦੇਦਾਰ ਥਾਪੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਦੀ ਅਗਲੇ ਦੋ ਸਾਲਾਂ ਦੀ ਚੋਣ ਲਈ ਇਕ ਵਿਸ਼ੇਸ਼ ਮੀਟਿੰਗ ਜ਼ੋਨ ਮੁਖੀ ਮਨਜੀਤ ਬਾਸਰਕੇ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਾਥੀ ਸੁਮੀਤ ਸਿੰਘ ਨੂੰ ਇਕਾਈ ਦਾ ਜਥੇਬੰਦਕ ਮੁਖੀ, ਅਸ਼ਵਨੀ ਕੁਮਾਰ ਨੂੰ ਵਿੱਤ ਅਤੇ ਮੈਗਜ਼ੀਨ ਵਿਭਾਗ, ਅਮਰਜੀਤ ਬਾਈ ਨੂੰ ਸਭਿਆਚਾਰਕ ਵਿਭਾਗ, ਮਾਸਟਰ ਕੁਲਜੀਤ ਵੇਰਕਾ ਨੂੰ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਅਤੇ ਸਾਥੀ ਜਸਪਾਲ ਬਾਸਰਕੇ ਨੂੰ ਮੀਡੀਆ ਵਿਭਾਗ ਦੇ ਮੁਖੀਆਂ ਦੇ ਤੌਰ 'ਤੇ ਸਰਬਸੰਮਤੀ ਨਾਲ ਚੁਣ ਲਿਆ ਗਿਆ। ਇਸ ਤੋਂ ਇਲਾਵਾ ਸਾਥੀ ਜਸਪਾਲ ਬਾਸਰਕੇ ਅਤੇ ਮਨਜੀਤ ਬਾਸਰਕੇ ਨੂੰ ਡੈਲੀਗੇਟ ਚੁਣਿਆ ਗਿਆ। ਇਸ ਤੋਂ ਪਹਿਲਾਂ ਇਕਾਈ ਦੇ ਜਥੇਬੰਦਕ ਮੁਖੀ ਜਸਪਾਲ ਬਾਸਰਕੇ ਵਲੋਂ ਪਿਛਲੇ ਦੋ ਸਾਲਾਂ ਵਿਚ ਅੰਮ੍ਰਿਤਸਰ ਇਕਾਈ ਵੱਲੋਂ ਕੀਤੀਆਂ ਸਰਗਰਮੀਆਂ ਦੀ ਰਿਪੋਰਟ ਵਿਸਥਾਰ ਵਿਚ ਪੇਸ਼ ਕੀਤੀ ਗਈ ਜਿਸਨੂੰ ਸਮੂਹ ਮੈਂਬਰਾਂ ਵਲੋਂ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।



ਇਸ ਮੌਕੇ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ, ਪਿਛਲੇ ਚਾਰ ਦਹਾਕਿਆਂ ਤੋਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਗਦਰੀ ਬਾਬਿਆਂ ਦੇ ਸੁਫਨਿਆਂ ਦੇ ਲੁੱਟ ਰਹਿਤ, ਧਰਮ ਨਿਰਲੇਪ ਅਤੇ ਵਿਗਿਆਨਕ ਚੇਤਨਾ ਤੇ ਅਧਾਰਿਤ ਬਰਾਬਰੀ ਵਾਲੇ ਨਿਆਂ ਪਸੰਦ ਜਮਹੂਰੀ ਸਮਾਜ ਦੀ ਸਥਾਪਤੀ ਲਈ ਤਰਕਸ਼ੀਲ ਮੈਗਜ਼ੀਨ, ਤਰਕਸ਼ੀਲ ਸਾਹਿਤ, ਨਾਟਕ ਮੇਲਿਆਂ ਅਤੇ ਸੈਮੀਨਾਰਾਂ ਰਾਹੀਂ ਲਗਾਤਾਰ ਜੱਦੋਜਹਿਦ ਕਰਦੀ ਆ ਰਹੀ ਹੈ ਅਤੇ ਹੁਣ ਵੀ ਮੋਦੀ ਸਰਕਾਰ ਦੇ ਮੌਜੂਦਾ ਫਿਰਕੂ, ਫਾਸ਼ੀਵਾਦੀ ਅਤੇ ਸਾਮਰਾਜ ਪੱਖੀ ਨਿਜ਼ਾਮ ਦੇ ਖਿਲਾਫ ਚਲ ਰਹੇ ਲੋਕਪੱਖੀ ਜਮਹੂਰੀ ਤੇ ਜਨਤਕ ਅੰਦੋਲਨਾਂ ਵਿਚ ਭਰਵੀਂ ਸ਼ਮੂਲੀਅਤ ਕਰਦੇ ਹੋਏ ਸਮਾਜ ਦੇ ਕਿਰਤੀ ਵਰਗ ਵਿਚ ਵਿਗਿਆਨਕ ਚੇਤਨਾ ਅਤੇ ਸੰਘਰਸ਼ ਦੀ ਲਹਿਰ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦੇ ਡਰਾਮੇ ਦੀ ਆੜ ਹੇਠ ਪੰਜਾਬ ਵਿੱਚ ਇੱਕ ਸਿਆਸੀ ਸਾਜ਼ਿਸ਼ ਹੇਠ ਫਿਰਕੂ ਨਫਰਤ ਅਤੇ ਦਹਿਸ਼ਤ ਦਾ ਮਾਹੌਲ ਉਸਾਰਨ, ਦੇਸ਼ ਵਿਚ ਧਾਰਮਿਕ ਕੱਟੜਵਾਦ ਅਤੇ ਅੰਧ ਰਾਸ਼ਟਰਵਾਦ ਫੈਲਾਉਣ ਅਤੇ ਕਿਸਾਨੀ ਸੰਘਰਸ਼ ਨੂੰ ਹਕੂਮਤੀ ਜਬਰ ਨਾਲ ਦਬਾਉਣ ਦੇ ਮਕਸਦ ਵਜੋਂ ਪੰਜਾਬ ਵਿੱਚ ਕੇਂਦਰੀ ਸੁਰੱਖਿਆ ਬਲਾਂ ਦੀ ਬੇਲੋੜੀ ਤਾਇਨਾਤੀ ਕਰਨ ਦੀ ਸਖਤ ਨਿਖੇਧੀ ਕੀਤੀ ਗਈ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਬਲਦੇਵ ਰਾਜ ਵੇਰਕਾ, ਸੁਖਮੀਤ ਸਿੰਘ, ਕਾ. ਬਲਵਿੰਦਰ ਦੁਧਾਲਾ, ਹਰਜਿੰਦਰ ਜਲਾਲ, ਰਾਜ ਕੁਮਾਰ, ਬੀ. ਐੱਮ. ਸਿੰਘ, ਰਮੇਸ਼ ਜੈਨ, ਮੇਲਾ ਰਾਮ ਬੀਈਪੀਓ, ਸ਼ਕਤੀ ਕੁਮਾਰ, ਪਰਮਜੀਤ ਸਿੰਘ ਆਦਿ ਨੇ ਵਿਚਾਰ-ਵਟਾਂਦਰੇ ਵਿਚ ਭਾਗ ਲਿਆ।

# ਰਾਸ਼ਟਰੀ ਕਲਿਆਣਕਾਰੀ ਪ੍ਰੀਸ਼ਦ ਨੇ 266ਵਾਂ ਮੁਫਤ ਮੈਡੀਕਲ ਕੈਂਪ ਲਗਾਇਆ

ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਲੈ ਕੇ ਕਾਰਜ ਕੀਤਾ ਜਾ ਰਿਹਾ ਹੈ ਤਾਂ ਜੋ ਲੋਕ ਸਰਕਾਰ ਦੀਆਂ ਯੋਜਨਾਵਾਂ ਤੋਂ ਲਾਭ ਪ੍ਰਾਪਤ ਕਰ ਸਕਣ, ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣ ਦੇ ਉਦੇਸ਼ ਨਾਲ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਵਿੱਚ ਬਣਾਏ ਮੁਹੱਲਾ ਕਲੀਨਿਕਾਂ ਦੀ ਤਰਜ਼ 'ਤੇ ਪੰਜਾਬ ਅੰਦਰ ਆਮ ਆਦਮੀ ਕਲੀਨਿਕ ਖੋਲ੍ਹੇ ਤਾਂ ਜੋ ਜਨਤਾ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਾਪਤ ਹੋ ਸਕਣ। ਲੋਕਾਂ ਨੂੰ ਸਿਹਤ ਸੁਵਿਧਾਵਾਂ ਦੇਣ ਦੇ ਲਈ ਸਮਾਜ ਸੇਵੀ ਸੰਸਥਾਵਾਂ ਸਾਹਮਣੇ ਆ ਰਹੀਆਂ ਹਨ ਅਤੇ ਮੈਡੀਕਲ ਕੈਂਪ ਲਗਾ ਰਹੀਆਂ ਹਨ। ਇਸ ਲਈ ਰਾਸ਼ਟਰੀ ਕਲਿਆਣਕਾਰੀ ਪ੍ਰੀਸ਼ਦ ਪ੍ਰਸੰਸਾ ਦੀ ਪਾਤਰ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਅਨੂਪ ਸ਼ਹਿਰ ਵਿਖੇ ਰਾਸ਼ਟਰੀ ਕਲਿਆਣਕਾਰੀ ਪ੍ਰੀਸ਼ਦ ਵੱਲੋਂ ਲਗਾਏ ਫ੍ਰੀ ਮੈਡੀਕਲ ਕੈਂਪ ਦੌਰਾਨ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੈ ਕੁਮਾਰ ਕਟਾਰੂਚੱਕ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਸਰਪੰਚ ਕਮਲਜੀਤ ਕੌਰ, ਰਜਿੰਦਰ ਕੌਰ, ਅਮਰੀਕ ਸਿੰਘ, ਰਛਪਾਲ, ਸੁਖਦੇਵ ਸਿੰਘ ਜਸਵੰਤ ਸਿੰਘ, ਜੋਗਿੰਦਰ ਪਾਲ, ਰਾਸ਼ਟਰੀ ਕਲਿਆਣਕਾਰੀ ਪ੍ਰੀਸ਼ਦ ਤੋਂ ਰਾਕੇਸ਼ ਸ਼ਰਮਾ, ਡਾ. ਵਿਕਾਸ ਠਾਕੁਰ, ਡਾ. ਗਣੇਸ਼ ਕੁਮਾਰ, ਡਾ. ਮੋਹਿਤ ਮਹਾਜਨ, ਡਾ. ਸੰਦੀਪ ਭਾਟੀਆ, ਡਾ. ਯੁਸੂਫ



ਲਤਾਫਤ ਆਦਿ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਕਟਾਰੂਚੱਕ ਨੇ ਕਿਹਾ ਕਿ ਸਭ ਤੋਂ ਪਹਿਲਾ ਉਹ ਰਾਸ਼ਟਰੀ ਕਲਿਆਣਕਾਰੀ ਪ੍ਰੀਸ਼ਦ ਨੂੰ ਵਧਾਈ ਦਿੰਦੇ ਹਨ ਕਿ ਉਹ ਸਮਾਜ ਦੀ ਬਿਹਤਰੀ ਦੇ ਲਈ ਕੰਮ ਕਰ ਰਹੀ ਹੈ। ਅੱਜ ਕਰੀਬ 266ਵਾਂ ਮੈਡੀਕਲ ਕੈਂਪ ਲਗਾਇਆ ਗਿਆ ਹੈ।

ਕੈਂਪ ਦੌਰਾਨ ਲੋਕਾਂ ਦੀ ਫ੍ਰੀ ਵਿੱਚ ਜਾਂਚ ਕੀਤੀ ਗਈ, ਟੈਸਟ ਕੀਤੇ ਗਏ ਅਤੇ ਦਵਾਈਆਂ ਵੀ ਫ੍ਰੀ ਵਿੱਚ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸਾਰੇ ਲੋਕਾਂ ਨੂੰ ਇਸ ਤਰ੍ਹਾਂ ਦੇ ਸਮਾਜ ਸੇਵੀ ਕੰਮਾਂ ਵਿੱਚ ਅਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਲੋਕਾਂ ਦੀ ਬਿਹਤਰੀ ਦੇ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਅਤੇ ਲੱਖਾਂ ਲੋਕ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਵਧੀਆ ਸਿਹਤ ਸੇਵਾਵਾਂ ਪ੍ਰਾਪਤ ਕਰ ਰਹੇ ਹਨ।

# ਭਲਕੇ ਦਾਣਾ ਮੰਡੀ ਤਰਨਤਾਰਨ 'ਚ ਹੋਵੇਗਾ ਕਿਸਾਨਾਂ-ਮਜ਼ਦੂਰਾਂ ਦਾ ਵੱਡਾ ਇਕੱਠ: ਸਭਰਾਂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਪੂਹਲਾ ਜ਼ੋਨ ਭਿੱਖੀਵਿੰਡ ਦੀ ਕੋਰ ਕਮੇਟੀ ਦੀ ਮੀਟਿੰਗ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੇ ਗ੍ਰਿਹਿ ਵਿਖੇ ਹੋਈ, ਜਿਸ 'ਚ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਿਸਾਨ-ਮਜ਼ਦੂਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਦਿਲਬਾਗ ਸਿੰਘ ਪਹੂਵਿੰਡ ਨੇ ਕਿਹਾ ਕਿ ਕਿਸਾਨ-ਮਜ਼ਦੂਰ ਸੰਘਰਸ ਕਮੇਟੀ ਪੰਜਾਬ ਵੱਲੋਂ ਕਿਸਾਨ ਆਗੂ ਸ਼ਹੀਦ ਅੰਗਰੇਜ਼ ਸਿੰਘ ਬਾਕੀਪੁਰ ਦੀ ਬਰਸੀ ਮੌਕੇ 29 ਮਾਰਚ ਨੂੰ ਤਰਨ ਤਾਰਨ ਦੀ ਦਾਣਾ ਮੰਡੀ 'ਚ ਕਿਸਾਨ-ਮਜ਼ਦੂਰਾਂ ਦਾ ਵੱਡਾ ਇਕੱਠ ਕੀਤਾ ਜਾਵੇਗਾ। ਸਭਰਾਂ ਨੇ ਦੱਸਿਆ ਕਿ ਸਾਲ 2004 ਵਿੱਚ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਮਾਨਾਂਵਾਲਾ ਰੇਲਵੇ ਟ੍ਰੈਕ 'ਤੇ ਰੇਲ ਰੋਕੋ ਅੰਦੋਲਨ ਦੌਰਾਨ ਸਹੀਦ ਹੋਏ ਅੰਗਰੇਜ਼ ਸਿੰਘ ਬਾਕੀਪੁਰ ਦੀ 19ਵੀਂ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤਰਨਤਾਰਨ ਦੀ ਦਾਣਾ ਮੰਡੀ ਵਿੱਚ ਮਨਾਈ ਜਾ ਰਹੀ ਹੈ, ਜਿਸ 'ਚ ਤਰਨਤਾਰਨ ਜ਼ਿਲ੍ਹੇ ਤੋਂ ਕਿਸਾਨ-ਮਜ਼ਦੂਰ ਅਤੇ ਬੀਬੀਆਂ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨਗੀਆਂ। ਇਸ ਮੌਕੇ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਨੇ ਕੁਦਰਤੀ ਸਰੋਤਾਂ ਦੇ ਸ਼ੋਸ਼ਣ 'ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਕਾਰਪੋਰੇਟ ਘਰਾਣੇ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਧਰਤੀ ਹੇਠਾਂ ਪਾ ਕੇ ਲੋਕਾਂ ਨੂੰ



ਮੌਤ ਦੇ ਮੂੰਹ ਵਿੱਚ ਧੱਕ ਰਹੇ ਹਨ। ਉਨ੍ਹਾਂ ਕਿਹਾ ਕਿ 28 ਮਾਰਚ ਨੂੰ ਉਪਰੋਕਤ ਮਾਮਲੇ ਸਬੰਧੀ ਉਨ੍ਹਾਂ ਦੀ ਜਥੇਬੰਦੀ ਦੀ ਇੱਕ ਅਹਿਮ ਮੀਟਿੰਗ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਦੂਸ਼ਣ ਕੰਟਰੋਲ ਬੋਰਡ ਉਪਰੋਕਤ ਮਾਮਲੇ ਦਾ ਕੋਈ ਸਾਰਥਕ ਹੱਲ ਨਹੀਂ ਕੱਢਦਾ ਤਾਂ ਆਉਣ ਵਾਲੇ ਦਿਨਾਂ 'ਚ ਉਨ੍ਹਾਂ ਦੀ ਜਥੇਬੰਦੀ ਲੋਕ ਲਹਿਰ ਬਣਾ ਕੇ ਤਿੱਖੇ ਅਤੇ ਨਿਰਣਾਇਕ ਸੰਘਰਸ਼ ਵਿੱਢੇਗੀ। ਇਸ ਮੌਕੇ ਨਿਸ਼ਾਨ ਸਿੰਘ ਮਾੜੀਮੇਘਾ ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਸੂਬਾ ਸਰਕਾਰ ਕੋਲੋਂ ਮੰਗ ਕੀਤੀ ਬੇਮੌਸਮੀ ਬਾਰਿਸ਼ ਦੀ ਮਾਰ ਹੇਠਾਂ ਆਏ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਪੂਰਨ ਸਿੰਘ ਮੱਦਰ, ਬਲਹਿਾਰ ਸਿੰਘ ਮਨਿਹਾਲਾ, ਸੁਖਪਾਲ ਸਿੰਘ ਦੋਦੇ, ਨਿਰਵੈਲ ਸਿੰਘ ਚੇਲਾ, ਮਾਨ ਸਿੰਘ ਮਾੜੀਮੇਘਾ, ਹੀਰਾ ਸਿੰਘ ਮੱਦਰ, ਅਜਮੇਰ ਸਿੰਘ ਅਮੀਸ਼ਾਹ, ਸੁਬੇਗ ਸਿੰਘ ਮੱਖੀ ਕਲਾਂ, ਅਕਾਸ਼ਦੀਪ ਸਿੰਘ ਭੁੱਲਰ, ਹਰਪ੍ਰੀਤ ਸਿੰਘ ਸੰਧੂ, ਹਰਭਜਨ ਸਿੰਘ ਮੱਦਰ ਆਦਿ ਕਿਸਾਨ ਆਗੂ ਹਾਜ਼ਰ ਸਨ।

# '੧ਓ, ਸਦਾਚਾਰ ਤੇ ਸੰਸਾਰਕ ਪ੍ਰਾਪਤੀ' ਵਿਸ਼ੇ 'ਤੇ ਸੈਮੀਨਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਦੇ ਕਲਗੀਧਰ ਆਡੀਟੋਰੀਅਮ ਦੇ ਵਿੱਚ '੧ਓ, ਸਦਾਚਾਰ ਅਤੇ ਸੰਸਾਰਕ ਪ੍ਰਾਪਤੀ' ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ਅਤੇ ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ ਵੱਲੋਂ ਮਿਲਵੇਂ ਰੂਪ ਵਿੱਚ ਕਰਵਾਇਆ ਗਿਆ।



ਇਸ ਸੈਮੀਨਾਰ ਦਾ ਆਗਾਜ਼ ਮੂਲ ਮੰਤਰ ਸਾਹਿਬ ਦੇ ਪਾਠ ਨਾਲ ਕੀਤਾ ਗਿਆ ਅਤੇ ਇਸ ਤੋਂ ਉਪਰੰਤ ਪ੍ਰੋ. ਸੂਬਾ ਸਿੰਘ ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪ੍ਰੋਫੈਸਰ ਬ੍ਰਿਜਪਾਲ ਸਿੰਘ ਜੀ (ਪਟਿਆਲਾ) ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਆਪ ਨੇ ਆਪਣੇ ਵਿਸ਼ੇ ਵਿਚ ਰਹਿੰਦਿਆਂ ਹੋਇਆਂ ਆਪਣੇ ਬਹੁਤ ਸਾਰੇ ਅਧਿਆਤਮਕ ਅਨੁਭਵ ਸਾਂਝੇ ਕੀਤੇ ਅਤੇ ਸਰੋਤਿਆਂ ਨੂੰ ਪਰਮਾਰਥੀ ਰਾਹ ਉੱਪਰ ਚੱਲਣ ਲਈ ਪ੍ਰੇਰਿਤ ਕੀਤਾ। ਭਾਈ ਰਵਿੰਦਰ ਸਿੰਘ ਪ੍ਰਿੰਸੀਪਲ ਗੁਰੂ ਕਾਸ਼ੀ ਕਾਲਜ ਦਮਦਮਾ ਸਹਿਬ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਪ੍ਰੋਗਰਾਮ ਤੋਂ ਉਪਰੰਤ ਡਾ. ਬ੍ਰਿਜਪਾਲ ਸਿੰਘ ਨੂੰ ਦੋਵਾਂ ਹੀ ਸੰਸਥਾਵਾਂ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਪ੍ਰੋਫੈਸਰ ਹਰੀ ਸਿੰਘ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ ਨੇ ਸੈਮੀਨਾਰ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਦੇਸੀ ਕੱਟਾ, ਪਿਸਤੌਲ, 3 ਜ਼ਿੰਦਾ ਕਾਰਤੂਸ ਤੇ ਮੋਟਰਸਾਈਕਲ ਸਮੇਤ ਦੋ ਕਾਬੂ

ਝਬਾਲ (ਝਬਾਲ ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਰਹੱਦੀ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੂੰ ਉਸ ਵੇਲੇ ਵੱਡੀ ਕਾਮਯਾਬੀ ਹਾਸਿਲ ਹੋਈ ਜਦੋਂ ਉਨ੍ਹਾਂ ਨੇ ਜ਼ਿਲਾ ਪੁਲਸ ਮੁੱਖੀ ਗੁਰਮੀਤ ਸਿੰਘ ਚੌਹਾਨ, ਐਸਪੀ (ਐੱਚ) ਮਨਿੰਦਰ ਸਿੰਘ, ਐੱਸਪੀ (ਡੀ) ਵਿਸ਼ਾਲਜੀਤ ਸਿੰਘ ਅਤੇ ਡੀਐੱਸਪੀ (ਸਿਟੀ) ਜਸਪਾਲ ਸਿੰਘ ਢਿੱਲੋਂ ਦੀਆਂ ਹਦਾਇਤਾਂ ਤੇ ਕਾਰਵਾਈ ਕਰਦਿਆਂ ਥਾਣਾ ਮੁੱਖੀ ਇੰਸ ਪਰਵਿੰਦਰ ਸਿੰਘ ਦੀ ਅਗਵਾਈ ਵਿੱਚ ਗਸ਼ਤ ਦੌਰਾਨ ਦੋ ਨੌਜੁਆਨਾਂ ਨੂੰ ਇੱਕ ਦੇਸੀ ਕੱਟਾ 315 ਬੋਰ ਤੇ ਤਿੰਨ ਜ਼ਿੰਦਾ ਕਾਕਤੂਸ, ਇੱਕ ਦੇਸੀ ਪਿਸਤੌਲ 32 ਬੋਰ ਤੇ ਤਿੰਨ ਜ਼ਿੰਦਾ ਕਾਰਤੂਸ ਅਤੇ ਇੱਚ ਮੋਟਰਸਾਇਕਲ ਸਮੇਤ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁੱਖੀ ਇੰਸ ਪਰਵਿੰਦਰ ਸਿੰਘ ਨੇ ਕਿਹਾ ਕਿ ਫਹ ਆਪਣੀ ਪੁਲਸ ਪਾਰਟੀ ਸਮੇਤ ਇਲਾਕੇ ਵਿੱਚ ਗਸ਼ਤ ਕਰ ਰਹੇ ਸਨ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਇਲਾਕੇ 'ਚ ਦੋ ਨੌਜੁਆਨ ਸਮੇਤ ਮਾਰੂ ਹਥਿਆਰਾਂ ਘੁੰਮ ਰਹੇ ਹਨ ਜਿਸ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਇਲਾਕੇ ਵਿੱਚ ਘੇਰਾਬੰਦੀ ਕਰਕੇ ਦੋ



ਨੌਜੁਆਨਾਂ ਨੂੰ ਸਮੇਤ ਹਥਿਆਰਾਂ ਤੇ ਮੋਟਰਸਾਈਕਲ ਕਾਬੂ ਕਰ ਲਿਆ ਗਿਆ। ਫੜੇ ਗਏ ਦੋਸ਼ੀਆਂ ਦੀ ਪਛਾਣ ਕੰਵਲਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਭਕਨਾ ਕਲਾਂ ਤੇ ਗੁਰਵਿੰਦਰ ਸਿੰਘ ਪੁੱਤਰ ਕਾਬਲ ਸਿੰਘ ਵਾਸੀ ਮਾਲੂਵਾਲ ਥਾਣਾ ਘਰਿੰਡਾ ਵਜੋਂ ਹੋਈ। ਇੰਸ. ਪਰਵਿੰਦਰ ਸਿੰਘ ਨੇ ਕਿਹਾ ਕਿ ਦੋਵਾਂ ਦੋਸ਼ੀਆਂ ਖਿਲਾਫ ਥਾਣਾ ਸਰਾਏ ਅਮਾਨਤ ਖਾਂ ਵਿਖੇ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਤੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਕਾਲੀ ਵਰਕਰਾਂ ਤੇ ਆਗੂਆਂ ਦਾ ਬੀ ਜੇ ਪੀ ਵੱਲ ਝੁਕਾਅ ਵਧਣ ਲੱਗਾ: ਡਾ. ਵੇਰਕਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸ਼੍ਰੋਮਣੀ ਅਕਾਲੀ ਦਲ ਤੋਂ ਵਰਕਰਾਂ ਦਾ ਮੋਹ ਭੰਗ ਹੁੰਦਾ ਜਾ ਰਿਹਾ ਹੈ ਅਤੇ ਅਕਾਲੀ ਵਰਕਰ ਤੇ ਆਗੂ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਵੱਡੀ ਗਿਣਤੀ ਵਿੱਚ ਭਾਰਤੀ ਜਨਤਾ ਪਾਰਟੀ ਨਾਲ ਜੁੜ ਰਹੇ ਹਨ ਜਿਸ ਨਾਲ ਭਾਜਪਾ ਦਾ ਕਾਫ਼ਲਾ ਦਿਨ-ਬ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਹ ਪ੍ਰਗਟਾਵਾ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਭਾਰਤੀ ਜਨਤਾ ਪਾਰਟੀ ਡਾ. ਦਲਬੀਰ ਸਿੰਘ ਵੇਰਕਾ ਨੇ ਅੱਜ ਹਲਕਾ ਜੰਡਿਆਲਾ ਗੁਰੂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਹੋਣ ਵਾਲੇ ਸੀਨੀਅਰ ਆਗੂ ਰਾਜਪਾਲ ਸਿੰਘ ਰਾਜੂ ਮਹਿਤਾ ਚੌਂਕ ਜੋ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਹਨ ਨੂੰ ਸਨਮਾਨਿਤ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।



ਡਾ. ਵੇਰਕਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਅੰਤਰ ਰਾਸ਼ਟਰੀ ਪੱਧਰ ਤੇ ਅੱਗੇ ਆਇਆ ਹੈ। ਉਨ੍ਹਾਂ ਕਿਹਾ ਕਿ 2024 ਵਿੱਚ ਭਾਰਤੀ ਜਨਤਾ ਪਾਰਟੀ ਪੰਜਾਬ ਦੀਆ 13 ਸੀਟਾਂ 'ਤੇ ਜਿੱਤ ਦਰਜ ਕਰੇਗੀ। ਇਸ ਤੋਂ ਪਹਿਲਾਂ ਆਦਮਪੁਰ ਵਾਲੀ ਜ਼ਿਮਨੀ ਚੋਣ ਵੀ ਭਾਰਤੀ ਜਨਤਾ ਪਾਰਟੀ ਜਿੱਤ ਕੇ ਪੰਜਾਬ ਵਿੱਚ ਆਪਣੀ ਜਿੱਤ ਦੀ ਸ਼ੁਰੂਆਤ ਕਰੇਗੀ। ਉਨ੍ਹਾਂ ਨੇ ਰਾਜਪਾਲ ਸਿੰਘ ਰਾਜੂ ਨੂੰ ਸਿਰੋਪਾ ਪਾ ਕੇ ਸਨਮਾਨਿਤ ਕਰਦਿਆਂ ਪੂਰਾ ਮਾਣ ਸਨਮਾਨ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਰਾਜਪਾਲ ਸਿੰਘ ਰਾਜੂ ਨੇ ਕਿਹਾ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵਾਲਾ ਅਕਾਲੀ ਦਲ ਨਹੀ ਰਿਹਾ। ਅਕਾਲੀ ਦਲ ਆਪਣੀ ਸ਼ਰਮਨਾਕ ਹਾਰ ਤੋਂ ਵੀ ਸਬਕ ਨਹੀਂ ਲੈ ਰਿਹਾ। ਇਸ ਲਈ ਹੁਣ ਸੂਝਵਾਨ ਵਰਕਰ ਅਕਾਲੀ ਦਲ ਤੋਂ ਕਿਨਾਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤੀ ਜਨਤਾ ਪਾਰਟੀ ਵਿੱਚ ਬਿਨਾਂ ਕਿਸੇ ਅਹੁਦੇ ਦੇ ਸ਼ਾਮਲ ਹੋਏ ਹਨ ਅਤੇ ਉਹ ਪਾਰਟੀ ਦੀ ਮਜ਼ਬੂਤੀ ਲਈ ਮਿਹਨਤ ਕਰਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਹੋਰ ਆਗੂ ਵੀ ਹਾਜ਼ਰ ਸਨ।

# ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਦੀ ਨਵ-ਉਸਾਰੀ ਦਾ ਕੰਮ ਸ਼ੁਰੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪ੍ਰਬੰਧਕ ਕਮੇਟੀ ਸਤਿਗੁਰ ਕਬੀਰ ਮੰਦਿਰ ਫੱਜੂਪੁਰ ਦੇ ਪ੍ਰਬੰਧਾਂ ਹੇਠ ਸਤਿਗੁਰੂ ਕਬੀਰ ਮੰਦਰ ਦੀ ਨਵ-ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਅਰਦਾਸ ਕੀਤੀ ਗਈ। ਉਪਰੰਤ ਮੰਦਿਰ ਦੀ ਨਵ-ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਦਾ ਉਦਘਾਟਨ ਪਿੰਡ ਫੱਜੂਪੁਰ ਦੇ ਸਰਪੰਚ ਬਲਵਿੰਦਰ ਪਾਲ ਟਾਕ ਨੇ ਕੀਤਾ ਅਤੇ ਇਸ ਸ਼ੁੱਭ ਮੌਕੇ ਤੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ। ਇਸ ਮੌਕੇ ਸਰਪੰਚ ਬਲਵਿੰਦਰ ਪਾਲ ਟਾਕ ਨੇ ਦੱਸਿਆ ਕਿ ਕਬੀਰ ਮੰਦਿਰ ਦੀ ਨਵੀਂ ਇਮਾਰਤ ਦੀ ਉਸਾਰੀ ਦੇ ਕੰਮ ਲਈ ਪ੍ਰਤਾਪ ਸਿੰਘ ਬਾਜਵਾ ਵੱਲੋਂ ਪਿਛਲੇ ਸਮੇਂ ਦੌਰਾਨ ਐੱਮਪੀ ਲੈਡ ਫੰਡ ਵਿੱਚੋਂ 5 ਲੱਖ ਰੁਪਏ ਦਾ ਵਿਸ਼ੇਸ਼ ਯੋਗਦਾਨ ਦਿੱਤਾ ਗਿਆ ਸੀ, ਜਿਸ ਨਾਲ ਹੁਣ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਦੱਸਿਆ ਕਿ ਸਤਿਗੁਰੂ ਕਬੀਰ ਮੰਦਿਰ ਦੀ ਨਵ-ਉਸਾਰੀ ਲਈ ਕਮੇਟੀ ਦੇ ਸਮੂਹ ਅਹੁਦੇਦਾਰ/ਮੈਂਬਰਾਂ ਅਤੇ ਇਲਾਕੇ ਦੀ ਸੰਗਤ ਵਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜ਼ਿਲ੍ਹੇਦਾਰ, ਕੈਸ਼ੀਅਰ ਪ੍ਰੇਮਪਾਲ ਅਹਿਮਦਾਬਾਦ, ਪ੍ਰੇਮਪਾਲ ਪੰਮਾ, ਮੁੱਖ ਸੇਵਾਦਾਰ ਕੁੰਦਨ ਲਾਲ, ਸਰਪੰਚ ਬਲਵਿੰਦਰ ਪਾਲ ਟਾਕ, ਕੇਵਲ ਕ੍ਰਿਸ਼ਨ ਟਾਂਕ, ਕੀਮਤੀ ਲਾਲ ਭਗਤ, ਮਾਸਟਰ ਸੁਭਾਸ਼ ਚੰਦਰ, ਨੰਬਰਦਾਰ ਪ੍ਰੇਮ ਪਾਲ, ਮੈਂਬਰ ਪੰਚਾਇਤ ਪਵਨ ਕੁਮਾਰ, ਮੱਖਣ ਸਿੰਘ, ਕੁਲਦੀਪ ਜੱਜ, ਨਰੇਸ਼ ਕੁਮਾਰ ਚੀਨੀ, ਦਰਸਨਾ ਕੌਰ, ਬਲਜੀਤ ਕੌਰ, ਚੰਦ ਰਾਣੀ, ਸਾਈਂ ਦਾਸ, ਪੂਜਾ ਰਾਣੀ (ਸਾਰੇ ਪੰਚਾਇਤ ਮੈਂਬਰ), ਪ੍ਰੇਮ ਸਿੰਘ ਬੇਦੀ ਕਲੋਨੀ ਸਾਈਂ ਦਾਸ ਭਗਤ, ਰਾਜ ਕੁਮਾਰ ਏਐੱਸਆਈ, ਮਾਸਟਰ ਕਰਮ ਪਾਲ, ਬਲਵਿੰਦਰ ਬਿੰਦਾ, ਤਲਵਿੰਦਰ ਪਾਲ ਹੈਪੀ ਅਤੇ ਠੇਕਦਾਰ ਰਕੇਸ਼ ਕੁਮਾਰ ਆਦਿ ਹਾਜ਼ਰ ਸਨ।



# ਰੁਪਿੰਦਰ ਕੌਰ ਸੰਧੂ ਬੈਸਟ ਸਮਾਜ ਸੇਵਿਕਾ ਐਵਾਰਡ ਨਾਲ ਸਨਮਾਨਿਤ

ਝਬਾਲ, ਤਰਨਤਾਰਨ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ/ਸਾਗਰਦੀਪ ਸਿੰਘ ਅਰੋੜਾ)-ਆਮ ਆਦਮੀ ਪਾਰਟੀ ਦੀ ਜ਼ਿਲਾ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੂੰ ਬੈਸਟ ਸਮਾਜ ਸੇਵਕਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਵਨ ਸ਼ਰਮਾ ਨੇ ਕਿਹਾ ਕਿ ਤਰਨਤਾਰਨ ਵਿੱਚ ਜੰਮ-ਪਲ ਪੰਜਾਬ ਦੀ ਇਸ ਧੀ ਰੁਪਿੰਦਰ ਕੌਰ ਸੰਧੂ ਨੇ ਆਪਣੇ ਸਕੂਲ ਟਾਈਮ ਤੋਂ ਹੀ ਲੋਕ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ। ਆਪਣੇ ਸਕੂਲ ਟਾਈਮ ਵਿੱਚ ਸੰਧੂ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਘਰਾਂ ਵਿੱਚੋਂ ਲਿਆ ਕੇ ਉਨ੍ਹਾਂ ਨੂੰ ਟਿਊਸ਼ਨ ਮੁਹਈਆ ਕਰਾ ਕੇ ਪੰਜਵੀਂ ਅਤੇ ਅੱਠਵੀਂ ਜਮਾਤ ਦੀ ਪ੍ਰੀਖਿਆ ਵਿੱਚ ਪਹੁੰਚਾਉਂਦੇ ਸਨ ਤਾਂ ਜੋ ਉਹ ਮੁੱਢਲੀ ਸਿੱਖਿਆ ਤੋਂ ਵਾਂਝੇ ਨਾ ਰਹਿ ਜਾਣ। ਉਹ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਨੂੰ ਸਿਲਾਈ ਦੀ ਸਿੱਖਿਆ ਵੀ ਮੁਹੱਈਆ ਕਰਵਾਉਂਦੇ ਰਹੇ। ਉਨ੍ਹਾਂ ਜਨਗਣਨਾ, ਆਧਾਰ ਕਾਰਡ ਪ੍ਰੋਜੈਕਟ ਆਦਿ ਕਈ ਤਰ੍ਹਾਂ ਦੀਆਂ ਸੇਵਾਵਾਂ ਨਿਭਾਈਆਂ। ਇਨ੍ਹਾਂ ਦੇ ਜੀਵਨ ਸਾਥੀ ਮਨਪ੍ਰੀਤ ਸਿੰਘ ਸੰਧੂ ਦੀ ਸੋਚ ਵੀ ਲੋਕਾਂ ਦੀ ਸੇਵਾ ਅਤੇ ਪੰਜਾਬ ਦੀ ਗੰਧਲੀ ਰਾਜਨੀਤੀ ਨੂੰ ਬਦਲਣ ਵਾਲੀ ਹੈ। ਸੰਧੂ ਨੇ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਨੇ ਫੈਸਲਾ ਲਿਆ ਕਿ ਇਹ ਆਮ ਆਦਮੀ ਪਾਰਟੀ ਨੂੰ ਸਪੋਰਟ ਕਰਨਗੇ।



ਜਦੋਂ ਪੰਜਾਬ ਵਿੱਚ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਹੋਣ ਜਾਂ ਰਹੀਆਂ ਸਨ ਤਾਂ ਸੰਧੂ ਨੇ ਆਮ ਆਦਮੀ ਪਾਰਟੀ ਦਾ ਪੂਰਨ ਸਹਿਯੋਗ ਦਿੱਤਾ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਦੇ ਪ੍ਰਚਾਰ ਵਿੱਚ ਇਨ੍ਹਾਂ ਦੇ ਪਤੀ ਮਨਪ੍ਰੀਤ ਸਿੰਘ ਸੰਧੂ ਨੇ ਵੀ ਡਟ ਕੇ ਸਾਥ ਦਿੱਤਾ। ਸੰਧੂ ਦੀਆਂ ਅਣਥੱਕ ਸੇਵਾਵਾਂ ਨੂੰ ਵੇਖ ਕੇ ਉਨ੍ਹਾਂ ਨੂੰ ਜ਼ਿਲਾ ਤਰਨਤਾਰਨ ਯੂਥ ਮੀਤ ਪ੍ਰਧਾਨ ਦਾ ਅਹੁਦਾ ਦਿੱਤਾ, ਆਪਣੇ ਅਹੁਦੇ ਤੇ ਕਾਇਮ ਅਤੇ ਆਪਣੀ ਸੇਵਾ ਭਾਵਨਾ ਨੂੰ ਜਾਰੀ ਰੱਖਦੇ ਹੋਏ ਰੁਪਿੰਦਰ ਕੌਰ ਸੰਧੂ ਹੁਣ ਵੀ ਲੋਕ ਸੇਵਾ ਅਤੇ ਸਮਾਜ ਭਲਾਈ ਦੇ ਕੰਮ ਕਰ ਰਹੇ ਹਨ ਤੇ ਜ਼ਿਲਾ ਤਰਨਤਾਰਨ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਬਾਖੂਬੀ ਦੇ ਰਹੇ ਹਨ। ਇਸ ਮੌਕੇ ਹਰਪ੍ਰੀਤ ਸਿੰਘ ਐੱਸਐੱਚਓ ਥਾਣਾ ਸਿਟੀ, ਮੁੱਖ ਸੰਪਾਦਕ ਪਵਨ ਸ਼ਰਮਾ, ਮਨਪ੍ਰੀਤ ਸਿੰਘ ਸੰਧੂ, ਹਰਜੀਤ ਸਿੰਘ ਜੌਹਲ, ਬਲਵਿੰਦਰ ਸਿੰਘ ਜੌਹਲ, ਕੁਲਜੀਤ ਕੌਰ, ਗੁਰਮੀਤ ਸਿੰਘ ਵਰਕਰ ਆਮ ਆਦਮੀ ਪਾਰਟੀ ਜ਼ਿਲਾ ਤਰਨਤਾਰਨ ਆਦਿ ਹਾਜ਼ਰ ਸਨ। ਇਹ ਸਨਮਾਨ ਮਿਲਣ 'ਤੇ ਰੁਪਿੰਦਰ ਕੌਰ ਸੰਧੂ ਨੇ ਥਾਣਾ ਸਿਟੀ ਤਰਨਤਾਰਨ ਦੇ ਐੱਸਐੱਚਓ ਹਰਪ੍ਰੀਤ ਸਿੰਘ ਅਤੇ ਪਵਨ ਸ਼ਰਮਾ ਦਾ ਧੰਨਵਾਦ ਕੀਤਾ।

# ਮਿਸ਼ਨ 'ਆਬਾਦ' ਤਹਿਤ ਖੁਸ਼ਹਾਲਪੁਰ ਵਿਖੇ ਲਗਾਇਆ 8ਵਾਂ ਵਿਸ਼ੇਸ਼ ਕੈਂਪ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਰਹੱਦੀ ਖੇਤਰ ਦੇ ਵਿਕਾਸ ਲਈ ਚਲਾਏ ਜਾ ਰਹੇ ਮਿਸ਼ਨ 'ਅਬਾਦ' (ਐਬਸੀਲਿਊਟ ਬਾਰਡਰ ਏਰੀਆ ਡਿਵੈਲਪਮੈਂਟ) ਤਹਿਤ ਸਰਹੱਦੀ ਪਿੰਡ ਖੁਸ਼ਹਾਲਪੁਰ ਦੀ ਆਈਟੀਆਈ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਪਿੰਡ ਖੁਸ਼ਹਾਲਪੁਰ ਤੋਂ ਇਲਾਵਾ ਸਰਹੱਦੀ ਪਿੰਡ ਘੁੰਮਣ, ਕੋਠਾ, ਅਬਦਾਲ ਅਤੇ ਜੌੜੀਆਂ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਕੈਂਪ ਦੌਰਾਨ ਦੌਰਾਨ ਕਰੀਬ 550 ਤੋਂ ਵੱਧ ਵਿਅਕਤੀਆਂ ਨੂੰ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਗਿਆ। ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ, ਐੱਸ.ਐੱਸ.ਪੀ. ਬਟਾਲਾ ਮੈਡਮ ਅਸ਼ਵਨੀ ਗੁਟਿਆਲ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਬਲਵਿੰਦਰ ਸਿੰਘ, ਸਹਾਇਕ ਕਮਿਸ਼ਨਰ (ਜ) ਕਮ ਮੁੱਖ ਮੰਤਰੀ ਫੀਲਡ ਅਫ਼ਸਰ ਸਚਿਨ ਪਾਠਕ ਸਮੇਤ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਅਬਾਦ ਕੈਂਪ ਵਿੱਚ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਦਾ ਭਰੋਸਾ ਦਿੱਤਾ।



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਆਬਾਦ ਕੈਂਪਾਂ ਦੌਰਾਨ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਸਟਾਲ ਲਗਾ ਕੇ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਬਾਰੇ ਦੱਸਿਆ ਜਾ ਰਿਹਾ ਹੈ ਅਤੇ ਨਾਲ ਹੀ ਯੋਗ ਲਾਭਪਾਤਰੀਆਂ ਨੂੰ ਭਲਾਈ ਯੋਜਨਾਵਾਂ ਦਾ ਲਾਭ ਵੀ ਦਿੱਤਾ ਜਾ ਰਿਹਾ ਹੈ। ਐੱਸ.ਐੱਸ.ਪੀ. ਬਟਾਲਾ ਮੈਡਮ ਅਸ਼ਵਨੀ ਗੁਟਿਆਲ ਨੇ ਸਰਹੱਦੀ ਪਿੰਡਾਂ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਸਰਹੱਦ ਪਾਰੋਂ ਹੁੰਦੀਆਂ ਡਰੋਨ ਗਤੀਵਿਧੀਆਂ ਨੂੰ ਰੋਕਣ ਲਈ ਬੀ.ਐੱਸ.ਐੱਫ. ਅਤੇ ਪੁਲਿਸ ਦਾ ਸਹਿਯੋਗ ਕਰਨ। ਕੈਂਪ ਦੌਰਾਨ ਸੇਵਾ ਕੇਂਦਰ ਨੇ ਅਧਾਰ ਕਾਰਡ ਅਤੇ ਈ. ਸੇਵਾ ਵਿੱਚ ਜਾਤੀ ਸਰਟੀਫਿਕੇਟ, ਆਮਦਨ, ਰੂਰਲ, ਰੈਜ਼ੀਡੈਂਸ ਅਤੇ ਬਾਰਡਰ ਏਰੀਏ ਦੇ 35 ਸਰਟੀਫਿਕੇਟ ਮੌਕੇ 'ਤੇ ਜਾਰੀ ਕੀਤੇ। ਇਸ ਮੌਕੇ ਸਿਹਤ ਵਿਭਾਗ ਵੱਲੋਂ ਲਗਾਏ ਸਟਾਲ 'ਤੇ ਮਾਹਿਰ ਡਾਕਟਰਾਂ ਵੱਲੋਂ 103 ਮਰੀਜ਼ਾਂ ਦੀ ਮੁੱਢਲੀ ਜਾਂਚ ਕਰਕੇ ਉਨਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਸਰਹੱਦੀ ਪਿੰਡਾਂ ਦੇ ਵਸਨੀਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਗਏ ਇਸ ਕੈਂਪ ਤੋਂ ਬਹੁਤ ਖੁਸ਼ ਸਨ ਅਤੇ ਉਨਾਂ ਨੇ ਇਸ ਉਪਰਾਲੇ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਤਹਿਸੀਲਦਾਰ ਜਗਤਾਰ ਸਿੰਘ, ਡੀ.ਐੱਸ.ਪੀ. ਰਵਿੰਦਰ ਸਿੰਘ, ਐੱਸ.ਐੱਚ.ਓ. ਮੈਡਮ ਦਿੱਲਪ੍ਰੀਤ ਕੌਰ, ਸਰਪੰਚ ਪਿੰਡ ਖੁਸ਼ਹਾਲਪੁਰ ਮੈਡਮ ਰੂਬੀ, ਸਰਪੰਚ ਅਬਾਦੀ ਰਾਮਪੁਰ ਸੰਦੀਪ ਸਿੰਘ, ਨੱਥਾ ਮਸੀਹ, ਫੌਜੀ ਮਲਕੀਤ ਸਿੰਘ, ਕੰਵਲਜੀਤ ਸਿੰਘ ਖੁਸ਼ਹਾਲਪੁਰ ਸਮੇਤ ਇਲਾਕੇ ਦੇ ਹੋਰ ਵੀ ਮੋਹਤਬਰ ਹਾਜ਼ਰ ਸਨ। ਦੱਸਣਯੋਗ ਹੈ ਕਿ ਪਿੰਡ ਖੁਸਹਾਲਪੁਰ ਵਿਖੇ ਇਹ 8ਵਾਂ ਕੈਂਪ ਸੀ ਜਦਕਿ ਇਸ ਤੋਂ ਪਹਿਲਾਂ ਝਬਕਰਾ, ਡੇਰਾ ਬਾਬਾ ਨਾਨਕ, ਸ਼ਹੂਰਕਲਾਂ, ਠੇਠਰਕੇ, ਇਸਲਾਮਪੁਰ, ਗੁਰਚੱਕ ਅਤੇ ਆਦੀਆਂ ਵਿਖੇ ਵੀ ਆਬਾਦ ਕੈਂਪ ਲਗਾਏ ਜਾ ਚੁੱਕੇ ਹਨ।

# ਜ਼ਿਲ੍ਹਾ ਭਾਸ਼ਾ ਦਫਤਰ ਵੱਲੋਂ ਪੰਜਾਬੀ ਨਾਟਕ ਤੇ ਰੰਗਮੰਚ ਬਾਰੇ ਵਿਚਾਰ-ਚਰਚਾ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**— ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਵਿਸ਼ਵ ਰੰਗਮੰਚ ਦਿਹਾੜੇ 'ਤੇ ਤੇਰਾ ਸਿੰਘ ਚੰਨ ਅਤੇ ਗੁਰਸ਼ਰਨ ਭਾਅ ਦੀ ਨਿੱਘੀ ਯਾਦ ਨੂੰ ਸਮਰਪਿਤ 'ਪੰਜਾਬੀ ਨਾਟਕ: ਵਰਤਮਾਨ ਦਸ਼ਾ ਅਤੇ ਦਿਸ਼ਾ ਵਿਸ਼ੇ 'ਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਉੱਘੇ ਨਾਟਕਕਾਰ ਅਤੇ ਨਿਰਦੇਸ਼ਕ ਦਵਿੰਦਰ ਸਿੰਘ ਦਮਨ ਵੱਲੋਂ ਕੀਤੀ ਗਈ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਡਾ. ਸਵੈਰਾਜ ਸੰਧੂ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼ਬਦੀਸ਼ ਵੱਲੋਂ ਸ਼ਿਰਕਤ ਕੀਤੀ ਗਈ। ਡਾ. ਬਲਵਿੰਦਰ ਸਿੰਘ ਵੱਲੋਂ 'ਪੰਜਾਬੀ ਨਾਟਕ : ਵਰਤਮਾਨ ਦਸ਼ਾ ਅਤੇ ਦਿਸ਼ਾ' ਵਿਸ਼ੇ 'ਤੇ ਪਰਚਾ ਪੜ੍ਹਿਆ ਗਿਆ। ਸਮਾਗਮ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਨਾਲ ਕੀਤੀ ਗਈ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਪ੍ਰਾਪਤੀਆਂ ਤੋਂ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਤੇਰਾ ਸਿੰਘ ਚੰਨ ਅਤੇ ਗੁਰਸ਼ਰਨ ਭਾਅ ਦੀ ਨਾਟਕ ਨੂੰ ਦੇਣ ਬਾਰੇ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਨਾਟਕ ਹਰ ਇਨਸਾਨ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਦਵਿੰਦਰ ਸਿੰਘ ਦਮਨ ਵੱਲੋਂ ਰੰਗਮੰਚ ਨਾਲ ਜੁੜੀਆਂ ਹਸਤੀਆਂ ਨੂੰ ਨਤਮਸਤਕ ਹੁੰਦਿਆਂ ਸਮੂਹ ਪਤਵੰਤੇ



ਸੱਜਣਾਂ ਨੂੰ ਵਿਸ਼ਵ ਰੰਗਮੰਚ ਦਿਵਸ ਦੀ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਆਖਿਆ ਕਿ ਧਰਤੀ ਇੱਕ ਸਟੇਜ ਹੈ ਤੇ ਸਾਰੇ ਮਨੁੱਖ ਹੀ ਅਦਾਕਾਰ ਹਨ। ਰੰਗਮੰਚ ਮਨੁੱਖ ਦੀ ਸਭ ਤੋਂ ਪਹਿਲੀ ਕਲਾ ਹੈ ਜੋ ਅਜੇ ਤੱਕ ਚੱਲ ਰਹੀ ਹੈ ਅਤੇ ਰੰਗਮੰਚ ਸਾਹਿਤ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਪ੍ਰਮੁੱਖ ਸਾਧਨ ਹੈ। ਮੁੱਖ ਮਹਿਮਾਨ ਡਾ. ਸਵੈਰਾਜ ਸੰਧੂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਰੰਗਮੰਚ ਜ਼ਿੰਦਗੀ ਦਾ ਅਕਸ ਹੈ। ਰੰਗਮੰਚ ਹੀ ਉਹ ਸਕੂਲ ਹੈ ਜਿੱਥੇ ਅਸੀਂ ਜ਼ਿੰਦਗੀ ਦੇ ਸਬਕ ਸਿੱਖਦੇ ਹਾਂ। ਵਿਸ਼ੇਸ਼ ਮਹਿਮਾਨ ਸ਼ਬਦੀਸ਼ ਵੱਲੋਂ ਵਿਸ਼ਵ ਰੰਗਮੰਚ ਦਿਵਸ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਹਰ ਇਨਸਾਨ ਨੂੰ ਨਾਟਕ ਨਾਲ ਜੁੜਨਾ ਚਾਹੀਦਾ ਹੈ ਕਿਉਂਕਿ ਨਾਟਕ ਬੰਦੇ ਨੂੰ ਸੋਚਣ ਲਾਉਂਦਾ ਹੈ। ਇਸ ਮੌਕੇ ਉਨ੍ਹਾਂ ਵੱਲੋਂ ਕੌਮਾਂਤਰੀ ਥੀਏਟਰ ਸੰਸਥਾ ਵੱਲੋਂ ਵਿਸ਼ਵ ਰੰਗਮੰਚ ਦਿਵਸ ਮੌਕੇ ਜਾਰੀ ਕੀਤਾ ਗਿਆ ਸੁਨੇਹਾ ਵੀ ਪੜ੍ਹ ਕੇ ਸ੍ਰੋਤਿਆਂ ਨਾਲ ਸਾਂਝਾ ਕੀਤਾ ਗਿਆ। ਪਰਚਾ ਲੇਖਕ ਡਾ. ਬਲਵਿੰਦਰ ਸਿੰਘ ਵੱਲੋਂ ਖੋਜ ਭਰਪੂਰ ਪਰਚਾ ਪੜ੍ਹਦੇ ਹੋਏ 18ਵੀਂ-19ਵੀਂ ਸਦੀ ਵਿੱਚ ਨਾਟਕ ਸਬੰਧੀ ਮਿਲਦੇ ਸੰਕੇਤਾਂ ਤੋਂ ਲੈ ਕੇ ਆਧੁਨਿਕ ਨਾਟਕ ਤੱਕ ਦਾ ਸੰਪੂਰਨ ਇਤਿਹਾਸ ਅਤੇ ਭਵਿੱਖੀ ਸੰਭਾਵਨਾਵਾਂ ਨੂੰ ਸ੍ਰੋਤਿਆਂ ਦੇ ਸਾਹਮਣੇ ਰੱਖਿਆ ਗਿਆ। ਇਨ੍ਹਾਂ ਤੋਂ ਇਲਾਵਾ ਨਾਟਕਕਾਰ ਸੰਜੀਵਨ ਸਿੰਘ ਵੱਲੋਂ ਆਖਿਆ ਗਿਆ ਕਿ ਰੰਗਮੰਚ ਨੇ ਆਪਣੀ ਹੋਂਦ ਹਮੇਸ਼ਾ ਬਰਕਰਾਰ ਰੱਖੀ ਹੈ ਅਤੇ ਹਮੇਸ਼ਾ ਰੱਖੇਗਾ। ਰੰਗਕਰਮੀ ਲਈ ਹਰ ਦਿਨ ਰੰਗਮੰਚ ਨਾਲ ਰੰਗਿਆ ਹੋਣਾ ਚਾਹੀਦਾ ਹੈ। ਤੇਰਾ ਸਿੰਘ ਚੰਨ ਦੇ ਪੁੱਤਰ ਦਿਲਦਾਰ ਸਿੰਘ ਵੱਲੋਂ ਆਪਣੇ ਪਿਤਾ ਦੇ ਨਾਟਕਾਂ ਅਤੇ ਓਪੇਰਿਆਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ। ਇਸ ਵਿਚਾਰ ਚਰਚਾ ਵਿੱਚ ਸ਼ਵਿੰਦਰ ਸਿੰਘ ਸੈਂਪਲਾ, ਮਨਜੀਤਪਾਲ ਸਿੰਘ, ਗੁਰਚਰਨ ਸਿੰਘ, ਭਗਤ ਰਾਮ ਰੰਗਾੜਾ, ਡਾ. ਨਿਰਮਲ ਸਿੰਘ ਬਾਸੀ, ਅਮਰਜੀਤ ਸਿੰਘ ਤੂਰ, ਦਲਜੀਤ ਕੌਰ, ਮਨੀ ਸਿੱਧੂ, ਮੰਨਤ ਸ਼ਰਮਾ, ਗੁਰਦੀਪ ਸਿੰਘ, ਤਜਿੰਦਰ ਸਿੰਘ, ਅਨਿਕੇਤ ਕੁਮਾਰ, ਸੰਜੂ ਸ਼ਰਮਾ, ਸਰਦਾਰਾ ਸਿੰਘ ਚੀਮਾ, ਮਨਜੀਤ ਸਿੰਘ, ਜਤਿੰਦਰਪਾਲ ਸਿੰਘ, ਗੁਰਵਿੰਦਰ ਸਿੰਘ ਵੱਲੋਂ ਵੀ ਸ਼ਿਰਕਤ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਮੁੱਖ ਮਹਿਮਾਨਾਂ ਅਤੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਹੋਰ ਪਤਵੰਤੇ ਸੱਜਣਾਂ ਦਾ ਇਸ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਦਰਸ਼ਨ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਹਾਲੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

ਭੋਗ 'ਤੇ ਵਿਸ਼ੇਸ਼

# ਜਬ੍ਹੇ ਵਾਲਾ ਮਨੁੱਖ ਸੀ ਮੋਹਨ ਲਾਲ ਸੇਠ



ਮੋਹਨ ਲਾਲ ਸੇਠ ਦੀ ਰੋਅਬਦਾਰ ਸ਼ਖਸੀਅਤ ਬਾਰੇ ਦੋ ਸ਼ਬਦ ਲਿਖਦਿਆਂ ਕਈ ਲਫਜ਼ਾਂ ਨੇ ਜਿਹਨ ਮੱਲ ਰੱਖਿਆ ਹੈ। ਲਫਜ਼ਾਂ 'ਚੋਂ ਇੱਕ ਚੁਣਨ ਲਈ ਸੇਠ ਜੀ ਦੇ ਬਹੁਤ ਨੇੜਲੇ ਸਾਥੀ ਕਾਮਰੇਡ ਸੂਰਤ ਸਿੰਘ ਧਰਮਕੋਟ ਕੋਲੋਂ ਮਸ਼ਵਰਾ ਲੈਂਦਾ ਹਾਂ। ਉਨ੍ਹਾਂ ਬਿਨਾਂ ਕੁਝ ਸੋਚਦਿਆਂ ਕਿਹਾ, 'ਉਹ ਜਵ੍ਹੇ ਵਾਲਾ ਮਨੁੱਖ ਸੀ'। ਮੇਰੇ ਕੋਲੋਂ ਨਾਲ ਹੀ ਕਹਿ ਹੋ ਗਿਆ, 'ਹਾਂ ਸੇਠ ਲੱਠਾ ਬੰਦਾ ਸੀ।' ਕਹਿੰਦੇ ਹਨ ਕਿ ਇੱਕ ਬੰਦੇ ਵਿੱਚ 'ਕਈ ਬੰਦੇ' ਹੁੰਦੇ ਹਨ। ਇਸ ਕਥਨ ਦੀ ਸਚਾਈ ਮੋਹਨ ਲਾਲ ਹੁਰਾਂ ਦੀ ਬਹੁਪਰਤੀ ਸ਼ਖਸੀਅਤ ਸ਼ਾਹਦੀ ਭਰਦੀ ਹੈ। ਉਹ ਜਿੱਥੇ ਧਾਕੜ ਕਿਸਮ ਦੇ ਸਨ ਉੱਥੇ ਉਹ ਅੜੇ ਥੁੜੇ ਲੋਕਾਂ ਲਈ ਬੇਹੱਦ ਨਰਮ ਗੋਸ਼ਾ ਰੱਖਦੇ ਸਨ। ਜੇ ਕਿਹਾ ਜਾਵੇ ਕਿ ਮੋਹਨ ਲਾਲ ਗਰੀਬਾਂ ਦੇ ਸੱਚੇ ਹਮਦਰਦ ਸਨ ਤਾਂ ਇਸ ਵਿੱਚ ਕੋਈ ਅਤਕਥਨੀ ਨਹੀਂ ਹੈ। ਅਨੇਕਾਂ ਮਨੁੱਖਵਾਦੀ ਗੁਣਾਂ ਦੇ ਧਾਰਨੀ ਮੋਹਨ ਲਾਲ ਸੇਠ ਹੁਰੀਂ 25 ਮਾਰਚ ਦੀ ਸ਼ਾਮ ਨੂੰ ਸਾਥੋਂ ਸਦਾ ਲਈ ਵਿੱਛੜ ਗਏ। ਸੇਠ ਪਰਵਾਰ ਨੇ ਕਰੜਾ ਸੰਘਰਸ਼ ਕਰਕੇ ਜ਼ਿੰਦਗੀ ਨੂੰ ਸਾਂਵੀ ਪੱਧਰੀ ਕੀਤਾ। ਉਨ੍ਹਾਂ ਦਾ ਜੱਦੀ ਪਿੰਡ ਲੋਪੋ ਹੈ। ਉੱਥੇ ਉਹ ਥੋੜ੍ਹੀ ਜਮੀਨ ਦੀ ਖੇਤੀ ਕਰਦੇ ਸਨ। ਜਿਨ੍ਹਾਂ ਸਮਿਆਂ ਵਿੱਚ ਸ਼ਾਹਕੋਟ ਦੇ ਮੰਡ ਏਰੀਏ ਵਿੱਚ ਜਮੀਨਾਂ ਆਬਾਦ ਕੀਤੀਆਂ ਜਾ ਰਹੀਆਂ ਸਨ, ਓਦੋਂ ਸੇਠ ਪਰਵਾਰ ਨੇ ਪਿੰਡ ਤਲਵੰਡੀ ਬੂਟਿਆਂ ਡੇਰੇ ਆ ਲਾਏ। ਕਾਨਿਆਂ ਵਾਲੀ ਛੰਨ ਵਿੱਚ ਰਹਿ ਕੇ ਸਖਤ ਮਿਹਨਤ ਨਾਲ ਜਮੀਨ ਦੇ ਤਕੜੇ ਟੋਟੇ ਦੇ ਮਾਲਕ ਬਣੇ। ਮੋਹਨ ਲਾਲ ਕਮਿਊਨਿਸਟ ਪਾਰਟੀ ਦੇ ਬਹੁਤ ਨੇੜੇ ਸਨ। ਸੀ. ਪੀ. ਆਈ. ਦੇ ਵੱਡੇ ਵੱਡੇ ਲੀਡਰਾਂ ਦਾ ਮੋਹਨ ਲਾਲ ਨਾਲ ਗੂੜ੍ਹਾ ਵਾਹ ਵਾਸਤਾ ਸੀ। 1990 ਵਿੱਚ ਇਨ੍ਹਾਂ ਨੂੰ ਪਿੰਡ ਛੱਡ ਕੇ ਸ਼ਾਹਕੋਟ ਆਉਣਾ ਪਿਆ। ਸ਼ਹਿਰ ਆ ਕੁ ਵੱਸਣ ਦੇ ਬਾਵਜੂਦ ਖੇਤਬਾੜੀ ਦਾ ਕੰਮ ਮੱਠਾ ਨਾ ਪੈਣ ਦਿੱਤਾ। ਖੇਤੀ ਨੂੰ ਆਧੁਨਿਕ ਲੀਹਾਂ 'ਤੇ ਚਲਾਉਣ ਦੀ ਹਰ ਵਕਤ ਤਰਤੀਬ ਸੋਚਦੇ ਰਹਿੰਦੇ। ਖੇਤੀ ਖੇਤਰ ਵਿੱਚ ਸੇਠ ਪਰਵਾਰ ਨੂੰ ਅਗਾਂਹ ਵਧੂ ਆਖਿਆ ਜਾਂਦਾ ਹੈ। ਜਿਸ ਤਰੀਕੇ ਨਾਲ ਮੋਹਨ ਲਾਲ ਆਪ ਖੇਤੀ ਕਰਦੇ ਰਹੇ ਉਹੀ ਤਰੀਕਾ ਉਨ੍ਹਾਂ ਦੇ ਪੁੱਤਰਾਂ ਨੇ ਅਪਣਾਇਆ ਹੋਇਆ ਹੈ। ਪੰਜਾਬ ਵਿੱਚ ਬਹੁਤ ਘੱਟ ਹਿੰਦੂ ਪਰਵਾਰ ਹਨ ਜੋ ਹੱਥੀਂ ਖੇਤੀ ਕਰਕੇ ਇੰਨ੍ਹੇ ਖੁਸ਼ਹਾਲ ਹੋਣ। ਇੱਕ ਵਧੀਆ ਕਿਸਾਨ ਹੋਣ ਦੇ ਨਾਲ ਨਾਲ ਮੋਹਨ ਲਾਲ ਸੇਠ ਪੜ੍ਹਨ ਵਿੱਚ ਬੜੀ ਰੁਚੀ ਰੱਖਦੇ ਸਨ। ਜਿੱਥੇ ਉਹ ਖੱਬੇ ਪੱਖੀ ਅਖ਼ਬਾਰਾਂ ਦੇ ਸੰਜੀਦਾ ਪਾਠਕ ਸਨ ਉੱਥੇ ਹਿੰਦ ਸਮਾਚਾਰ ਦਾ ਇੱਕ ਇੱਕ ਅੱਖਰ ਪੜ੍ਹਦੇ ਸਨ। ਪੰਜਾਬੀ ਸਮਾਜ ਦੇ ਸੱਭਿਆਚਾਰਕ ਮੁਹਾਂਦਰੇ ਨੂੰ ਸਵਾਰਨ ਦੁਲਾਰਨ ਵਾਲੇ ਮੋਹਨ ਲਾਲ ਸੇਠ ਦੇ ਤੁਰ ਜਾਣ ਨਾਲ ਘਾਟਾ ਤਾਂ ਪਿਆ ਹੈ ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਉਹ ਆਪਣੇ ਪਿੱਛੇ ਖੂਬਸੂਰਤ ਪਰਵਾਰ ਫੁਲਵਾੜੀ ਛੱਡ ਕੇ ਗਏ ਹਨ। ਉਨ੍ਹਾਂ ਦਾ ਵੱਡਾ ਪੁੱਤਰ ਗੁਰਸੇਵਕ ਸੇਠ ਨੌਜਵਾਨ ਕਿਸਾਨ ਹੋਣ ਦੇ ਨਾਲ ਸੀ. ਪੀ. ਆਈ (ਐਮ) ਅਤੇ ਕੁਲ ਹਿੰਦ ਕਿਸਾਨ ਸਭਾ ਲਈ ਵੀ ਵਕਤ ਕੱਢਦਾ ਹੈ। ਗੁਰਸੇਵਕ ਦੇ ਦੋਵੇਂ ਬੇਟੇ ਗੁਰਿੰਦਰ ਸੇਠ ਤੇ ਗੁਰਜੀਤ ਸੇਠ ਕਨੇਡਾ ਰਹਿੰਦੇ ਹਨ। ਗੁਰਸੇਵਕ ਤੋਂ ਛੋਟਾ ਗੁਰਲਾਲ ਸੇਠ ਵਿਦੇਸ਼ ਵਿੱਚ ਸੈਟਲ ਹੈ ਅਰੁਣ ਤੇ ਕਰਿਸੀ ਉਸ ਦੇ ਬੇਟਾ ਬੇਟੀ ਹਨ। ਮੋਹਨ ਲਾਲ ਦਾ ਸਭ ਤੋਂ ਛੋਟਾ ਬੇਟਾ ਗੁਰਪਿਆਰੇ ਲਾਲ ਸੇਠ ਖੇਤੀ ਕਰਦਾ ਹੈ। ਉਸ ਦੀ ਬੇਟੀ ਗਰਿਸਮਾ ਕਨੇਡਾ ਵਿੱਚ ਹੈ ਤੇ ਬੇਟਾ ਗਿਰੀਸ ਉੱਚ ਸਿੱਖਿਆ ਯਾਫਤਾ ਹੈ। ਬਹੁਪੱਖੀ ਸ਼ਖਸੀਅਤ ਮੋਹਨ ਲਾਲ ਸੇਠ ਨਮਿਤ ਪਾਠ ਦੇ ਭੋਗ ਦੀਆਂ ਰਸਮਾਂ ਰਾਧਾ ਸਵਾਮੀ (ਆਗਰਾ) ਰੀਤਾਂ ਮੁਤਾਬਕ ਉਨ੍ਹਾਂ ਦੇ ਗ੍ਰਹਿ ਮੁਹੱਲਾ ਅਮਨ ਨਗਰ ਸਾਹਕੋਟ ਵਿੱਚ ਦੁਪਹਿਰ ਇੱਕ ਵਜੇ ਹੋਣਗੀਆਂ।

**ਗਿਆਨ ਸੈਦਪੁਰੀ**

# ਪੰਜਾਬ 'ਚ ਮਾਫੀਆ ਤੇ ਗੈਂਗਸਟਰਾਂ ਦੇ ਹੌਸਲੇ ਬੁਲੰਦ : ਸ਼ੁਭਮ ਸਹੋਤਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**-ਪੰਜਾਬ ਦੀ ਜਨਤਾ ਨਾਲ ਲੁਭਾਵਣੇ ਵਾਅਦੇ ਕਰਕੇ ਸੱਤਾ ਹਾਸਲ ਕਰਨ ਵਾਲੀ ਆਪ ਸਰਕਾਰ ਵੱਲੋਂ ਕਰੀਬ ਇਕ ਸਾਲ ਬੀਤੇ ਜਾਣ 'ਤੇ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਇਸ ਸਬੰਧੀ ਵਿਚਾਰ ਵਟਾਂਦਰਾ ਗੜਦੀਵਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਸ਼ੁਭਮ ਸਹੋਤਾ ਦੀ ਅਗਵਾਈ ਵਿੱਚ ਗੜਦੀਵਾਲਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਸਹੋਤਾ ਨੇ ਕਿਹਾ ਕਿ ਜਦੋਂ ਤੋਂ ਮਾਨ ਸਰਕਾਰ ਸੱਤਾ ਵਿੱਚ ਆਈ ਹੈ ਉਦੋਂ ਤੋਂ ਹੀ ਪੰਜਾਬ ਵਿੱਚ ਮਾਫੀਆ ਅਤੇ ਗੈਂਗਸਟਰਾਂ ਦੇ ਹੌਸਲੇ ਬੁਲੰਦ ਹੋ ਗਏ ਹਨ, ਇਹ ਲੋਕ ਦਿਨ-ਦਿਹਾੜੇ ਬੇਖੌਫ ਹੋ ਕੇ ਸਰੇਆਮ ਜਿਸ ਨੂੰ ਵੀ ਚਾਹੁਣ ਗੋਲੀ ਮਾਰ ਦਿੰਦੇ ਹਨ ਅਤੇ ਨਸ਼ਿਆਂ ਦੇ ਮਾਫੀਆ ਸੌਦਾਗਰ ਬੇਧੜਕ ਹੋ ਕੇ ਪੂਰੇ ਪੰਜਾਬ ਵਿਚ ਨਸ਼ਾ ਵੇਚ ਰਹੇ ਹਨ ਪਰ ਮਾਨ ਸਰਕਾਰ ਉਨ੍ਹਾਂ ਨੂੰ ਨੱਥ ਪਾਉਣ ਵਿਚ ਪੂਰੀ ਤਰ੍ਹਾਂ ਅਸਫਲ ਹੋ ਰਹੀ ਹੈ, ਜਿਸ ਕਾਰਨ ਪੰਜਾਬ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਭੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਰਾਜਕਾਲ ਤੋਂ ਸ਼ੁਰੂ ਹੋਇਆ ਕਿਸਾਨ ਮੋਰਚਾ ਅੱਜ ਵੀ ਸੜਕਾਂ 'ਤੇ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਵਾਸਤੇ ਸੰਘਰਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ



ਕਿ ਪੰਜਾਬ ਦੀ ਜਨਤਾ ਦਾ ਮੋਹ ਹੁਣ ਆਪ ਤੋਂ ਭੰਗ ਹੁੰਦਾ ਜਾ ਰਿਹਾ ਹੈ ਅਤੇ ਲੋਕਾਂ ਦੀ ਜ਼ੁਬਾਨ 'ਤੇ ਹੁਣ ਇਹ ਲਫ਼ਜ਼ ਆਉਣ ਲੱਗ ਪਏ ਹਨ ਕਿ ਆਪ ਅਤੇ ਕਾਂਗਰਸ ਪਾਰਟੀ ਨਾਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਚੰਗੀ ਸੀ, ਜਿਸਦੇ ਕਾਰਜਕਾਲ ਵਿੱਚ ਪਿੰਡਾਂ ਦੀਆਂ ਲਿੰਕ ਸੜਕਾਂ ਨਵੀਆਂ ਬਣਾਈਆਂ ਗਈਆਂ ਅਤੇ ਉਨ੍ਹਾਂ ਨੂੰ ਨੈਸ਼ਨਲ ਹਾਈਵੇ ਨਾਲ ਜੋੜਨ ਤੋਂ ਇਲਾਵਾ ਨੈਸ਼ਨਲ ਹਾਈਵੇਜ ਦੀ ਨੁਹਾਰ ਵੀ ਬਦਲ ਕੇ ਰੱਖ ਦਿੱਤੀ ਸੀ। ਇਸ ਮੌਕੇ ਸ਼ੈਕੀ ਕਲਿਆਣ, ਕਰਨ ਧੁੱਗਾ, ਹਰਮਿੰਦਰ ਸਿੰਘ ਸਮਰਾ,ਰਿਤਿਕ ਸਹੋਤਾ,ਬਬਲੂ ਕਠੋਰ,ਸੁਰਿੰਦਰ ਬਰੂਹੀ,ਰੋਹਿਤ, ਵਿੱਕੀ ਪਹਿਲਵਾਨ, ਲਾਡੀ ਆਦਿ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਦੇ ਪੰਜਾਬੀ ਵਿਭਾਗ ਨੇ ਵਿਸ਼ਵ ਰੰਗਮੰਚ ਦਿਵਸ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੇ ਪੰਜਾਬੀ ਵਿਭਾਗ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਵਿਸ਼ਵ ਰੰਗਮੰਚ ਦਿਵਸ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਮਨਾਇਆ ਗਿਆ। ਇਸ ਮੌਕੇ ਸੰਦੀਪ ਸਿੰਘ ਜ਼ਿਲ੍ਹਾ ਖੋਜ ਅਫਸਰ ਸ਼ਹੀਦ ਭਗਤ ਸਿੰਘ ਨਗਰ ਨੇ ਵਿਸ਼ੇਸ਼ ਤੌਰ 'ਤੇ ਹਾਜਰੀ ਭਰੀ। ਉਨ੍ਹਾਂ ਦਾ ਸਵਾਗਤ ਕਰਦਿਆਂ ਕਾਲਜ ਦੇ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਆਖਿਆ ਕਿ ਸਾਨੂੰ ਮਾਣ ਹੈ ਕਿ ਬੰਗੇ ਦਾ ਇਲਾਕਾ ਉੱਘੇ ਰੰਗਕਰਮੀਆਂ ਨਾਲ ਭਰਪੂਰ ਰਿਹਾ ਹੈ ਤੇ ਅਨੇਕਾਂ ਰੰਗਮੰਚ ਟੋਲੀਆਂ ਇਸ ਇਲਾਕੇ ਵਿੱਚ ਕਾਰਜਸ਼ੀਲ ਰਹੀਆਂ ਹਨ। ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਵਿਸ਼ਵ ਰੰਗਮੰਚ ਦਿਵਸ ਦੀ ਵਧਾਈ ਵੀ ਦਿੱਤੀ। ਪ੍ਰੋਗਰਾਮ ਦੌਰਾਨ ਡਾ. ਨਿਰਮਲਜੀਤ ਕੌਰ ਮੁਖੀ ਪੰਜਾਬੀ ਵਿਭਾਗ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜ਼ਿੰਦਗੀ ਦੇ ਰੰਗਾਂ ਨੂੰ ਮੰਚ ਤੇ ਪ੍ਰਸਤੁਤ ਕਰਨਾ ਹੀ ਅਸਲੀ ਰੰਗਮੰਚ ਹੈ। ਇਸ ਸਮੇਂ ਮੰਚ ਸੰਚਾਲਨ ਪ੍ਰੋ. ਤਜਿੰਦਰ ਸਿੰਘ ਨੇ ਬਾਖੂਬੀ ਕਰਦਿਆਂ ਰੰਗਮੰਚ ਦੇ ਪਿਛੋਕੜ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਇਸ ਮੌਕੇ ਪ੍ਰੋ. ਗੁਰਪ੍ਰੀਤ ਸਿੰਘ, ਪੂਜਾ ਰਾਣੀ, ਪ੍ਰੋ. ਹਰਪਾਲ ਕੌਰ ਤੇ ਪੰਜਾਬੀ ਸਾਹਿਤ ਸਭਾ ਦੇ ਵਿਦਿਆਰਥੀ ਹਾਜਰ ਸਨ।

# ਚੂਹੜਵਾਲੀ ਤੋਂ ਹਰਿਦੁਆਰ ਜਾਣ ਵਾਲੀ ਸ਼ੋਭਾ ਯਾਤਰਾ ਦੇ ਪ੍ਰਬੰਧ ਮੁਕੰਮਲ

**ਹੁਸ਼ਿਆਰਪੁਰ (ਓ.ਪੀ.ਰਾਣਾ)** 31 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਰਜਿ.ਚੂਹੜਵਾਲੀ (ਜਲੰਧਰ) ਤੋਂ ਆਰੰਭ ਹੋਣ ਵਾਲੀ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਵੱਖ ਵੱਖ ਕਾਰਜਾਂ ਲਈ ਡੇਰਿਆਂ ਦੇ ਸੰਤ ਮਹਾਂਪੁਰਸ਼ਾਂ ਦੀ ਦੇਖ ਰੇਖ ਹੇਠ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਨੇ ਦੱਸਿਆ ਕਿ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ ਦੀ ਅਗਵਾਈ ਹੇਠ 31 ਮਾਰਚ ਨੂੰ ਸਵੇਰੇ 8 ਵਜੇ ਚੂਹੜਵਾਲੀ ਤੋਂ ਸ਼ੋਭਾ ਯਾਤਰਾ ਆਰੰਭ ਹੋ ਕੇ ਜੰਡੂ ਸਿੰਘਾ,ਰਾਮਾ ਮੰਡੀ, ਫਗਵਾੜਾ, ਗੁਰਾਇਆਂ, ਫਿਲੌਰ, ਲੁਧਿਆਣਾ, ਖੰਨਾ, ਸਰਹੰਦ, ਰਾਜਪੁਰਾ, ਅੰਬਾਲਾ,ਯਮੁਨਾ ਨਗਰ,ਸਹਾਰਨਪੁਰ ਅਤੇ ਭਗਵਾਨ ਪੁਰ ਤੋਂ ਹੋਕੇ ਬੇਗਮਪੁਰਾ ਆਸ਼ਰਮ ਹਰਿਦੁਆਰ ਪਹੁੰਚੇਗੀ। ਉਨਾਂ ਦੱਸਿਆ ਕਿ ਪਹਿਲੀ ਅਪ੍ਰੈਲ ਨੂੰ ਹਰਿਦੁਆਰ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਹੋਵੇਗੀ ਅਤੇ ਸੰਗਤਾਂ ਗੁਰੂ ਰਵਿਦਾਸ ਘਾਟ 'ਤੇ ਇਸ਼ਨਾਨ ਕਰਨੀਆਂ ਅਤੇ 2 ਅਪ੍ਰੈਲ ਨੂੰ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਦੇ ਸਮਾਗਮ ਹੋਣਗੇ। ਇਸ ਸਮੇਂ ਸੰਤੋਸ਼ ਕੁਮਾਰੀ ਮੈਂਬਰ ਅਤੇ ਬਿਲਡਿੰਗ ਇੰਚਾਰਜ ਨੇ ਕਿਹਾ ਸ਼ੋਭਾ ਯਾਤਰਾ ਦਾ ਮੁੱਖ ਮਕਸਦ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਤੇ ਪਸਾਰ ਕਰਨਾ ਅਤੇ ਮਹਾਨ ਰਹਿਬਰ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ,ਬਾਬੂ ਕਾਂਸ਼ੀ ਰਾਮ ਦੀ ਸਮਾਜਿਕ,ਆਰਥਿਕ ਰਾਜਨੀਤਕ ਲਹਿਰ ਨੂੰ ਮਜਬੂਤ ਕਰਨਾ ਹੈ। ਉਨਾਂ ਕਿਹਾ ਸ਼ੋਭਾ ਯਾਤਰਾ ਨਾਲ "ਬੇਗਮਪੁਰਾ ਸ਼ਹਿਰ ਕੋ ਨਾਉ" ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਬਲ ਮਿਲਦਾ ਹੈ। ਇਸ ਸਮੇਂ ਪ੍ਰਸ਼ੋਤਮ ਅਹੀਰ ,ਸੋਢੀ ਖਾਨਪੁਰੀਆ ਵੀ ਹਾਜਰ ਸਨ।



# ਮੋਹਾਲੀ ਪ੍ਰੈੱਸ ਕਲੱਬ ਦੀ ਮੌਜੂਦਾ ਗਵਰਨਿੰਗ ਬਾਡੀ ਭੰਗ, ਚੋਣ 31 ਨੂੰ

**ਮੋਹਾਲੀ, (ਗੁਰਜੀਤ ਬਿੱਲਾ)**-ਮੋਹਾਲੀ ਪ੍ਰੈਸ ਕਲੱਬ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ 70 ਦੇ ਕਰੀਬ ਰੈਗੂਲਰ ਮੈਂਬਰਾਂ ਨੇ ਹਾਜ਼ਰੀ ਭਰੀ। ਇਸ ਦੌਰਾਨ ਕਲੱਬ ਦੀਆਂ ਸਲਾਨਾ ਗਤੀਵਿਧੀਆਂ ਉਤੇ ਹਾਉਸ ਨੂੰ ਜਾਣੂੰ ਕਰਵਾਇਆ ਗਿਆ। ਇਸ ਦੌਰਾਨ ਸਰਬਸੰਮਤੀ ਨਾਲ ਮੌਜੂਦਾ ਕਾਰਜਕਾਰਨੀ ਭੰਗ ਕਰਕੇ 31 ਮਾਰਚ ਨੂੰ ਕਲੱਬ ਦੀਆਂ ਚੋਣ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ਾਹੀ ਨੇ ਦੱਸਿਆ ਕਿ ਸੁਖਦੇਵ ਸਿੰਘ ਪਟਵਾਰੀ ਵਲੋਂ ਕਲੱਬ ਦੀਆਂ ਸਾਲਾਨਾ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਕਲੱਬ ਦੀ ਵਿੱਤੀ ਰਿਪੋਰਟ ਪੇਸ਼ ਕੀਤੀ ਗਈ। ਇਸ ਉਤੇ ਵਿਚਾਰ ਕਰਦਿਆਂ ਜਨਰਲ ਬਾਡੀ ਨੇ ਦੋਹਾਂ ਰਿਪੋਰਟਾਂ ਨੂੰ ਬਿਨਾਂ ਕਿਸੇ ਸੋਧ ਤੋਂ ਬਿਨਾਂ ਹੂਬਹੂ ਪਾਸ ਕਰ ਦਿੱਤਾ। ਇਸ ਮੌਕੇ ਇਕ ਮਤੇ ਰਾਹੀਂ ਜਨਰਲ ਬਾਡੀ ਮੌਜੂਦਾ ਜਨਰਲ ਬਾਡੀ ਨੂੰ ਭੰਗ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਅਗਲੀ ਗਵਰਨਿੰਗ ਬਾਡੀ ਦੀ ਸਥਾਪਤੀ ਲਈ ਚੋਣ 31 ਮਾਰਚ ਨੂੰ ਕਰਾਉਣ ਦਾ ਮਤਾ ਪਾਸ ਕੀਤਾ ਗਿਆ। ਇਸ ਮੌਕੇ ਗਵਰਨਿੰਗ ਬਾਡੀ ਦੇ ਮੈਂਬਰ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਚਾਨਾ, ਮੀਤ ਪ੍ਰਧਾਨ ਸੁਸ਼ੀਲ ਗਰਚਾ ਤੇ ਧਰਮ ਸਿੰਘ, ਕੈਸ਼ੀਅਰ ਰਾਜੀਵ ਤਨੇਜਾ, ਜੁਆਇੰਟ ਸਕੱਤਰ ਨੇਹਾ ਵਰਮਾ ਅਤੇ ਨੀਲਮ ਠਾਕੁਰ ਤੋਂ ਇਲਾਵਾ ਮੈਂਬਰ ਵੈਟਰਨ ਪੱਤਰਕਾਰ ਧਰਮਪਾਲ ਉਪਾਸਕ, ਹਰਬੰਸ ਸਿੰਘ ਬਾਗੜੀ, ਅਜੈਬ ਔਜਲਾ, ਸੁਖਵਿੰਦਰਪਾਲ ਸਿੰਘ ਮਨੌਲੀ, ਕੁਲਵਿੰਦਰ ਸਿੰਘ ਬਾਵਾ, ਪਾਲ ਸਿੰਘ ਕੰਸਾਲਾ, ਬਲਜੀਤ ਮਰਵਾਹਾ, ਵਿਜੇ ਕੁਮਾਰ, ਅਮਨਦੀਪ ਗਿੱਲ, ਕੁਲਵੰਤ ਗਿੱਲ, ਮਾਇਆ ਰਾਮ, ਜਗਤਾਰ ਸਿੰਘ, ਮੰਗਤ ਸੈਦਪੁਰ, ਅਮਰਜੀਤ ਧੀਮਾਨ, ਰਣਜੀਤ ਧਾਲੀਵਾਲ, ਐਚ.ਐਸ. ਭੱਟੀ, ਹਰਪ੍ਰੀਤ ਸੋਢੀ, ਗੁਰਨਾਮ ਸਾਗਰ, ਅਮਰਦੀਪ ਸੈਣੀ, ਦਵਿੰਦਰ ਸਿੰਘ, ਜਸਵਿੰਦਰ ਰੁਪਾਲ, ਪ੍ਰਵੇਸ਼ ਚੌਹਾਨ, ਸੁਖਵਿੰਦਰ ਸਿੰਘ, ਰਾਕੇਸ਼ ਹਮਪਾਲ, ਹਰਦੇਵ ਚੌਹਾਨ, ਵਾਸਨ ਸਿੰਘ ਗੋਰਾਇਆ, ਅਮਰਪਾਲ ਸਿੰਘ ਨੂਰਪੁਰੀ, ਰਾਜੀਵ ਸਚਦੇਵਾ, ਸੁਰਜੀਤ ਤਲਵੰਡੀ, ਕੁਲਵੰਤ ਕੋਟਲੀ, ਸਮੇਤ ਵੱਡੀ ਗਿਣਤੀ ਵਿਚ ਮੈਂਬਰ ਹਾਜ਼ਰ ਸਨ। ਮੋਹਾਲੀ ਪ੍ਰੈਸ ਕਲੱਬ ਦੀ 31 ਮਾਰਚ ਨੂੰ ਹੋਣ ਵਾਲੀ ਸਲਾਨਾ ਚੋਣ ਸਬੰਧੀ ਚੋਣ ਕਮਿਸ਼ਨ ਵਲੋਂ ਚੋਣ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਮੁੱਖ ਚੋਣ ਅਧਿਕਾਰੀ ਹਰਿੰਦਰ ਪਾਲ ਸਿੰਘ ਹੈਰੀ, ਕਿਰਪਾਲ ਸਿੰਘ ਅਤੇ ਗੁਰਮੀਤ ਸਿੰਘ ਰੰਧਾਵਾ ਨੇ ਜਾਰੀ ਸ਼ਡਿਊਲ ਵਿਚ ਦੱਸਿਆ ਕਿ 31 ਮਾਰਚ 2023 ਦੀ ਚੋਣ ਸਬੰਧੀ ਨਾਮਜ਼ਦਗੀਆਂ ਭਰਨ ਲਈ 29 ਮਾਰਚ ਨੂੰ ਸਵੇਰੇ 11.00 ਵਜੇ ਤੋਂ ਲੈ ਕੇ ਦੁਪਹਿਰ 1.00 ਵਜੇ ਤੱਕ ਦਾ ਸਮਾਂ ਰੱਖਿਆ ਗਿਆ ਹੈ ਜਦਕਿ ਨਾਮਜ਼ਦਗੀ ਵਾਪਸ ਲੈਣ ਦਾ ਸਮਾਂ 30 ਮਾਰਚ 2023 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 3.00 ਵਜੇ ਤੱਕ ਨਿਰਧਾਰਿਤ ਕੀਤਾ ਗਿਆ ਹੈ। ਨਾਮਜ਼ਦਗੀ ਫਾਰਮਾਂ ਦੀ ਪੜਤਾਲ 30 ਮਾਰਚ ਨੂੰ ਦੁਪਹਿਰ 3.00 ਵਜੇ ਤੋਂ 4.00 ਵਜੇ ਤੱਕ ਹੋਵੇਗੀ। ਚੋਣ ਪ੍ਰਕਿਰਿਆ 31 ਮਾਰਚ 2023 ਨੂੰ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਹੋਵੇਗੀ। ਇਹ ਚੋਣ ਮੋਹਾਲੀ ਪ੍ਰੈਸ ਕਲੱਬ, ਕੋਠੀ ਨੰਬਰ 384, ਫੇਜ਼-4, ਮੋਹਾਲੀ ਵਿਖੇ ਹੋਵੇਗੀ ਜਦਕਿ ਚੋਣ ਨਤੀਜੇ 31 ਮਾਰਚ 2023 ਨੂੰ ਸ਼ਾਮੀ 4.00 ਵਜੇ ਤੋਂ ਬਾਅਦ ਐਲਾਨੇ ਜਾਣਗੇ। ਜੇਕਰ ਬਿਨਾਂ ਮੁਕਾਬਲੇ ਦੌਰਾਨ ਅਹੁਦੇਦਾਰ ਚੁਣੇ ਜਾਂਦੇ ਹਨ ਤਾਂ ਇਸ ਦੇ ਨਤੀਜੇ ਦਾ ਐਲਾਨ 30 ਮਾਰਚ ਨੂੰ ਹੀ ਸ਼ਾਮ 4.00 ਵਜੇ ਤੋਂ ਬਾਅਦ ਕਰ ਦਿੱਤਾ ਜਾਵੇਗਾ। ਨਾਮਜ਼ਦਗੀਆਂ ਦੇ ਫਾਰਮ 29 ਮਾਰਚ ਨੂੰ ਸਵੇਰੇ 10.00 ਵਜੇ ਤੱਕ ਕਲੱਬ ਦੇ ਮੈਨੇਜਰ ਅਤੇ ਚੋਣ ਕਮਿਸ਼ਨ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਫਾਰਮ ਭਰਨ ਤੋਂ ਪਹਿਲਾਂ ਕਲੱਬ ਦੇ ਮੈਨੇਜਰ ਕੋਲੋਂ ਸਾਲਾਨਾ ਫੀਸ ਅਤੇ ਨੋ ਡਿਊਜ਼ ਸਰਟੀਫਿਕੇਟ ਲੈਣਾ ਜ਼ਰੂਰੀ ਹੋਵੇਗਾ ਅਤੇ ਨਾਮਜ਼ਦਗੀ ਫਾਰਮ ਜਮਾਂ ਕਰਨ ਮੌਕੇ ਬਤੌਰ 800 ਰੁਪਏ ਦੀ ਨਾ-ਮੋੜਨਯੋਗ ਰਾਸ਼ੀ ਬਤੌਰ ਫੀਸ ਲਈ ਜਾਵੇਗੀ। ਚੋਣ ਕਮਿਸ਼ਨ ਨੇ ਇਹ ਵੀ ਦੱਸਿਆ ਕਿ ਵੋਟ ਪਾਉਣ ਦੇ ਅਧਿਕਾਰ ਲਈ ਕਲੱਬ ਦੇ ਮੈਂਬਰਾਂ ਨੂੰ ਆਪਣੇ ਬਣਦੇ ਸਾਰੇ ਬਕਾਏ 29 ਮਾਰਚ ਨੂੰ ਸਵੇਰੇ 10.00 ਵਜੇ ਤੱਕ ਕਲੀਅਰ ਕਰਨੇ ਹੋਣਗੇ। ਪ੍ਰੈਸ ਕਲੱਬ ਦੀ ਚੋਣ ਲੜਨ ਵਾਲਾ ਉਮੀਦਵਾਰ ਦੂਸਰੇ ਚੋਣ ਲੜਨ ਵਾਲੇ ਉਮੀਦਵਾਰ ਦਾ ਨਾਂਅ ਪ੍ਰੋਪੋਜ਼ ਭਾਵ ਆਪਸ ਦੇ ਵਿਚ ਇਕ-ਦੂਜੇ ਦਾ ਨਹੀਂ ਕਰ ਸਕੇਗਾ। ਕਲੱਬ ਦਾ ਯੋਗ ਮੈਂਬਰ ਕੇਵਲ ਇਕ ਹੀ ਉਮੀਦਵਾਰ ਦਾ ਨਾਂਅ ਪ੍ਰੋਪੋਜ਼ ਕਰ ਸਕੇਗਾ।



# ਬੰਗਾ ਨਗਰ ਕੌਂਸਲ ਵੱਲੋਂ 10.79 ਕਰੋੜ ਦਾ ਸਾਲਾਨਾ ਬਜਟ ਪਾਸ

**ਬਹਿਰਾਮ (ਅਵਤਾਰ ਕਲੇਰ)** ਬੰਗਾ ਨਗਰ ਕੌਂਸਲ ਦੇ ਸਾਲਾਨਾ ਬਜਟ 2023-24 ਸਬੰਧੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਕੌਂਸਲਰ ਅਨੀਤਾ ਖੋਸਲਾ ਨੂੰ ਪ੍ਰਧਾਨਗੀ ਲਈ ਚੁਣਿਆ ਗਿਆ। ਵਰਨਣਯੋਗ ਹੈ ਕਿ 2 ਸਾਲ ਬੀਤ ਜਾਣ ਤੋਂ ਬਾਅਦ ਵੀ ਨਗਰ ਕੌਂਸਲ ਬੰਗਾ ਵਿੱਚ ਚੇਅਰਮੈਨ ਦੀ ਨਿਯੁਕਤੀ ਨਹੀਂ ਕੀਤੀ ਗਈ, ਜਿਸ ਕਾਰਨ ਹਰ ਮੀਟਿੰਗ ਵਿੱਚ ਕਿਸੇ ਨਾ ਕਿਸੇ ਨੂੰ ਚੇਅਰਮੈਨ ਦਾ ਅਹੁਦਾ ਦੇ ਕੇ ਸ਼ਹਿਰ ਦੇ ਵਿਕਾਸ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਰੀਆਂ ਪਾਰਟੀਆਂ ਵਿੱਚ 5-5 ਕੌਂਸਲਰ ਹੋਣ ਕਾਰਨ ਪ੍ਰਧਾਨ ਦੀ ਚੋਣ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਮੀਟਿੰਗ ਵਿੱਚ ਲੇਖਾਕਾਰ ਜਸਵੰਤ ਕੁਮਾਰ ਨੇ ਬਿਲਡਿੰਗ ਕੰਸਟਰੱਕਸ਼ਨ ਫੰਡ, ਹਾਊਸ ਟੈਕਸ, ਲਾਇਸੈਂਸ ਫੀਸ, ਪ੍ਰਾਪਰਟੀ ਰੈਂਟ ਦੇ ਸਬੰਧ ਵਿੱਚ ਬਜਟ ਪੜ੍ਹਿਆ ਅਤੇ ਪੇਸ਼ ਕੀਤਾ। ਪਿਛਲੇ ਸਾਲ ਦੀ ਆਮਦਨ ਅਤੇ ਆਉਣ ਵਾਲੇ ਸਾਲ 2023-24 ਦੀ ਆਮਦਨ ਵਿੱਚ ਵਾਧੇ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਦਫਤਰੀ ਖਰਚੇ, ਟੈਲੀਫੋਨ ਬਿੱਲ, ਬਿਜਲੀ ਬਿੱਲ, ਤਨਖਾਹ ਆਦਿ ਸਬੰਧੀ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਕਾਰਜਸਾਧਕ ਅਫਸਰ ਸੁਖਦੇਵ ਸਿੰਘ ਏ.ਐਮ.ਹਰਪ੍ਰੀਤ ਸਿੰਘ, ਐਸ.ਓ ਵਿਜੇ ਵਰਮਾ, ਲੇਖਾਕਾਰ ਜਸਵੰਤ ਕੁਮਾਰ, ਰਾਜਿੰਦਰ ਕੌਰ, ਕੌਂਸਲਰ ਜਤਿੰਦਰ ਕੌਰ ਮੁੰਗਾ, ਕੀਮਤੀ ਸੱਦੀ, ਹਿੰਮਤ ਤੇਜਪਾਲ, ਮੋਨਿਕਾ ਵਾਲੀਆ, ਮਨਜਿੰਦਰ ਮੋਹਨ ਬੌਬੀ, ਰਸਪਾਲ ਕੌਰ, ਜੀਤ ਸਿੰਘ ਭਾਟੀਆ ਨੇ ਸਾਲਾਨਾ ਬਜਟ ਪਾਸ ਕੀਤਾ। ਗਿਆ। ਇਸ ਮੌਕੇ ਨਰਿੰਦਰ ਰਿਤੂ, ਸੁਰਿੰਦਰ ਕੁਮਾਰ ਘਈ, ਜਸਵਿੰਦਰ ਸਿੰਘ ਮਾਨ, ਪਲਵਿੰਦਰ ਕੌਰ, ਮੀਨੂੰ ਅਰੋੜਾ, ਬੰਦਨਾ, ਸਰਬਜੀਤ ਸਾਬੀ ਅਤੇ ਅਨੀਤਾ ਖੋਸਲਾ ਆਦਿ ਹਾਜ਼ਰ ਸਨ।



# ਅਮਨਦੀਪ ਕੌਰ ਢਿੱਲੋਂ ਨੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



**ਟਾਂਡਾ ਉੜਮੁੜ, ( ਓਂਕਾਰ ਸਿੰਘ ਜਸਵਿੰਦਰ ਸੰਧੂ )** ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਟਰਨੈਸ਼ਨਲ ਸਕੂਲ ਟਾਂਡਾ ਵਿਖੇ ਮੈਡਮ ਅਮਨਦੀਪ ਕੌਰ ਢਿੱਲੋਂ ਨੇ ਸਕੂਲ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ,ਮੈਨੇਜਰ ਸਰਬਜੀਤ ਸਿੰਘ ਮੋਮੀ, ਮੈਂਬਰ ਅਮਨਦੀਪ ਸਿੰਘ ਸਾਹੀ, ਜਰਨਲ ਸੈਕਟਰੀ ਜਗਦੀਪ ਸਿੰਘ ਜੋਗੀ, ਮੈਡਮ ਦਲਜਿੰਦਰ ਕੌਰ, ਮੈਡਮ ਲਵਲੀ ਸੈਣੀ ਤੇ ਹੋਰ ਸਟਾਫ ਮੈਂਬਰਾਂ ਦੀ ਹਾਜਰੀ ਵਿੱਚ ਅਹੁਦਾ ਸੰਭਾਲਣ ਸਮੇਂ ਕਿਹਾ ਉਹ ਸਕੂਲ ਦੀ ਬੇਹਤਰੀ ਲਈ ਬਤੌਰ ਪ੍ਰਿੰਸੀਪਲ ਪੂਰੀ ਲਗਨ ਮਿਹਨਤ ਨਾਲ ਕੰਮ ਕਰਨਗੇ। ਇਸ ਤੋਂ ਪਹਿਲਾਂ ਸਮੂਹ ਸਕੂਲ ਸਟਾਫ ਮੈਂਬਰਾਂ ਵੱਲੋਂ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਦਾ ਵਿਸ਼ੇਸ਼ ਸਨਮਾਨ ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਰੇਨੂੰ ਸ਼ਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਕਸਮੀਰ ਕੌਰ, ਜਸਲੀਨ ਕੌਰ, ਰਾਜਵੀਰ ਕੌਰ, ਸੀਮਾ ਜਾਜਾ, ਮੈਡਮ ਪਿੰਕੀ, ਰਜਨੀ ਸੈਣੀ, ਮੈਡਮ ਪਾਇਲ, ਮੈਡਮ ਤੇਜਿੰਦਰ ਕੌਰ, ਰਜਿੰਦਰ ਕੌਰ, ਨਵਪ੍ਰੀਤ ਕੌਰ, ਬਲਜੀਤ ਕੌਰ, ਹਰਦੀਪ ਕੌਰ, ਰਾਜਵਿੰਦਰ ਕੌਰ ਆਦਿ ਵੀ ਮੌਜੂਦ ਸਨ।

# ਬਿਲਗਾ ਤੇ ਲੋਹੀਆਂ ਖਾਸ ਦੇ ਸੁੰਦਰੀਕਰਨ ਲਈ 6.64 ਕਰੋੜ ਰੁਪਏ ਖਰਚੇ ਜਾਣਗੇ : ਡਾ. ਨਿੱਜਰ

**ਜਲੰਧਰ, (ਸ਼ੈਲੀ ਐਲਬਰਟ)**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਨ ਮੁਹੱਈਆ ਕਰਵਾਉਣ ਲਈ ਪੂਰੀ ਵਾਹ ਲਾ ਰਹੀ ਹੈ। ਇਸ ਦੇ ਤਹਿਤ, ਸੁੰਦਰੀਕਰਨ ਅਤੇ ਬੁਨਿਆਦੀ ਢਾਂਚੇ ਦੇ ਸੁਧਾਰ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਰਾਜ ਭਰ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਜਲੰਧਰ ਦੀ ਨਗਰ ਪੰਚਾਇਤ ਬਿਲਗਾ ਅਤੇ ਲੋਹੀਆਂ ਖਾਸ ਦੇ ਸੁੰਦਰੀਕਰਨ ਲਈ ਵਿਕਾਸ ਕਾਰਜਾਂ 'ਤੇ ਲਗਭਗ 6.64 ਕਰੋੜ ਰੁਪਏ ਖਰਚਣ ਦਾ ਫੈਸਲਾ ਕੀਤਾ ਹੈ। ਨਿੱਜਰ ਨੇ ਦੱਸਿਆ ਕਿ ਤਲਵਣ ਰੋਡ ਤੋਂ ਅਕਾਲ ਅਕੈਡਮੀ ਸਕੂਲ, ਸਾਮਪੁਰ ਰੋਡ ਤੋਂ ਡੇਰਾ ਅਮਰਜੀਤ ਸਿੰਘ ਜੀ ਤੱਕ ਅਤੇ ਸ਼ਾਮਪੁਰ ਤੋਂ ਇੰਡੀਅਨ ਗੈਸ ਏਜੰਸੀ ਗੋਦਾਮ ਤੱਕ ਇੰਟਰਲਾਕਿੰਗ ਟਾਈਲਾਂ ਲਗਵਾਉਣ ਅਤੇ ਵਿਛਾਉਣ 'ਤੇ ਲਗਭਗ 92 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਨਗਰ ਪੰਚਾਇਤ ਬਿਲਗਾ ਵਿਖੇ ਹੋਰ ਵੱਖ-ਵੱਖ ਥਾਵਾਂ 'ਤੇ ਵੀ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਕੀਤਾ ਜਾਵੇਗਾ। ਇਸ ਤੋਂ ਇਲਾਵਾ ਨਗਰ ਪੰਚਾਇਤ ਬਿਲਗਾ ਦੇ ਵੱਖ-ਵੱਖ ਛੱਪੜਾਂ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਲਈ ਵੀ ਲਗਭਗ 2.66 ਕਰੋੜ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਨਗਰ ਪੰਚਾਇਤ ਬਿਲਗਾ ਦੀਆਂ ਵੱਖ-ਵੱਖ ਗਲੀਆਂ ਅਤੇ ਸੜਕਾਂ 'ਤੇ ਵੱਖ-ਵੱਖ ਪਾਰਕਾਂ ਦੇ ਸੁੰਦਰੀਕਰਨ, ਸੀ.ਸੀ.ਟੀ.ਵੀ. ਕੈਮਰੇ ਅਤੇ ਸਟਰੀਟ ਲਾਈਟਾਂ ਲਗਾਉਣ ਲਈ ਲਗਭਗ 1.45 ਕਰੋੜ ਰੁਪਏ ਖਰਚ ਕੀਤੇ ਜਾਣਗੇ। ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਨਗਰ ਪੰਚਾਇਤ ਲੋਹੀਆਂ ਖਾਸ ਵਿਖੇ 1.61 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਛੱਪੜਾਂ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਦਾ ਕੰਮ ਵੀ ਕੀਤਾ ਜਾਵੇਗਾ। ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਅਜਿਹੇ ਉਪਰਾਲੇ ਇਸ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਸਹਾਈ ਹੋਣਗੇ।



# ਕਾਂਗਰਸ ਨੂੰ ਝਟਕਾ, ਸਾਬਕਾ ਮੈਂਬਰ ਪੀ ਪੀ ਸੀ ਸੀ ਨੇ ਫੜਿਆ ਕਮਲ



**ਜਲੰਧਰ (ਸ਼ੈਲੀ ਐਲਬਰਟ)** ਜਲੰਧਰ ਦਿਹਾਤੀ ਦੇ ਦਿੱਗਜ ਕਾਂਗਰਸੀ ਆਗੂ ਆਪਣੇ ਸਮਰਥਕਾਂ ਸਮੇਤ ਭਾਜਪਾ ਪਰਵਾਰ ਵਿੱਚ ਸ਼ਾਮਲ ਹੋ ਗਏ। ਭਾਜਪਾ ਦਿਹਾਤੀ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਪਵਾਰ ਦੀ ਅਗਵਾਈ ਹੇਠ ਉਲੀਕੇ ਸਮਾਗਮ ਦੌਰਾਨ ਇਹਨਾਂ ਨੂੰ ਭਾਜਪਾ ਪਰਵਾਰ ਦੀ ਮੁੱਢਲੀ ਮੈਂਬਰਸ਼ਿਪ ਦਵਾਈ ਗਈ ਅਤੇ ਪਾਰਟੀ ਦਾ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਸੰਗਠਨ ਮਹਾਂਮੰਤਰੀ ਸ਼੍ਰੀਮੰਥਰੀ ਸ਼੍ਰੀਨਿਵਾਸੁਲੂ, ਜਨਰਲ ਸਕੱਤਰ ਜੀਵਨ ਗੁਪਤਾ, ਰਾਜੇਸ਼ ਬਾਘਾ ਅਤੇ ਸੇਠ ਸੱਤ ਪਾਲ ਮੱਲ ਆਦਿ ਹਾਜ਼ਰ ਹੋਏ। ਰਾਜੇਸ਼ ਬਾਘਾ ਨੇ ਦੱਸਿਆ ਕਿ ਸਾਬਕਾ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਕਾਂਗਰਸ ਸੈਕਟਰੀ ਬਲਾਕ ਆਦਮਪੁਰ ਸੁਖਬੀਰ ਸਿੰਘ ਕੁੱਕੀ (ਮਿਨਹਾਸ) ਆਪਣੇ ਸਮਰਥਕਾਂ ਸਮੇਤ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਏ ਹਨ। ਇਹ ਸਭ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਯੋਗ ਅਗਵਾਈ ਅਤੇ ਕੇਂਦਰ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ 'ਤੋਂ ਪ੍ਰਭਾਵਿਤ ਹੋ ਕੇ ਭਾਜਪਾ ਪਰਵਾਰ 'ਚ ਸ਼ਾਮਿਲ ਹੋਏ ਹਨ। ਇਸ ਮੌਕੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਅਮਰੀ, ਕਾਰਜਕਾਰਨੀ ਮੈਂਬਰ ਅਰੁਨ ਸ਼ਰਮਾ, ਰਾਜੀਵ ਪਾਂਜਾ, ਚੰਦਰ ਸ਼ੇਖਰ ਚੌਹਾਨ, ਜਨਰਲ ਸੈਕਟਰੀ ਮਨਮੀਤ ਸਿੰਘ ਵਿੱਕੀ ਅਤੇ ਮੰਡਲ ਪ੍ਰਧਾਨ ਰਜੀਵ ਸਿੰਗਲਾ, ਨਿੰਦੀ ਤਿਵਾੜੀ, ਬਿਕਰਮ ਵਿੱਕੀ ਆਦਿ ਵੀ ਹਾਜ਼ਰ ਸਨ।

# ਬੇਲਾ ਕਾਲਜ ਵਿਖੇ ਮਨਾਇਆ ਵਿਸ਼ਵ ਰੰਗਮੰਚ ਦਿਵਸ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ, ਕੁਲਵਿੰਦਰ ਕਾਲਾ)** -ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਵਿਖੇ ਵਿਸ਼ਵ ਰੰਗਮੰਚ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਬੀਬੀ ਸ਼ਰਨ ਕੌਰ ਯਾਦਗਾਰੀ ਆਡੀਟੋਰੀਅਮ ਵਿੱਚ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਦੀ ਜੀਵਨੀ ਤੇ ਆਧਾਰਿਤ ਨਾਟਕ "ਰਾਹਾਂ ਵਿੱਚ ਅੰਗਿਆਰ ਬੜੇ ਸੀ" ਦੀ ਬੇਮਿਸਾਲ ਖੂਬਸੂਰਤ ਪੇਸ਼ਕਾਰੀ ਕਰਵਾਈ ਗਈ। ਇਹ ਪੇਸ਼ਕਾਰੀ 'ਅਕਸ ਰੰਗਮੰਚ' ਸਮਰਾਲਾ ਦੇ ਮੁੱਖ ਲੇਖਕ ਅਤੇ ਨਿਰਦੇਸ਼ਕ ਰਾਜਵਿੰਦਰ ਸਮਰਾਲ਼ਾ ਦੀ ਅਗਵਾਈ ਅਧੀਨ ਅਦਾਕਾਰਾ ਕਮਲਜੀਤ ਵੱਲੋਂ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਸਤਵੰਤ ਕੌਰ ਸ਼ਾਹੀ ਨੇ 'ਅਕਸ ਰੰਗਮੰਚ' ਸਮਰਾਲ਼ਾ ਦੀ ਸਮੁੱਚੀ ਟੀਮ ਦਾ ਸਵਾਗਤ ਕਰਦਿਆਂ ਸਮੁੱਚੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਿਸ਼ਵ ਰੰਗਮੰਚ ਦਿਵਸ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਨੇ ਰੰਗਮੰਚ ਅਤੇ ਇਸ ਦੀ ਅਜੋਕੀ ਜ਼ਿੰਦਗੀ ਵਿੱਚ ਮਹੱਹਤਾ ਤੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਰਾਜਵਿੰਦਰ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਉਹਨਾਂ ਨੂੰ ਵਿਸ਼ਵ ਰੰਗਮੰਚ ਦੇ 40 ਸਾਲਾਂ ਦੇ ਇਤਿਹਾਸ ਤੇ ਸੰਖੇਪ ਚਾਨਣਾ ਪਾਉਂਦਿਆਂ, ਭਾਰਤ ਵਿੱਚ ਨੌਰਾ ਰਿਚਰਡਜ਼ ਦੀ ਰੰਗਮੰਚ ਉਤਪੱਤੀ ਵਿੱਚ ਨਿਭਾਈ ਜ਼ਿਕਰਯੋਗ ਭੂਮਿਕਾ ਅਤੇ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਦੀ ਜੀਵਨੀ ਨੂੰ ਮੌਜੂਦਾ ਪੀੜ੍ਹੀ ਦੇ ਸਨਮੁੱਖ ਕਰਨ ਦੇ ਉਦੇਸ਼ 'ਤੇ ਚਾਨਣਾ ਪਾਇਆ। ਉਹਨਾਂ ਨੇ ਬਹੁ-ਪਾਤਰੀ ਅਤੇ ਇੱਕ-ਪਾਤਰੀ ਨਾਟਕਾਂ ਦੇ ਸਰੂਪ ਅਤੇ ਇਹਨਾਂ ਦੇ ਦਰਪੇਸ਼ ਚੁਣੌਤੀਆਂ ਸਬੰਧੀ ਚਰਚਾ ਕੀਤੀ। ਨਾਟਕ ਦੀ ਪੇਸ਼ਕਾਰੀ ਵਿੱਚ ਅਦਾਕਾਰਾ ਕਮਲਜੀਤ ਨੇ ਇਸ ਇੱਕ-ਪਾਤਰੀ ਨਾਟਕ ਨੂੰ ਬੇਹੱਦ ਸੰਜ਼ੀਦਗੀ, ਸੂਖਮਤਾ ਅਤੇ ਸਮਰੱਥ ਰੂਪ ਵਿੱਚ ਨਿਭਾਇਆ। ਇਹ ਨਾਟਕ ਵਿਦਿਆਰਥੀਆਂ ਦੇ ਦਿਲਾਂ ਵਿੱਚ ਅਮਿੱਟ ਪੈੜਾਂ ਛੱਡਦਾ ਮਨੁੱਖੀ ਬਰਾਬਰਤਾ ਦੇ ਹੱਕਾਂ ਦਾ ਸੁਨੇਹਾ ਦਿੰਦਾ ਯਾਦਗਾਰੀ ਹੋ ਨਿੱਬੜਿਆ। ਨਾਟਕ ਤੋਂ ਉਪਰੰਤ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ, ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਅਤੇ ਫਾਰਮੇਸੀ ਕਾਲਜ ਦੇ ਡਾਇਰੈਕਟਰ/ਪ੍ਰਿੰਸੀਪਲ ਡਾ.ਸ਼ੈਲੇਸ਼ ਸ਼ਰਮਾ ਨੇ ਸਮੁੱਚੀ ਟੀਮ ਦਾ ਸਨਮਾਨ ਕੀਤਾ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਡਾ.ਮਮਤਾ ਅਰੋੜਾ ਵੱਲੋਂ ਨਿਭਾਈ ਗਈ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

# ਵਿਦਿਆਰਥਣਾਂ ਨੂੰ ਸਾਈਕਲ, ਸਕੂਲ ਬੈਗ ਤੇ ਹੋਰ ਸਮਗਰੀ ਭੇਟ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ )**- ਡਾ.ਅਮੀਰ ਸਿੰਘ ਕਾਲਕਟ ਯਾਦਗਾਰੀ ਸਰਕਾਰੀ ਸੀਨੀਅਰ ਸਕੈਡਰੀ ਸਕੂਲ (ਲੜਕੀਆਂ) ਟਾਂਡਾ ਵਿਖੇ ਹੋਏ ਇਸ ਸਮਾਗਮ ਦੌਰਾਨ ਟਾਟਾ ਗਰੁੱਪ ਆਫ ਇੰਡਸਟਰੀ ਵੱਲੋਂ ਸਮਾਜ ਸੇਵੀ ਸੰਸਥਾ ਇੰਡੋ ਗਲੋਬਲ ਸੋਸ਼ਲ ਸੋਸਾਇਟੀ (ਆਈ.ਜੀ.ਐਸ.ਐਸ) ਲੁਧਿਆਣਾ ਦੇ ਸਹਿਯੋਗ ਨਾਲ ਵਿਦਿਆਰਥਣਾਂ ਨੂੰ ਬਾਈਸਾਈਕਲ, ਸਕੂਲ ਬੈਗ , ਸਕੂਲ ਵਾਸਤੇ ਬੈਂਚ, ਆਰ.ਓ ਸਿਸਟਮ ਅਤੇ ਮਿਡ ਡੇ ਮੀਲ ਨਾਲ ਸਬੰਧਤ ਸਮੱਗਰੀ ਭੇਟ ਕੀਤੀ ਗਈ। ਪ੍ਰਿੰਸੀਪਲ ਹਰਦੀਪ ਸਿੰਘ ਦੀ ਅਗਵਾਈ ਵਿਚ ਵਿਸ਼ੇਸ਼ ਸਮਾਗਮ ਦੌਰਾਨ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਕੇ ਸਕੂਲ ਦੀਆਂ ਕੁਲ 122 ਵਿਦਿਆਰਥਣਾਂ ਨੂੰ ਸਾਈਕਲ ਤੇ ਸਕੂਲ ਬੈਗ ਭੇਟ ਕਰਨ ਤੋਂ ਇਲਾਵਾ ਸਕੂਲ ਬੈਂਚ ਤੇ ਆਰ. ਓ ਸਿਸਟਮ ਸਕੂਲ ਪ੍ਰਬੰਧਕਾਂ ਨੂੰ ਸੌਂਪਿਆ।

ਵਾਇਸ ਪ੍ਰਿੰਸੀਪਲ ਪਲਵਿੰਦਰ ਕੌਰ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਸਿਟੀ ਪ੍ਰਧਾਨ ਜਗਜੀਵਨ ਜੱਗੀ,ਪ੍ਰੇਮ ਪਡਵਾਲ, ਲੇਖ ਰਾਜ ਅਹੀਆਪੁਰ, ਇੰਦਰ ਕੁਮਾਰ ਸਾਹਨੀ ਡਾਇਰੈਕਟਰ ਸੈਂਟ ਸੋਲਜਰ ਸਕੂਲ ਟਾਂਡਾ, ਗੁਰਦੀਪ ਸਿੰਘ ਹੈਪੀ, ਮੋਹਨ ਇੰਦਰ ਸਿੰਘ ਸੰਘਾ, ਅਤਵਾਰ ਸਿੰਘ, ਨਵਨੀਤ ਕੌਰ, ਸੰਦੀਪ ਕੌਰ, ਜਗਤਾਰ ਸਿੰਘ, ਸਸੀ ਬਾਲਾ, ਸੁਖਵਿੰਦਰ ਕੌਰ, ਕਮਲਜੀਤ ਕੌਰ, ਰਿਤੂ ਵਾਲੀਆ, ਨਵਜੋਤ ਕੌਰ ,ਸਨੇਹ ਲਤਾ, ਕਮਲੇਸ਼ ਰਾਣੀ, ਨੀਰੂ ਸਰਮਾ, ਮਿੰਨੀ ਸਰਮਾ, ਰਾਜ ਕੁਮਾਰ , ਮੈਡਮ ਕਵਿਤਾ ਮਹਿਦਰੂ, ਮਨਜੀਤ ਕੌਰ , ਹੀਰਾਪੁਰੀ,ਇੰਦਰਜੀਤ ਕੌਰ, ਜਗਦੀਪ ਕੌਰ, ਸਰਬਜੀਤ ਕੌਰ ਗੁਰਜੀਤ ਕੌਰ, ਸਵਿੰਦਰ ਕੌਰ, ਸੁਰਿੰਦਰ ਭਾਟੀਆ, ਬਲਜੀਤ ਸੈਣੀ, ਸੌਰਵ ਮਦਾਨ, ਗੋਲਡੀ ਵਰਮਾ, ਜਸਪ੍ਰੀਤ ਕੌਰ ਆਦਿ ਵੀ ਮੌਜੂਦ ਸਨ।

